ਐਕਸ਼ਨ ਕਮੇਟੀ ਦੇ ਆਗੂਆਂ ਨੇ ਪੰਜਾਬ ਸਰਕਾਰ ਦੇ ਵਿੱਤੀ ਦੁਰਪ੍ਰਬੰਧ ਕਾਰਨ ਸਰਕਾਰੀ ਤੇ ਅਰਧ ਸਰਕਾਰੀ ਅਦਾਰਿਆਂ ਦੀਆਂ ਜਮੀਨਾਂ ਵੇਚਣ ਦੀਆਂ ਆ ਰਹੀਆਂ ਖਬਰਾਂ ਵੀ ਅੱਤ ਨਿੰਦਣਯੋਗ ਵਰਤਾਰਾ ਹੈ। ਪੀ.ਆਰ.ਟੀ.ਸੀ ਪਟਿਆਲਾ ਦਾ ਪੁਰਾਣਾ ਬਸ ਸਟੈਂਡ ਵੇਚਣ ਦੀ ਅੱਜ ਦੇ ਟ੍ਰਿਬਿਊਨ ਵਿੱਚ ਛਪੀ ਖਬਰ ਬੇਹੱਦ ਨਿੰਦਣਯੋਗ ਹੈ। ਪੀ.ਆਰ.ਟੀ.ਸੀ ਦੇ ਅਣਖੀਲੇ ਕਰਮਚਾਰੀ ਅਤੇ ਸੇਵਾ ਮੁਕਤ ਪੈਨਸ਼ਨਰ ਅਜਿਹੀ ਕੋਸ਼ਿਸ਼ ਹਰਗਿਜ਼ ਸਫਲ ਨਹੀਂ ਹੋਣ ਦੇਣਗੇ। ਐਕਸ਼ਨ ਕਮੇਟੀ ਨੇ ਐਲਾਨ ਕੀਤਾ ਕਿ ਜੇਕਰ ਅੱਜ ਦੇ ਜਬਰਦਸਤ ਰੋਸ ਅਤੇ ਵਰਕਰਾਂ ਦੀਆਂ ਮਾਲੀ ਮੁਸ਼ਕਲਾਂ ਨੂੰ ਸਾਹਮਣੇ ਰੱਖਦੇ ਹੋਏ ਬਿਨਾਂ ਦੇਰੀ ਕੋਈ ਹੱਲ ਨਾ ਕੀਤਾ ਤਾਂ 19 ਅਕਤੂਬਰ 2025 ਨੂੰ ਪਟਿਆਲਾ ਵਿਖੇ ਦੁਖਨਿਵਾਰਣ ਗੁਰਦੁਆਰਾ ਦੇ ਨੇੜੇ ਰਜਬਾਹਾ ਰੋਡ ਤੇ ਸਥਿਤ ਚੇਅਰਮੈਨ ਦੀ ਸਰਕਾਰੀ ਕੋਠੀ ਦਾ ਘਿਰਾਉ ਕਰਕੇ ਮੰਗ ਕੀਤੀ ਜਾਵੇਗੀ ਕਿ ਵਰਕਰਾਂ ਦੀ ਤਨਖਾਹ ਅਤੇ ਪੈਨਸ਼ਨ ਦਾ ਭੁਗਤਾਨ ਤੁਰੰਤ ਕੀਤਾ ਜਾਵੇ ਅਤੇ ਸੰਘਰਸ਼ ਦੀ ਨਿਰੰਤਰਤਾ ਵਿੱਚ ਹੋਰ ਮੰਗਾਂ ਜਿਵੇਂ ਕਿ ਹਾਈਕੋਰਟ ਦੇ 3 ਸਤੰਬਰ ਨੂੰ ਦਿੱਤੇ ਫੈਸਲੇ ਅਨੁਸਾਰ ਕੰਟਰੈਕਟ ਵਰਕਰਾਂ ਨੂੰ ਪੱਕਾ ਕਰਨਾ, ਕੋਰਟ ਦੇ ਫੈਸਲੇ ਅਨੁਸਾਰ ਹੀ 8240 ਨੰਬਰ ਦੀ ਰਿੱਟ ਅਨੁਸਾਰ ਵਰਕਰਾਂ ਨੂੰ ਪੈਨਸ਼ਨ ਦਾ ਹੱਕਦਾਰ ਬਣਾਉਣਾ। ਆਪਣੀ ਮਲਕੀ ਵਾਲੀਆਂ 400 ਨਵੀਆਂ ਬੱਸਾਂ ਪਾਉਣੀਆਂ, ਨਵੇਂ ਸਿੱਧੇ ਟੀ.ਏ ਲੂ ਲਾਗੂ ਕਰਨਾ। ਪੰਜਾਬ ਸਰਕਾਰ ਤੋਂ ਮੁਫਤ ਸਫਰ ਦੇ 500 ਕਰੋੜ ਰੁਪਏ ਵਸੂਲ ਕਰਨਾ ਅਤੇ ਪੇ-ਕਮਿਸ਼ਨ ਅਤੇ ਹੋਰ ਵਿੱਤੀ ਬਕਾਇਆ ਦੀ 150 ਕਰੋੜ ਰੁਪਏ ਦੀ ਅਦਾਇਗੀ ਕਰਨਾ ਆਦਿ ਮੁੱਦਿਆਂ ਨੂੰ ਲੈ ਕੇ ਭਵਿੱਖੀ ਸੰਘਰਸ਼ ਤਿੱਖੇ ਰੂਪ ਵਿੱਚ ਸ਼ੁਰੂ ਕੀਤੇ ਜਾਣਗੇ।

# ਪਟਿਆਲਾ ਵਿਚ ਪ੍ਰਦੂਸ਼ਣ ਕਾਰਨ ਹਸਪਤਾਲਾਂ ਵਿਚ ਮਰੀਜ਼ਾਂ ਦੀਆਂ ਲਾਈਨਾਂ ਵਧੀਆਂ



**ਪਟਿਆਲਾ, 19 ਅਕਤੂਬਰ**
**ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹੇ ਵਿਚ ਦੀਵਾਲੀ ਤੋਂ ਪਹਿਲਾਂ ਹੀ ਪ੍ਰਦੂਸ਼ਣ ਵੱਧ ਗਿਆ ਹੈ, ਜਿਸ ਕਰਕੇ ਰਾਜਿੰਦਰਾ ਹਸਪਤਾਲ, ਮਾਤਾ ਕੁਸ਼ੱਲਿਆ ਹਸਪਤਾਲ ਤੇ ਕਈ ਨਿੱਜੀ ਹਸਪਤਾਲਾਂ ਵਿਚ ਦੀ ਓਪੀਡੀ ਵਿਚ ਮਰੀਜ਼ਾਂ ਦੀ ਗਿਣਤੀ 30-32 ਫ਼ੀਸਦੀ ਵੱਧ ਗਈ ਹੈ, ਦੂਜੇ ਪਾਸੇ ਪਟਿਆਲਾ ਦੇ ਪ੍ਰਸ਼ਾਸਨ ਵੱਲੋਂ ਪਰਾਲੀ ਨਾ ਸਾੜਨ ਵਾਲੇ ਕਿਸਾਨਾਂ ਨੂੰ ਸਨਮਾਨਿਤ ਕੀਤਾ ਹੈ। ਜਦ ਕਿ ਹੁਣ ਤੱਕ 11 ਕਿਸਾਨਾਂ ਨੇ ਪਰਾਲੀ ਸਾੜੀ ਹੈ, ਭਾਵੇਂ ਕਿ ਪਿਛਲੇ ਸਾਲ ਨਾਲੋਂ ਪਰਾਲੀ ਸਾੜਨ ਦੀਆਂ ਘਟਨਾਵਾਂ ਘੱਟ ਵਾਪਰੀਆਂ ਹਨ।

ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀਪੀਸੀਬੀ) ਦੇ ਅੰਕੜਿਆਂ ਅਨੁਸਾਰ ਪਰਾਲੀ ਸਾੜਨ ਅਤੇ ਸੜਕਾਂ ਤੋਂ ਉਡਦੀ ਧੂੜ ਤੇ ਮਿੱਟੀ ਕਾਰਨ ਜ਼ਿਲ੍ਹੇ ਦਾ ਏਅਰ ਕੁਆਲਿਟੀ ਇੰਡੈਕਸ (ਏਕਿਊਆਈ) 2.5-129 ਹੈ ਅਤੇ ਪਾਰਟੀਕੁਲੇਟ ਮੈਟਰ (ਪੀਐਮ) 10-145 ਤੱਕ ਪਹੁੰਚਿਆ ਹੈ, ਹੁਣ ਤੱਕ ਇਹ ਐਵਰੇਜ ਅੰਕ 99 ਤੱਕ ਹੁੰਦਾ ਹੈ, ਜੋ ਯੈਲੋ ਕੈਟਾ?ਗਿਰੀ ਵਿਚ ਆਉਂਦਾ ਹੈ, ਜੋ ਮਹੀਨਾ ਪਹਿਲਾਂ 15 ਸਤੰਬਰ ਨੂੰ 47 ਅੰਕ ਸੀ, ਹਵਾ ਦੀ ਗੁਣਵੱਤਾ ਕਰੀਬ 52 ਵੱਧ ਜਾਣ ਕਾਰਨ ਹਵਾ ਵਿਚ ਪ੍ਰਦੂਸ਼ਣ ਆਇਆ ਹੈ, ਪਿਛਲੇ 11 ਦਿਨਾਂ ਵਿਚ ਸਰਦੀ, ਖਾਂਸੀ, ਜ਼ੁਕਾਮ, ਦਮਾ (ਅਸਥਮਾ) ਅਤੇ ਐਲਰਜੀ ਦੇ ਮਰੀਜ਼ 30-32 ਫ਼ੀਸਦੀ ਤੱਕ ਵਧੇ ਹਨ। ਰਾਜਿੰਦਰਾ ਹਸਪਤਾਲ, ਮਾਤਾ ਕੁਸ਼ੱਲਿਆ ਹਸਪਤਾਲ ਤੇ ਹੋਰ ਕਈ ਸਾਰੇ ਨਿੱਜੀ ਹਸਪਤਾਲਾਂ ਦੇ ਬਾਹਰ ਮਰੀਜ਼ਾਂ ਦੀਆਂ ਲਾਈਨਾਂ ਵਧੀਆਂ ਹਨ। ਹਵਾ ਵਿਚ ਤੈਰ ਰਹੇ ਪੀਐਮ 2.5 ਕਣਾਂ ਨੂੰ ਜ਼ਿਆਦਾ ਖ਼ਤਰਨਾਕ ਕਿਹਾ ਜਾ ਰਿਹਾ ਹੈ। ਡਾ. ਇਕਬਾਲ ਸਿੰਘ ਨੇ ਕਿਹਾ ਹੈ ਕਿ ਮਰੀਜ਼ਾਂ ਦੀ ਵਧ ਰਹੀ ਗਿਣਤੀ ਚਿੰਤਾ ਦਾ ਵਿਸ਼ਾ ਹੈ, ਜਿਸ ਕਰਕੇ ਸਾਡੀ ਜ਼ਿੰਮੇਵਾਰੀ ਹੋਰ ਵੀ ਜ਼ਿਆਦਾ ਵੱਧ ਜਾਂਦੀ ਹੈ। ਮਾਤਾ ਕੁਸ਼ੱਲਿਆ ਹਸਪਤਾਲ ਦੇ ਡਾ. ਬੰਨੀ ਬੈਪਾਰਾਏ ਨੇ ਕਿਹਾ ਹੈ ਕਿ ਹਵਾ ਵਿਚ ਪ੍ਰਦੂਸ਼ਣ ਹੋਣ ਕਰਕੇ ਐਲਰਜੀ, ਅੱਖਾਂ ਵਿਚ ਜਲਣ ਦੀਆਂ ਘਟਨਾਵਾਂ (25-30) ਵਧ ਗਈਆਂ ਹਨ, ਐਸਐਮਓ ਡਾ. ਵਿਕਾਸ ਗੋਇਲ ਨੇ ਕਿਹਾ ਹੈ ਕਿ ਐਲਰਜੀ ਦੇ ਕੇਸ ਵਧਣ ਦਾ ਕਾਰਨ ਹਵਾ ਪ੍ਰਦੂਸ਼ਣ ਹੈ ਜਿਸ ਦਾ ਲੋਕਾਂ ਨੂੰ ਬਚਾ ਕਰਨਾ ਹੋਵੇਗਾ। ਪੀਪੀਸੀਬੀ ਦੇ ਅਧਿਕਾਰੀਆਂ ਦਾ ਕ ?ਹਿਣਾ ਹੈ ਕਿ ਇਸ ਸਾਲ ਪਿਛਲੇ ਸਾਲ ਨਾਲੋਂ ਪਰਾਲੀ ਸਾੜਨੀ ਘਟੀ ਹੈ, ਇਹ ਸਾਡੀ ਸਖ਼ਤੀ ਦਾ ਨਤੀਜਾ ਹੈ, ਦੂਜੇ ਪਾਸੇ ਪਟਿਆਲਾ ਤੋਂ ਨੇੜਲੇ ਪਿੰਡ ਇੰਦਰਪੁਰਾ ਤੇ ਆਸੇ ਮਾਜਰਾ ਵਿਚ ਪਰਾਲੀ ਨਾ ਸਾੜਨ ਵਾਲੇ ਕਿਸਾਨਾਂ ਨੂੰ ਐਸ ਡੀ ਐਮ ਹਰਜੋਤ ਕੌਰ ਨੇ ਸਨਮਾਨਿਤ ਕੀਤਾ ਹੈ। ਪਿਛਲੇ ਸਾਲ 26 ਘਟਨਾਵਾਂ ਪਰਾਲੀ ਸਾੜਨ ਦੀਆਂ ਵਾਪਰੀਆਂ ਸਨ ਪਰ ਇਸ ਸਾਲ ਹੁਣ ਤੱਕ 11 ਪਰਾਲੀ ਸਾੜਨ ਦੀਆਂ ਘਟਨਾਵਾਂ ਹੀ ਰਿਕਾਰਡ ਕੀਤੀਆਂ ਗਈਆਂ ਹਨ।

**ਵਾਤਾਵਰਨ ਦੀ ਸੁੱਤਾ ਲਈ ਲੋਕਾਂ ਦਾ ਸਹਿਯੋਗ ਜਰੂਰੀ : ਚੇਅਰਪਰਸਨ**

ਸੂਬੇ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਲੋਕਾਂ ਦਾ ਸਹਿਯੋਗ ਸਮੇਂ ਦੀ ਮੁੱਖ ਲੋੜ ਹੈ ਜੇਕਰ ਵਾਤਾਵਰਨ ਦੂਸ਼ਿਤ ਹੁੰਦਾ ਹੈ ਤਾਂ ਇਸ ਨਾਲ ਬਿਮਾਰੀਆਂ ਫੈਲਣਾ ਸੁਭਾਵਿਕ ਹੈ ਜਿਸ ਨੂੰ ਰੋਕਣ ਲਈ ਪੰਜਾਬ ਦੀ ਆਬੋ ਹਵਾ ਨੂੰ ਸ਼ੁਧ ਰੱਖਣ ਵਿੱਚ ਹਰ ਵਿਅਕਤੀ ਨੂੰ ਸਹਿਯੋਗ ਦੇਣਾ ਚਾਹੀਦਾ ਹੈ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਚੇਅਰਪਰਸਨ ਰੀਨਾ ਗੁਪਤਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ ਉਨ੍ਹਾਂ ਕਿਹਾ ਕਿ ਲੋਕ ਹੁਣ ਸਮਝਦਾਰ ਹੋ ਚੁੱਕੇ ਹਨ ਇਸ ਲਈ ਵਾਤਾਵਰਨ ਨੂੰ ਸ਼ੁਧ ਰੱਖਣ ਲਈ ਹਰੇਕ ਵਿਅਕਤੀ ਨੂੰ ਆਪਣਾ ਮੁਢਲਾ ਫਰਜ਼ ਸਮਝਣ ਦੀ ਲੋੜ ਹੈ।

# ਭਾਸ਼ਾ ਵਿਭਾਗ ਪੰਜਾਬ ਵੱਲੋਂ ਜ਼ਿਲ੍ਹਾ ਪੱਧਰੀ ਕੁਇਜ਼ ਮੁਕਾਬਲਿਆਂ ਦਾ ਆਯੋਜਨ




**ਚੰਡੀਗੜ੍ਹ, 19 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਹਰਜੋਤ ਸਿੰਘ ਬੈਂਸ ਦੀ ਅਗਵਾਈ ਅਤੇ ਨਿਰਦੇਸ਼ਕ ਭਾਸ਼ਾ ਵਿਭਾਗ ਪੰਜਾਬ ਜਸਵੰਤ ਸਿੰਘ ਜ਼ਫ਼ਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵਿਭਾਗ ਦੁਆਰਾ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਪ੍ਰਚਾਰ ਤੇ ਪ੍ਰਸਾਰ ਲਈ ਕੀਤੇ ਜਾ ਰਹੇ ਯਤਨਾਂ ਦੀ ਲੜੀ ਤਹਿਤ ਵਿਦਿਆਰਥੀਆਂ ਦੀ ਪੰਜਾਬੀ ਭਾਸ਼ਾ, ਸਾਹਿਤ, ਸੱਭਿਆਚਾਰ ਅਤੇ ਇਤਿਹਾਸ ਵਿੱਚ ਰੁਚੀ ਪ੍ਰਫੁੱਲਿਤ ਕਰਨ ਹਿਤ ਹਰ ਸਾਲ ਸਕੂਲ ਅਤੇ ਕਾਲਜਾਂ ਦੇ ਵਿਦਿਆਰਥੀਆਂ ਦੇ ਕੁਇਜ਼ ਮੁਕਾਬਲੇ ਕਰਵਾਏ ਜਾਂਦੇ ਹਨ। ਖੋਜ ਅਫ਼ਸਰ ਸ. ਪਰਮਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਫ਼ਾਜ਼ਿਲਕਾ ਦੇ ਜ਼ਿਲ੍ਹਾ ਪੱਧਰੀ ਮੁਕਾਬਲੇ ਸਥਾਨਕ ਐਮ.ਆਰ.ਸਰਕਾਰੀ ਕਾਲਜ ਫ਼ਾਜ਼ਿਲਕਾ ਵਿਖੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਜ਼ਿਲ੍ਹੇ ਭਰ ਦੇ ਸਰਕਾਰੀ,ਪ੍ਰਾਈਵੇਟ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ਼ ਹਿੱਸਾ ਲਿਆ। ਇਨ੍ਹਾਂ ਮੁਕਾਬਲਿਆਂ ਲਈ ਤਿੰਨ ਵਰਗ ਨਿਰਧਾਰਿਤ ਕੀਤੇ ਗਏ ਹਨ। ਵਰਗ ੳ ਵਿੱਚ ਅੱਠਵੀਂ ਤੱਕ, ਵਰਗ ਅ ਵਿੱਚ ਨੌਵੀਂ ਤੋਂ ਬਾਰ੍ਹਵੀਂ ਅਤੇ ਵਰਗ ੲ ਵਿੱਚ ਗਰੈਜੂਏਸ਼ਨ ਤੱਕ ਦੇ ਵਿਦਿਆਰਥੀ ਭਾਗ ਲੈਂਦੇ ਹਨ। ਫ਼ਾਜ਼ਿਲਕਾ ਜ਼ਿਲ੍ਹੇ ਦੇ ਮੁਕਾਬਲਿਆਂ ਵਿੱਚ ੳ ਵਰਗ ਵਿੱਚ ਨਵਪ੍ਰੀਤ ਕੌਰ (ਸ.ਮਿ.ਸ.ਹੌਜ ਖਾਸ), ਗੁਰਸੀਰਤ ਕੌਰ (ਸ.ਸ.ਸ.ਸ. ਕਿੜਿਆਂ ਵਾਲੀ), ਹਰਸੀਰਤ ਕੌਰ (ਐਲ.ਆਰ.ਐਸ. ਡੀ.ਏ.ਵੀ.ਸੀ.ਸੈ.ਮਾਡਲ ਸਕੂਲ ਅਬੋਹਰ), ਅ-ਵਰਗ ਵਿੱਚ ਦਿਸ਼ਾ ਰਾਣੀ( ਸ.ਕੰ.ਹ.ਸ. ਜੰਡਵਾਲਾ ਹਨੂੰਵੰਤਾ), ਜੈਸਮੀਨ ਕੌਰ (ਮਾਇਆ ਦੇਵੀ ਮੈਮੋਰੀਅਲ ਆਦਰਸ਼ ਸਕੂਲ ਕੇਰਾ ਖੇੜਾ), ਕੁਲਜਿੰਦਰ ਕੌਰ (ਐਸ.ਜੀ.ਜੇ. ਡੀ.ਏ.ਵੀ. ਸੀ.ਸੈ.ਸਕੂਲ ਹਰੀਪੁਰਾ)ਅਤੇ ੲ- ਵਰਗ ਵਿੱਚ ਆਪਿਕਾ (ਨੈਸ਼ਨਲ ਡਿਗਰੀ ਕਾਲਜ, ਚੁਆੜਿਆਂ ਵਾਲੀ), ਹਰਮਨਪ੍ਰੀਤ ਕੌਰ (ਨੈਸ਼ਨਲ ਡਿਗਰੀ ਕਾਲਜ, ਚੁਆੜਿਆਂ ਵਾਲੀ), ਨਿਸ਼ਾ ਰਾਣੀ (ਸਰਕਾਰੀ ਕਾਲਜ ਲੜਕੀਆਂ ਜਲਾਲਾਬਾਦ) ਨੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਿਲ ਕੀਤਾ ਹੈ।

# ਮੰਡੀਆਂ ਨੂੰ ਗ੍ਰੀਨ ਐਨਰਜੀ ਵੱਲ ਮੋੜੇਗਾ ਪੰਜਾਬ ਮੰਡੀ ਬੋਰਡ, ਚਾਰ ਜਿਲ੍ਹਿਆਂ ਵਿੱਚ ਲੱਗਣਗੇ ਸੋਲਰ ਪਾਵਰ ਪਲਾਂਟ : ਹਰਚੰਦ ਸਿੰਘ ਬਰਸਟ

**ਚੰਡੀਗੜ੍ਹ, 19 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੀਆਂ ਮੰਡੀਆਂ ਨੂੰ ਆਧੁਨਿਕ ਤਕਨੀਕ ਨਾਲ ਜੋੜਨ ਅਤੇ ਨਵਿਆਉਣਯੋਗ ਊਰਜਾ ਨੂੰ ਵਧਾਵਾ ਦੇਣ ਵੱਲ ਅਹਿਮ ਕਦਮ ਚੁੱਕਦਿਆਂ ਹੋਇਆ ਪੰਜਾਬ ਮੰਡੀ ਬੋਰਡ ਨੇ ਪਹਿਲੇ ਫੇਜ਼ ਵਿੱਚ ਜਿਲ੍ਹਾ ਪਟਿਆਲਾ, ਜਲੰਧਰ, ਫਿਰੋਜ਼ਪੁਰ ਅਤੇ ਲੁਧਿਆਣਾ ਦੀਆਂ ਵੱਖ-ਵੱਖ ਮੰਡੀਆਂ ਵਿੱਚ ਸੋਲਰ ਪਾਵਰ ਪਲਾਂਟ ਲਗਾਉਣ ਦੀ ਯੋਜਨਾ ਬਣਾਈ ਹੈ, ਜਿਸ ਤੇ ਜੰਗੀ ਪੱਧਰ ਤੇ ਕਾਰਜ ਸ਼ੁਰੂ ਕਰ ਦਿੱਤਾ ਗਿਆ ਹੈ ਅਤੇ ਇਸ ਯੋਜਨਾ ਤੇ ਲਗਭਗ 24.42 ਕਰੋੜ ਰੁਪਏ ਖਰਚ ਆਵੇਗਾ। ਇਸ ਪਹਿਲਕਦਮੀ ਨਾਲ ਬਿਜਲੀ ਖਰਚਿਆਂ ਵਿੱਚ ਸਾਲਾਨਾ ਲਗਭਗ 8.33 ਕਰੋੜ ਰੁਪਏ ਦੀ ਬਚਤ ਹੋਣ ਦੀ ਉਮੀਦ ਹੈ। ਇਹ ਜਾਣਕਾਰੀ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਵੱਲੋਂ ਦਿੱਤੀ ਗਈ। ਉਨ੍ਹਾਂ ਕਿਹਾ ਕਿ ਇਹ ਯੋਜਨਾ ਸੂਬੇ ਦੀਆਂ ਮੰਡੀਆਂ ਵਿੱਚ ਨਵੀਨਤਮ ਤਕਨੀਕ ਲਿਆਉਣ ਦੀ ਦਿਸ਼ਾ ਵਿੱਚ ਮੀਲ ਪੱਥਰ ਸਾਬਤ ਹੋਵੇਗੀ।

ਬਰਸਟ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਦੀਆਂ ਮੰਡੀਆਂ ਨੂੰ ਆਧੁਨਿਕ ਅਤੇ ਸੁਵਿਧਾਜਨਕ ਬਣਾਇਆ ਜਾ ਰਿਹਾ ਹੈ, ਤਾਂ ਜੋ ਕਿਸਾਨਾਂ, ਆੜ੍ਹਤੀਆਂ, ਮਜਦੂਰਾਂ ਅਤੇ ਮੰਡੀਆਂ ਵਿੱਚ ਆਉਣ ਵਾਲੇ ਹੋਰ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਦੱਸਿਆ ਕਿ ਬੀਤੇ ਦਿਨੀਂ ਇਸ ਯੋਜਨਾ ਦੀ ਸ਼ੁਰੂਆਤ ਦਾਨਾ ਮੰਡੀ, ਪਟਿਆਲਾ ਤੋਂ ਕੀਤੀ ਜਾ ਚੁੱਕੀ ਹੈ ਅਤੇ ਪਟਿਆਲਾ ਮੰਡੀ ਵਿਖੇ 74 ਕਿਲੋਵਾਟ ਦੀ ਸਮਰੱਥਾ ਵਾਲਾ ਰੂਫ਼ ਟੌਪ ਸੋਲਰ ਪਾਵਰ ਪਲਾਂਟ ਲਗਾਇਆ ਜਾ ਰਿਹਾ ਹੈ। ਜਿਲ੍ਹਾ ਪਟਿਆਲਾ ਦੀਆਂ 10 ਵੱਖ-ਵੱਖ ਮੰਡੀਆਂ ਵਿੱਚ 656 ਕਿਲੋਵਾਟ ਸਮਰੱਥਾ ਵਾਲੇ ਸੋਲਰ ਪਾਵਰ ਪਲਾਂਟ ਦੀ ਸਥਾਪਨਾ ਕੀਤੀ ਜਾਵੇਗੀ, ਜਿਸ ਤੇ ਕਰੀਬ 6.49 ਕਰੋੜ ਰੁਪਏ ਖਰਚ ਆਵੇਗਾ।



ਇਸੇ ਤਰ੍ਹਾਂ ਜਿਲ੍ਹਾ ਲੁਧਿਆਣਾ ਦੀਆਂ 11 ਵੱਖ-ਵੱਖ ਮੰਡੀਆਂ ਵਿੱਚ ਲਗਭਗ 7.12 ਕਰੋੜ ਰੁਪਏ ਦੀ ਲਾਗਤ ਨਾਲ 757 ਕਿਲੋਵਾਟ ਸਮਰੱਥਾ ਦਾ ਪਲਾਂਟ ਲਗਾਇਆ ਜਾਵੇਗਾ। ਜਿਲ੍ਹਾ ਫਿਰੋਜਪੁਰ ਵਿਖੇ ਕਰੀਬ 5.10 ਕਰੋੜ ਰੁਪਏ ਦੀ ਲਾਗਤ ਨਾਲ 8 ਵੱਖ-ਵੱਖ ਮੰਡੀਆਂ ਵਿੱਚ 647 ਕਿਲੋਵਾਟ ਸਮਰੱਥਾ ਦਾ ਪਲਾਂਟ ਲਗਾਇਆ ਜਾਣਾ ਹੈ। ਜਿਲ੍ਹਾ ਜਲੰਧਰ ਦੀਆਂ 11 ਵੱਖ-ਵੱਖ ਮੰਡੀਆਂ ਵਿੱਚ 794 ਕਿਲੋਵਾਟ ਸਮਰੱਥਾ ਦਾ ਸੋਲਰ ਪਾਵਰ ਪਲਾਂਟ ਲਗਾਇਆ ਜਾਣਾ ਹੈ, ਜਿਸ ਤੇ ਕਰੀਬ 5.71 ਕਰੋੜ ਰੁਪਏ ਖਰਚ ਆਵੇਗਾ।

ਉਨ੍ਹਾਂ ਦੱਸਿਆ ਕਿ ਜਿਲ੍ਹਾ ਪਟਿਆਲਾ, ਜਲੰਧਰ, ਫਿਰੋਜ਼ਪੁਰ ਅਤੇ ਲੁਧਿਆਣਾ ਦੀਆਂ 40 ਵੱਖ-ਵੱਖ ਮੰਡੀਆਂ ਵਿੱਚ ਲਗਾਏ ਜਾਣ ਵਾਲੇ ਸੋਲਰ ਪਾਵਰ ਪਲਾਂਟ ਤੇ ਕਰੀਬ 24.42 ਕਰੋੜ ਰੁਪਏ ਖਰਚ ਆਵੇਗਾ, ਜਿਸ ਨਾਲ ਪੰਜਾਬ ਮੰਡੀ ਬੋਰਡ ਨੂੰ ਸਾਲਾਨਾ ਲਗਭਗ 8 ਕਰੋੜ 33 ਲੱਖ ਰੁਪਏ ਬਿਜਲੀ ਖਰਚਿਆਂ ਦੇ ਬਚਤ ਹੋਣ ਦੀ ਉਮੀਦ ਹੈ ਅਤੇ ਲਗਭਗ 3 ਸਾਲਾਂ ਵਿੱਚ ਇਹਨਾਂ ਸੋਲਰ ਪਾਵਰ ਪਲਾਂਟਾ ਤੇ ਹੋਏ ਖਰਚੇ ਦਾ ਭੁਗਤਾਨ ਪੂਰਾ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਸੋਲਰ ਪਾਵਰ ਪਲਾਂਟ ਲਗਾਉਣ ਨਾਲ ਜਿੱਥੇ ਮੰਡੀਆਂ ਦੀ ਬਿਜਲੀ ਲਾਗਤ ਘਟੇਗੀ, ਉੱਥੇ ਹੀ ਲੰਬੇ ਸਮੇਂ ਦੌਰਾਨ ਸਰਕਾਰੀ ਖਰਚ ਵਿੱਚ ਵੀ ਮਹੱਤਵਪੂਰਨ ਕਮੀ ਆਵੇਗੀ।

ਇਹ ਉਪਰਾਲਾ ਨਾ ਕੇਵਲ ਆਰਥਿਕ ਬਚਤ ਦੇ ਰਾਹ ਖੋਲ੍ਹੇਗਾ, ਸਗੋਂ ਵਾਤਾਵਰਣ ਦੇ ਸੰਰਕਸ਼ਣ ਵੱਲ ਵੀ ਵੱਡਾ ਕਦਮ ਹੈ।

# ਗੁਰਮੀਤ ਸਿੰਘ ਖੁੱਡੀਆਂ ਨੇ 25 ਵੈਟਰਨਰੀ ਇੰਸਪੈਕਟਰਾਂ ਸਮੇਤ ਕੁੱਲ 28 ਨਵੇਂ ਭਰਤੀ ਹੋਏ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਸੌਂਪੇ



**ਚੰਡੀਗੜ੍ਹ, 19 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਅੱਜ 28 ਨਵੇਂ ਭਰਤੀ ਹੋਏ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪੇ, ਜਿਨ੍ਹਾਂ ਵਿੱਚ 25 ਵੈਟਰਨਰੀ ਇੰਸਪੈਕਟਰ, ਤਿੰਨ ਕਲਰਕ ਸ਼ਾਮਲ ਸਨ। ਇੱਕ ਦਰਜਾ ਚਾਰ ਕਰਮਚਾਰੀ ਨੂੰ ਤਰੱਕੀ ਵੀ ਦਿੱਤੀ ਗਈ। ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਸੱਤਾ ਵਿੱਚ ਆਉਣ ਤੋਂ ਲੈ ਕੇ ਹੁਣ ਤੱਕ ਵਿਭਾਗ ਵਿੱਚ 326 ਵੈਟਰਨਰੀ ਅਫ਼ਸਰ, 545 ਵੈਟਰਨਰੀ ਇੰਸਪੈਕਟਰ ਅਤੇ 63 ਕਲਾਸ ਸੀ ਕਰਮਚਾਰੀ, ਜਿਨ੍ਹਾਂ ਵਿੱਚ ਕਲਰਕ, ਅੰਕੜਾਕਾਰ, ਸਟੈਨੋ, ਜੂਨੀਅਰ ਸਕੇਲ ਸਟੈਨੋਗ੍ਰਾਫ਼ਰ, ਲੈਬ ਸਹਾਇਕ, ਲੈਬ ਟੈਕਨੀਸ਼ੀਅਨ, ਮਿਲਕ ਰਿਕਾਰਡਰ, ਲੀਗਲ ਕਲਰਕ, ਮਸ਼ੀਨ ਅਪਰੇਟਰ ਸ਼ਾਮਲ ਹਨ, ਭਰਤੀ ਕੀਤੇ ਗਏ ਹਨ।

ਨਵੇਂ ਭਰਤੀ ਹੋਏ ਮੁਲਾਜ਼ਮਾਂ ਨੂੰ ਵਧਾਈ ਦਿੰਦਿਆਂ ਸ. ਗੁਰਮੀਤ ਸਿੰਘ ਖੁੱਡੀਆਂ ਨੇ ਉਨ੍ਹਾਂ ਨੂੰ ਪੂਰੀ ਲਗਨ ਤੇ ਇਮਾਨਦਾਰੀ ਨਾਲ ਆਪਣੀ ਡਿਊਟੀ ਨਿਭਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਜਨਤਕ ਸੇਵਾ ਵਿੱਚ ਇਮਾਨਦਾਰੀ ਅਤੇ ਜ਼ਿੰਮੇਵਾਰੀ ਦੀ ਭਾਵਨਾ ਬੇਹੱਦ ਜ਼ਰੂਰੀ ਹੈ। ਕਿਸਾਨਾਂ ਦੀ ਸਹਾਇਤਾ ਅਤੇ ਪੇਂਡੂ ਆਰਥਿਕਤਾ ਨੂੰ ਹੁਲਾਰਾ ਦੇਣ ਵਿੱਚ ਵਿਭਾਗ ਦੀ ਮਹੱਤਵਪੂਰਨ ਭੂਮਿਕਾ ਨੂੰ ਉਜਾਗਰ ਕਰਦਿਆਂ ਉਨ੍ਹਾਂ ਦੱਸਿਆ ਕਿ ਇਹ ਭਰਤੀ ਵਿਭਾਗ ਦੀ ਕਾਰਜਸ਼ੀਲਤਾ ਅਤੇ ਸੇਵਾਵਾਂ ਪ੍ਰਦਾਨ ਕਰਨ ਦੀ ਪ੍ਰਕਿਰਿਆ ਵਿੱਚ ਸੁਧਾਰ ਦੇ ਨਾਲ-ਨਾਲ ਪੰਜਾਬ ਵਿੱਚ ਪਸ਼ੂ ਸਿਹਤ ਸੰਭਾਲ ਸੇਵਾਵਾਂ ਨੂੰ ਹੋਰ ਬਿਹਤਰ ਬਣਾਉਣ ਵਿੱਚ ਮਦਦ ਕਰੇਗੀ।

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਵਧ ਤੋਂ ਵਧ ਰੋਜ਼ਗਾਰ ਦੇਣ ਦੇ ਯਤਨਾਂ 'ਤੇ ਚਾਨਣਾ ਪਾਉਂਦਿਆਂ ਸ. ਖੁੱਡੀਆਂ ਨੇ ਦੱਸਿਆ ਕਿ ਸੂਬਾ ਸਰਕਾਰ ਨੇ ਪੰਜਾਬ ਦੇ ਯੋਗ ਨੌਜਵਾਨਾਂ ਨੂੰ 55,000 ਤੋਂ ਵੱਧ ਸਰਕਾਰੀ ਨੌਕਰੀਆਂ ਪ੍ਰਦਾਨ ਕਰਕੇ ਇੱਕ ਇਤਿਹਾਸਕ ਮੀਲ ਪੱਥਰ ਕਾਇਮ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਹ ਸਾਰੀਆਂ ਨੌਕਰੀਆਂ ਪੂਰੀ ਪਾਰਦਰਸ਼ਤਾ ਅਤੇ ਨਿਰਪੱਖਤਾ ਦੇ ਆਧਾਰ 'ਤੇ ਦਿੱਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਪਸ਼ੂ ਪਾਲਣ ਵਿਭਾਗ ਵਿੱਚ 405 ਨਵੇਂ ਵੈਟਰਨਰੀ ਅਫ਼ਸਰਾਂ ਦੀ ਭਰਤੀ ਸਬੰਧੀ ਪ੍ਰਕਿਰਿਆ ਵੀ ਚੱਲ ਰਹੀ ਹੈ।

# ਪੰਜਾਬ ਮੰਡੀ ਬੋਰਡ ਦੀ ਫਲਾਇੰਗ ਸਕਵੈਡ ਟੀਮ ਵਲੋਂ ਬਟਾਲਾ ਅਤੇ ਫਤਿਹਗੜ ਚੂੜੀਆਂ ਦੀਆਂ ਮੰਡੀਆਂ ਅਤੇ ਸੈਲਰਾਂ ਦੀ ਚੈਕਿੰਗ

**ਚੰਡੀਗੜ੍ਹ, 19 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਸਵਿੰਦਰ ਸਿੰਘ ਰਿਆੜ, ਜਿਲ੍ਹਾ ਮੰਡੀ ਅਫਸਰ ਗੁਰਦਾਸਪੁਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਮੰਡੀ ਬੋਰਡ ਦੀ ਫਲਾਇੰਗ ਸਕਵੈਡ ਟੀਮ ਵਲੋ ਸਾਉਣੀ ਸੀਜਨ ਦੌਰਾਨ ਬਟਾਲਾ ਅਤੇ ਫਤਿਹਗੜ ਚੂੜੀਆਂ ਦੀਆਂ ਮੰਡੀਆਂ ਅਤੇ ਸੈਲਰਾਂ ਦੀ ਚੈਕਿੰਗ ਕੀਤੀ ਗਈ, ਜਿਸ ਦੌਰਾਨ ਕਿਸਾਨਾ ਨੂੰ ਦਿੱਤੇ ਜਾ ਰਹੇ ਐਮ.ਐਸ.ਪੀ ਤੋ ਘੱਟ ਰੇਟ 'ਤੇ ਜਿਣਸ ਦੀ ਕੀਤੀ ਖ੍ਰੀਦ ਦੀ ਉਲੰਘਣਾ ਕਰਕੇ ਰੁਪਏ 78360 ਰੁਪਏ ਦਾ ਜੁਰਮਾਨਾ ਕੀਤਾ ਗਿਆ। ਉਨ੍ਹਾਂ ਅੱਗੇ ਦੱਸਿਆ ਕਿ ਇਸ ਇਲਾਵਾ ਬੀਤੇ ਦਿਨੀਂ ਡੇਰਾ ਬਾਬਾ ਨਾਨਕ ਵਿਖੇ ਮੁੱਖ ਦਾਣਾ ਮੰਡੀ ਵਿਚ ਵੱਖ-ਵੱਖ ਆੜਤੀਆਂ ਵਲੋ ਬਿਨ੍ਹਾ ਬੋਲੀ ਦੇ ਜਿਣਸ ਨੂੰ ਬਾਰਦਾਨੇ ਵਿਚ ਭਰਨ 'ਤੇ ਕੀਤੀ ਐਕਟ ਰੂਲਜ ਦੀ ਉਲੰਘਣਾ ਕਰਕੇ ਰੁਪਏ 60000 ਜੁਰਮਾਨਾ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਜਿਲੇ ਵਿੱਚ ਡਿਪਟੀ ਕਮਿਸ਼ਨਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਝੋਨੇ ਦੀ ਫਸਲ ਦੀ ਸਮੁੱਚੀ ਪ੍ਰਕਿਰਿਆ ਸੁਚਾਰੂ ਅਤੇ ਪਾਰਦਰਸ਼ੀ ਢੰਗ ਨਾਲ ਕੀਤੀ ਜਾ ਰਹੀ ਹੈ ਅਤੇ ਮੰਡੀਆਂ ਵਿੱਚ ਫਸਲ ਦੀ ਨਿਰਵਿਘਨ ਖਰੀਦ, ਚੁਕਾਈ ਤੇ ਅਦਾਇਗੀ ਕੀਤੀ ਜਾ ਰਹੀ ਹੈ।



ਉਨ੍ਹਾਂ ਅੱਗੇ ਦੱਸਿਆ ਕਿ ਪੰਜਾਬ ਮੰਡੀ ਬੋਰਡ ਦੀ ਫਲਾਇੰਗ ਸਕਵੈਡ ਟੀਮ ਵਲੋਂ ਲਗਾਤਾਰ ਫੀਲਡ ਵਿੱਚ ਜਾ ਕੇ ਚੈਕਿੰਗ ਕੀਤੀ ਜਾ ਰਹੀ ਹੈ ਅਤੇ ਕਿਸਾਨਾਂ ਨੂੰ ਫਸਲ ਵੇਚਣ ਦੌਰਾਨ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ।

# ਗਲੋਬਲ ਹੈਂਡ ਵਾਸ਼ਿੰਗ ਡੇ ਜਾਗਰਣ ਪਹਿਲ ਵੱਲੋਂ ਸਰਕਾਰੀ ਹਾਈ ਸਕੂਲ ਕੈਂਟ ਪਟਿਆਲਾ ਵਿਖੇ ਮਨਾਇਆ ਗਿਆ

**ਪਟਿਆਲਾ, 19 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਾਗਰਣ ਪਹਿਲ ਸੰਸਥਾ ਵੱਲੋਂ ਡਿਟੋਲ ਬਣੇਗਾ ਸਵਸਥ ਇੰਡੀਆ ਇਨਿਸ਼ੀਐਟਿਵ ਦੇ ਤਹਿਤ ਅੱਜ ਸਰਕਾਰੀ ਹਾਈ ਸਕੂਲ ਕੈਂਟ ਪਟਿਆਲਾ ਵਿੱਚ ਗਲੋਬਲ ਹੈਂਡ ਵਾਸ਼ਿੰਗ ਡੇ ਧੂਮਧਾਮ ਨਾਲ ਮਨਾਇਆ ਗਿਆ। ਇਸ ਸਮਾਰੋਹ ਦਾ ਮੁੱਖ ਉਦੇਸ਼ ਵਿਦਿਆਰਥੀਆਂ ਅਤੇ ਸਮਾਜ ਵਿੱਚ ਹੱਥ ਧੋਣ ਦੀ ਮਹੱਤਤਾ ਬਾਰੇ ਜਾਗਰੂਕਤਾ ਫੈਲਾਉਣਾ ਸੀ।

ਸਮਾਰੋਹ ਦੇ ਮੁੱਖ ਮਹਿਮਾਨ ਕਰਨਲ ਕੁਲਦੀਪ ਸਿੰਘ, ਐਡਮਿਨ ਕਮਾਂਡੈਂਟ ਪਟਿਆਲਾ ਕੈਂਟ ਸਨ। ਇਸ ਮੌਕੇ ਜਿਲ੍ਹਾ ਸਿੱਖਿਆ ਅਫ਼ਸਰ (ਸਕੈਂਡਰੀ) ਵੱਲੋਂ ਮੈਡਮ ਰਮਨਦੀਪ ਕੌਰ, ਪ੍ਰਿੰਸੀਪਲ ਸਰਕਾਰੀ ਸਕੈਂਡਰੀ ਸਕੂਲ ਕਲਿਆਣ, ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਈਆਂ। ਮੰਚ ਉੱਤੇ ਸ੍ਰੀ ਵਰਿੰਦਰ ਸਿੰਘ ਜਾਖੜ (ਪ੍ਰੋਗਰਾਮ ਡਾਇਰੈਕਟਰ), ਸ੍ਰੀ ਉਮ ਪ੍ਰਕਾਸ਼ (ਸਟੇਟ ਮੈਨੇਜਰ), ਸ੍ਰੀ ਜਸਵੀਰ ਸਿੰਘ ਕੰਗ (ਸਟੇਟ ਕੋਆਰਡੀਨੇਟਰ) ਅਤੇ ਸਕੂਲ ਦੀ ਮੁੱਖ ਅਧਿਆਪਕਾ ਮੈਡਮ ਰੁਪਿੰਦਰ ਕੌਰ ਸਮੇਤ ਸਟਾਫ ਮੈਂਬਰ ਜਸਵੀਰ ਸਿੰਘ, ਸੁਨੀਲ ਧਮਨ ਆਦਿ ਮੌਜੂਦ ਸਨ।

ਸਮਾਰੋਹ ਦੀ ਸ਼ੁਰੂਆਤ ਸ਼ਬਦ ਗਾਇਨ ਅਤੇ ਦੀਪ ਪ੍ਰਜਵੱਲਨ ਨਾਲ ਕੀਤੀ ਗਈ। ਬੱਚਿਆਂ ਵਿੱਚ ਡਰਾਇੰਗ ਮੁਕਾਬਲੇ, ਹਾਈਜੀਨ ਕਿਊਜ਼, ਹੱਥ ਧੋਣ ਦਾ ਪ੍ਰਦਰਸ਼ਨ (ਡੈਮੋਨਸਟ੍ਰੇਸ਼ਨ) ਕਰਵਾਇਆ ਗਿਆ ਅਤੇ ਸਾਰੇ ਭਾਗੀਦਾਰਾਂ ਵੱਲੋਂ ਸਫ਼ਾਈ ਦੀ ਸੌਂਹ ਚੁੱਕੀ ਗਈ। ਇਸ ਤੋਂ ਇਲਾਵਾ ਦਸਤਖ਼ਤ ਮੁਹਿੰਮ ਅਤੇ ਇਨਾਮ ਵੰਡ ਸਮਾਰੋਹ ਵੀ ਆਯੋਜਿਤ ਕੀਤੇ ਗਏ। ਲਗਭਗ 400 ਤੋਂ ਵੱਧ ਵਿਦਿਆਰਥੀਆਂ ਅਤੇ ਸਟਾਫ ਮੈਂਬਰਾਂ ਨੇ ਉਤਸ਼ਾਹ ਨਾਲ ਭਾਗ ਲਿਆ। ਮੁੱਖ ਮਹਿਮਾਨ ਕਰਨਲ ਕੁਲਦੀਪ ਸਿੰਘ ਨੇ ਆਪਣੇ ਸੰਬੋਧਨ ਵਿੱਚ ਸਫ਼ਾਈ ਅਤੇ ਹੱਥ ਧੋਣ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਅਤੇ ਆਰਮੀ ਪ੍ਰੋਟੋਕਾਲ ਦੇ ਉਦਾਹਰਣਾਂ ਰਾਹੀਂ ਬੱਚਿਆਂ ਨੂੰ ਪ੍ਰੇਰਿਤ ਕੀਤਾ। ਮੈਡਮ ਰਮਨਦੀਪ ਕੌਰ ਨੇ ਵਿਦਿਆਰਥੀਆਂ ਨੂੰ ਸਿੱਖਿਆ ਨਾਲ ਜੋੜ ਕੇ ਦਿਨ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਸ੍ਰੀ ਵਰਿੰਦਰ ਸਿੰਘ ਜਾਖੜ ਨੇ ਪ੍ਰੋਗਰਾਮ ਦੇ ਉਦੇਸ਼ ਤੇ ਲਕਸ਼ਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ। ਉਮ ਪ੍ਰਕਾਸ਼ ਜੀ ਨੇ ਪ੍ਰੋਗਰਾਮ ਦੀ ਸਮੀਖਿਆ ਕੀਤੀ ਅਤੇ ਸੁਨੀਲ ਧਮਨ ਜੀ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ।

ਆਖ਼ਰ ਵਿੱਚ ਸਕੂਲ ਦੀ ਮੁੱਖ ਅਧਿਆਪਕਾ ਮੈਡਮ ਰੁਪਿੰਦਰ ਕੌਰ ਨੇ ਆਏ ਹੋਏ ਸਾਰੇ ਮਹਿਮਾਨਾਂ ਅਤੇ ਜਾਗਰਣ ਪਹਿਲ ਦੀ ਟੀਮ ਦਾ ਧੰਨਵਾਦ ਕੀਤਾ। ਪ੍ਰੋਗਰਾਮ ਦੌਰਾਨ ਸਟੇਜ ਸੈਕਟਰੀ ਦੀ ਭੂਮਿਕਾ ਸ੍ਰੀ ਜਸਵੀਰ ਸਿੰਘ ਕੰਗ ਵੱਲੋਂ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਈ ਗਈ।

# ਮਹਿੰਦਰਪਾਲ ਬਿੱਟੂ ਕਤਲ ਕੇਸ; ਸਿੱਟ ਵਿਰੁੱਧ ਪਾਈ ਪਟੀਸ਼ਨ ਦੀ ਸੁਣਵਾਈ ਪਟਿਆਲਾ ਅਦਾਲਤ ਵਿਚ ਹੋਵੇਗੀ

**ਪਟਿਆਲਾ, 19 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡੇਰਾ ਸੱਚਾ ਸੌਦਾ ਦੇ ਪ੍ਰੇਮੀ ਮਹਿੰਦਰਪਾਲ ਬਿੱਟੂ ਕਤਲ ਮਾਮਲੇ ਵਿਚ ਅਗਲੀ ਸੁਣਵਾਈ ਪਟਿਆਲਾ ਦੀ ਸਬੰਧਤ ਅਦਾਲਤ ਵਿਚ ਹੋਵੇਗੀ, ਇਹ ਹੁਕਮ ਮਾਨਯੋਗ ਹਾਈਕੋਰਟ ਨੇ ਕਰਦਿਆਂ ਕਿਹਾ ਹੈ ਕਿ ਪਟਿਆਲਾ ਕੋਰਟ ਨਾਲ ਸਬੰਧਤ ਇਹ ਕੇਸ ਦੀ ਸੁਣਵਾਈ ਪਟਿਆਲਾ ਕੋਰਟ ਵਿਚ ਹੀ ਬਣਦੀ ਹੈ,ਜਿਸ ਸਬੰਧੀ ਸੀਲ ਬੰਦ ਲਫਾਫਾ ਉਥੇ ਹੀ ਖੋਲਿਆ ਜਾਵੇਗਾ, ਇਸ ਸਬੰਧੀ ਪਟਿਆਲਾ ਦੀ ਸਬੰਧਤ ਕੋਰਟ ਵਿਚ ਹੀ ਸੁਣਵਾਈ ਹੋਵੇਗੀ।

ਇਹ ਕੇਸ ਮਹਿੰਦਰਪਾਲ ਬਿੱਟੂ ਦੀ ਪਤਨੀ ਸੰਤੋਸ਼ ਕੁਮਾਰੀ ਬਨਾਮ ਪੰਜਾਬ ਰਾਜ ਅਤਿ ਹੋਰ ਹੈ, ਜਦੋਂ ਮਾਨਯੋਗ ਹਾਈਕੋਰਟ ਨੇ ਇਹ ਫੈਸਲਾ ਸੁਣਾਇਆ ਉਸ ਵੇਲੇ ਪਟੀਸ਼ਨ ਕਰਤਾ ਸੰਤੋਸ਼ ਕੁਮਾਰੀ ਵਲੋਂ ਵਕੀਲ ਆਰ. ਐਸ. ਰਾਇ, ਸੀਨੀਅਰ ਐਡਵੋਕੇਟ, ਚੇਤਨ ਮਿੱਤਲ, ਸੀਨੀਅਰ ਐਡਵੋਕੇਟ, ਮਯੰਕ ਅਗਰਵਾਲ, ਐਡਵੋਕੇਟ, ਰੁਬੀਨਾ ਵਰਮਾਨੀ, ਐਡਵੋਕੇਟ, ਰਾਧਿਕਾ ਮਹਿਤਾ ਸਨ। ਇਸ ਵੇਲੇ ਅਡੀਸ਼ਨਲ ਐਡਵੋਕੇਟ ਦੀਪਇੰਦਰ ਸਿੰਘ ਵੀ ਹਾਜ਼ਰ ਸਨ। ਕੋਰਟ ਵਲੋਂ ਕਿਹਾ ਗਿਆ ਹੈ ਕਿ 'ਇਹ ਰਿਪੋਰਟ ਵਰਤਮਾਨ ਵਿੱਚ ਸੀਲ ਕਵਰ ਵਿੱਚ ਹੈ ਤੇ ਇਹ ਸੰਬੰਧਿਤ ਟਰਾਇਲ ਕੋਰਟ (ਪਟਿਆਲਾ ਕੋਰਟ) ਅੱਗੇ ਅੱਜ ਤੋਂ ਦੋ ਹਫ਼ਤੇ ਅੰਦਰ ਪੇਸ਼ ਕੀਤੀ ਜਾਵੇਗੀ। ਇਸ ਬਾਰੇ ਪੰਜਾਬ ਸਰਕਾਰ ਨੂੰ ਵੀ ਝਾੜ ਪਾਈ ਹੈ ਤੇ ਕਿਹਾ ਹੈ ਕਿ 'ਪੰਜਾਬ ਸਰਕਾਰ ਨੂੰ ਉਪਰੋਕਤ ਸਮੇਂ ਵਿੱਚ ਆਪਣੀ ਰਿਪੋਰਟ ਪੇਸ਼ ਕਰਨ ਦੀ ਹਦਾਇਤ ਦਿੱਤੀ ਜਾਂਦੀ ਹੈ ਅਤੇ ਇੰਨਾ ਕਰਨ ਤੇ ਸੰਬੰਧਿਤ ਅਦਾਲਤ, ਇਸ ਅਦਾਲਤ ਅੱਗੇ ਸ਼ਕਿਾਇਤਕਰਤਾ ਸਮੇਤ ਸਾਰੇ ਸੰਬੰਧਤਾਂ ਨੂੰ ਕਾਪੀਆਂ ਮੁਹੱਈਆ ਕਰਵਾਉਣ ਤੋਂ ਬਾਅਦ, ਕਾਨੂੰਨ ਅਨੁਸਾਰ ਅੱਗੇ ਦੀ ਕਾਰਵਾਈ ਕਰੇਗੀ।'

ਜਿਕਰਯੋਗ ਹੈ ਕਿ ਮਹਿੰਦਰਪਾਲ ਬਿੱਟੂ ਨੂੰ ਬਰਗਾੜੀ ਬੇਅਦਬੀ ਕਾਂਡ 'ਚ 2018 'ਚ ਗ੍ਰਿਫਤਾਰ ਕਰ ਲਿਆ ਗਿਆ ਸੀ, ਇਸ ਆਈਜੀ ਰਣਬੀਰ ਸਿੰਘ ਖੱਟੜਾ ਦੀ ਅਗਵਾਈ ਵਿਚ ਬਣੀ ਸਿੱਟ ਨੇ ਮਹਿੰਦਰਪਾਲ ਬਿੱਟੂ ਨੂੰ ਮੁੱਖ ਮੁਲਜ਼ਮ ਬਣਾਇਆ ਸੀ, ਇਸਤੋਂ ਬਾਅਦ ਜੂਨ, 2019 'ਚ ਦੋ ਕੈਦੀਆਂ ਨੇ ਮਹਿੰਦਰਪਾਲ ਬਿੱਟੂ ਦਾ ਨਾਭਾ ਜੇਲ੍ਹ 'ਚ ਕਤਲ ਕਰ ਦਿੱਤਾ ਸੀ, ਮ੍ਰਿਤਕ ਮਹਿੰਦਰਪਾਲ ਬਿੱਟੂ ਦੀ ਪਤਨੀ ਸੰਤੋਸ਼ ਕੁਮਾਰੀ ਦਾ ਕਹਿਣਾ ਸੀ ਕਿ ਉਸਦੇ ਘਰਵਾਲੇ ਨੂੰ ਫਸਾਇਆ ਗਿਆ ਹੈ, ਜਿਸਦੇ ਚੱਲਦੇ ਸੰਤੋਸ਼ ਕੁਮਾਰੀ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ 'ਚ ਪਟੀਸ਼ਨ ਦਾਇਰ ਕਰਕੇ ਜਾਂਚ ਦੀ ਮੰਗ ਕੀਤੀ ਸੀ, ਜਿਸ ਦੌਰਾਨ ਏਡੀਜੀ ਰਾਏ ਦੀ ਅਗਵਾਈ 'ਚ ਸਿੱਟ ਬਣਾਈ ਗਈ, ਜਿਸ ਨੇ ਰਣਬੀਰ ਸਿੰਘ ਖਟੜਾ ਸਮੇਤ ਤਤਕਾਲੀ ਸਿੱਟ ਦੇ ਮੈਂਬਰਾਂ ਤੋਂ ਪੁੱਛਗਿੱਛ ਵੀ ਕੀਤੀ ਸੀ। ਜ਼ਿਕਰਯੋਗ ਹੈ ਕਿ ਸਾਲ 2015 'ਚ ਬੁਰਜ ਜਵਾਰਕੇ ਵਿਖੇ ਬੇਅਦਬੀ ਦੀ ਘਟਨਾ ਵਾਪਰੀ ਸੀ। ਇਸ ਮਾਮਲੇ ਵਿਚ ਜਾਂਚ ਲਈ 5 ਮੈਂਬਰੀ ਸਿੱਟ ਬਣਾਈ ਗਈ ਸੀ ਅਤੇ ਸਿੱਟ ਦੇ ਮੁਖੀ ਰਣਬੀਰ ਸਿੰਘ ਖੱਟੜਾ ਸਨ। ਜਾਂਚ ਤੋਂ ਬਾਅਦ ਸਿੱਟ ਵੱਲੋਂ ਬਰਗਾੜੀ ਕਾਂਡ ਦੇ ਦੋਸ਼ ਵਿਚ ਡੇਰਾ ਪ੍ਰੇਮੀ ਮਹਿੰਦਰਪਾਲ ਸਿੰਘ ਬਿੱਟੂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਜਿਸ ਤੋਂ ਬਾਅਦ ਉਸ ਨੂੰ ਪਟਿਆਲਾ ਦੀ ਨਾਭਾ ਜੇਲ੍ਹ 'ਚ ਸ਼ਿਫਟ ਕਰ ਦਿੱਤਾ ਗਿਆ ਸੀ। ਬਿੱਟੂ ਦੇ ਕਤਲ ਤੋਂ ਕਰੀਬ ਢਾਈ ਸਾਲ ਬਾਅਦ ਜਦੋਂ ਰਣਬੀਰ ਸਿੰਘ ਖੱਟੜਾ ਵਲੋਂ 164 ਤਹਿਤ ਬਿਆਨ ਕਲਮ ਬੰਦ ਕਰਾਏ ਤਾਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਪ੍ਰੈਸ ਕਾਨਫਰੰਸ ਕਰਕੇ ਰਣਬੀਰ ਸਿੰਘ ਖੱਟੜਾ ਤੇ ਸਿਟ ਤੇ ਗੰਭੀਰ ਦੋਸ਼ ਸਨ।

# ਨਗਰ ਨਿਗਮ ਵਲੋਂ ਖਾਲੀ ਪਲਾਟਾਂ ਪ੍ਰਤੀ ਅਣਗਹਿਲੀ ਰੱਖਣ ਵਾਲਿਆਂ ਲਈ ਸਖ਼ਤ ਨਿਰਦੇਸ਼



**ਪਟਿਆਲਾ, 19 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਸ਼ਹਿਰ ਵਿੱਚ ਵੱਧ ਰਹੀ ਗੰਦਗੀ ਅਤੇ ਮੱਛਰਾਂ ਦੇ ਪ੍ਰਕੋਪ ਨੂੰ ਦੇਖਦੇ ਹੋਏ ਨਗਰ ਨਿਗਮ ਨੇ ਖਾਲੀ ਪਲਾਟ ਰੱਖਣ ਵਾਲਿਆਂ ਨੂੰ ਸਖ਼ਤ ਨਿਰਦੇਸ਼ ਜਾਰੀ ਕੀਤੇ ਹਨ। ਖਾਲੀ ਪਲਾਟਾਂ ਵਿੱਚ ਕੂੜਾ ਅਤੇ ਪਾਣੀ ਇਕੱਠਾ ਹੋਣ ਕਰਕੇ ਸ਼ਹਿਰ ਵਿੱਚ ਬਿਮਾਰੀਆਂ ਦੇ ਮਾਮਲੇ ਵੱਧ ਰਹੇ ਹਨ, ਜਿਸਨੂੰ ਲੈ ਕੇ ਪ੍ਰਸ਼ਾਸਨ ਗੰਭੀਰ ਹੋ ਗਿਆ ਹੈ। ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਬਹੁਤ ਸਾਰੇ ਖਾਲੀ ਪਲਾਟਾਂ ਵਿੱਚ ਇਲਾਕੇ ਦੇ ਲੋਕ ਕੂੜਾ ਸੁੱਟ ਦਿੰਦੇ ਹਨ, ਜਿਸ ਨਾਲ ਨਾ ਸਿਰਫ ਬਦਬੂ ਪੈਦਾ ਹੁੰਦੀ ਹੈ ਸਗੋਂ ਡੇਂਗੂ, ਮਲੇਰੀਆ ਵਰਗੀਆਂ ਬਿਮਾਰੀਆਂ ਦਾ ਖ਼ਤਰਾ ਵੀ ਵੱਧਦਾ ਹੈ। ਨਿਗਮ ਨੇ ਪਲਾਟ ਮਾਲਕਾਂ ਨੂੰ ਚੇਤਾਵਨੀ ਦਿੱਤੀ ਹੈ ਕਿ ਜੇਕਰ ਉਨ੍ਹਾਂ ਨੇ ਆਪਣਾ ਪਲਾਟ ਸਾਫ਼ ਨਹੀਂ ਕੀਤਾ ਤਾਂ ਉਨ੍ਹਾਂ ਉੱਤੇ ਜੁਰਮਾਨਾ ਲਗਾਇਆ ਜਾਵੇਗਾ ਅਤੇ ਸਫ਼ਾਈ ਦਾ ਖ਼ਰਚਾ ਵੀ ਉਨ੍ਹਾਂ ਤੋਂ ਹੀ ਵਸੂਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਵਿਭਾਗ ਵੱਲੋਂ ਖਾਸ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ ਜੋ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦਾ ਦੌਰਾ ਕਰ ਰਹੀਆਂ ਹਨ।

ਜਿੱਥੇ ਵੀ ਗੰਦਗੀ ਮਿਲੇਗੀ, ਉੱਥੇ ਤੁਰੰਤ ਕਾਰਵਾਈ ਕੀਤੀ ਜਾਵੇਗੀ।

# ਆਪ ਦੇ ਸੰਗਠਨ 'ਚ ਟਕਸਾਲੀ ਵਰਕਰਾਂ ਨੂੰ ਜਿੰਮੇਵਾਰੀ ਮਿਲਣ ਤੇ ਪਾਰਟੀ ਹੋਵੇਗੀ ਮਜ਼ਬੂਤ: ਬਲਤੇਜ ਪਨੂੰ

**ਪਟਿਆਲਾ, 19 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਸਤਿਕਾਰਯੋਗ ਭਗਵੰਤ ਸਿੰਘ ਮਾਨ ਜੀ ਦੇ ਵਿਸ਼ਵਾਸ ਪਾਤਰ, ਪਾਰਟੀ ਦੇ ਮੁੱਖ ਬੁਲਾਰੇ ਅਤੇ ਯੁੱਧ ਨਸ਼ਿਆ ਵਿਰੁੱਧ ਮੁਹਿੰਮ ਦੇ ਪੰਜਾਬ ਇੰਚਾਰਜ ਬਲਤੇਜ ਪਨੂੰ ਨੇ ਪਾਰਟੀ ਦੇ ਟਕਸਾਲੀ ਵਾਲੰਟੀਅਰ ਸੰਦੀਪ ਬੰਧੂ ਨੂੰ ਹਲਕਾ ਮੀਡੀਆ ਇੰਚਾਰਜ ਤੇ ਜਸਵਿੰਦਰ ਰਿੰਪਾ ਨੂੰ ਸਹਿ-ਇੰਚਾਰਜ ਬਣਨ ਅਤੇ ਹੋਰਨਾਂ ਆਗੂਆਂ ਨੂੰ ਨਵੀਆਂ ਨਿਯੁਕਤੀਆਂ ਲਈ ਵਧਾਈਆਂ ਦੇਣ ਦੇ ਨਾਲ-ਨਾਲ ਮੂੰਹ ਮਿੱਠਾ ਕਰਵਾਇਆ ਅਤੇ ਸਨਮਾਨਿਤ ਵੀ ਕੀਤਾ।

ਇਸ ਮੌਕੇ ਬੋਲਦਿਆਂ ਬਲਤੇਜ ਪਨੂੰ ਨੇ ਕਿਹਾ ਕਿ ਪਟਿਆਲਾ ਦੇ ਸੰਗਠਨ 'ਚ ਟਕਸਾਲੀ ਵਰਕਰਾਂ ਨੂੰ ਜਿੰਮੇਵਾਰੀ ਮਿਲਣ ਤੇ ਪਾਰਟੀ ਹੋਰ ਵੀ ਜਿਆਦਾ ਮਜਬੂਤ ਹੋਵੇਗੀ। ਉਨਾਂ ਕਿਹਾ ਕਿ ਟਕਸਾਲੀ ਵਾਲੰਟੀਅਰ ਪਾਰਟੀ ਦੀ ਮਜਬੂਤ ਨੀਂਹ ਵਜੋਂ ਕੰਮ ਕਰ ਰਹੇ ਹਨ, ਅਤੇ ਇਹਨਾਂ ਵਾਲੰਟੀਅਰ ਨੇ ਪਾਰਟੀ ਦੇ ਸ਼ੁਰੂਆਤੀ ਦਿਨਾਂ ਤੋਂ ਲੈ ਕੇ ਹੁਣ ਤਕ ਪਾਰਟੀ ਲਈ ਲਗਾਤਾਰ ਮਿਹਨਤ ਕੀਤੀ ਹੈ।

ਇਹਨਾਂ ਟਕਸਾਲੀ ਵਾਲੰਟੀਅਰ ਦੀ ਮਿਹਨਤ ਸਦਕਾ ਹੀ ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ। ਉਨਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਹੋਰ ਵੀ ਟਕਸਾਲੀ ਵਾਲੰਟੀਅਰਾਂ ਨੂੰ ਸਰਕਾਰ ਅਤੇ ਸੰਗਠਨ ਵਿੱਚ ਮਹੱਤਵਪੂਰਨ ਜਿੰਮੇਵਾਰੀਆਂ ਦਿੱਤੀਆਂ ਜਾਣਗੀਆਂ।



ਇਸ ਮੌਕੇ ਬਲਤੇਜ ਪਨੂੰ ਜੀ ਨੇ ਪਾਰਟੀ ਵਲੋਂ ਨਵ-ਨਿਯੁਕਤ ਮੀਡੀਆ ਇੰਚਾਰਜ ਸੰਦੀਪ ਬੰਧੂ ਅਤੇ ਪੂਰੀ ਟੀਮ ਨੂੰ ਸ਼ਹਿਰ ਵਿੱਚ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਲਈ ਥਾਪੜਾ ਦਿੰਦੇ ਹੋਏ ਆਸ਼ਰੀਵਾਦ ਦਿੱਤਾ। ਸੰਦੀਪ ਬੰਧੂ ਨੇ ਬਲਤੇਜ ਪਨੂੰ ਜੀ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਪਾਰਟੀ ਵਲੋਂ ਸਾਨੂੰ ਜੋ ਵੀ ਜਿੰਮੇਵਾਰੀ ਦਿੱਤੀ ਗਈ ਹੈ, ਉਸਨੂੰ ਪੂਰੀ ਤਨਦੇਹੀ ਨਾਲ ਨਿਭਾਵਾਂਗੇ। ਬੰਧੂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਭਗਵੰਤ ਮਾਨ ਸਾਹਿਬ ਦੀ ਅਗਵਾਈ ਵਿੱਚ ਲਗਾਤਾਰ ਚੰਗੇ ਕੰਮ ਕਰ ਰਹੀ ਹੈ। ਉਨਾਂ ਕਿਹਾ ਕਿ ਭਗਵੰਤ ਮਾਨ ਸਾਹਿਬ ਦੇ ਦਿਸ਼ਾ ਨਿਰਦੇਸ਼ਾਂ ਤੇ ਅਸੀਂ ਪਹਿਲਾਂ ਵੀ ਅਤੇ ਹੁਣ ਵੀ ਨਿਰਸਵਾਰਥ ਹੋ ਕੇ ਲੋਕਾਂ ਦੀ ਬਿਹਤਰੀ ਅਤੇ ਪਾਰਟੀ ਲਈ ਕੰਮ ਕਰਦੇ ਰਹੇ ਹਾਂ ਅਤੇ ਅੱਗੇ ਤੋਂ ਵੀ ਇਸੇ ਤਰਾ ਡਟ ਕੇ ਕੰਮ ਕਰਦੇ ਰਹਾਂਗੇ। ਉਨ੍ਹਾਂ ਕਿਹਾ ਪਟਿਆਲਾ ਸ਼ਹਿਰ ਨੂੰ ਬਾਗਾਂ ਦਾ ਸ਼ਹਿਰ, ਨਸ਼ਾ ਮੁਕਤ, ਅਪਰਾਧ ਮੁਕਤ ਅਤੇ ਪੰਜਾਬ ਦਾ ਇਕ ਨੰਬਰ ਦਾ ਸ਼ਹਿਰ ਬਣਾਉਣ ਲਈ ਅਸੀਂ ਲਗਾਤਾਰ ਮਿਹਨਤ ਕਰਦੇ ਰਹਾਂਗੇ।

ਇਸ ਮੌਕੇ ਹਲਕਾ ਨਾਭਾ ਦੇ ਨਵ-ਨਿਯੁਕਤ ਮੀਡੀਆ ਇੰਚਾਰਜ ਪਰਵਿੰਦਰ ਸਿੰਘ ਲਾਲੀ ਅਤੇ ਸਹਿ-ਇੰਚਾਰਜ ਖੁਸ਼ਵਿੰਦਰ ਸ਼ਰਮਾ ਨੂੰ ਵੀ ਬਲਤੇਜ ਪਨੂੰ ਨੇ ਸਨਮਾਨਿਤ ਕੀਤਾ।

# ਮੇਅਰ ਕੁੰਦਨ ਗੋਗੀਆ ਨੇ ਨਵੇਂ ਨਿਯੁਕਤ ਕਮਿਸ਼ਨਰ ਪਰਮਜੀਤ ਸਿੰਘ ਦਾ ਕੀਤਾ ਸਵਾਗਤ



**ਪਟਿਆਲਾ, 19 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ ਨੇ ਅੱਜ ਨਵੇਂ ਨਿਯੁਕਤ ਕਮਿਸ਼ਨਰ ਸ਼੍ਰੀ ਪਰਮਜੀਤ ਸਿੰਘ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ। ਇਸ ਮੌਕੇ ਨਗਰ ਨਿਗਮ ਦੇ ਕਈ ਕੌਂਸਲਰਾਂ ਅਤੇ ਅਹੁਦੇਦਾਰਾਂ ਨੇ ਵੀ ਸ਼ਿਰਕਤ ਕੀਤੀ ਅਤੇ ਨਵੇਂ ਕਮਿਸ਼ਨਰ ਨੂੰ ਅਹੁਦਾ ਸੰਭਾਲਣ 'ਤੇ ਵਧਾਈ ਦਿੱਤੀ। ਮੇਅਰ ਨੇ ਕਿਹਾ ਕਿ ਨਗਰ ਨਿਗਮ ਦੀ ਟੀਮ ਸ਼ਹਿਰ ਦੇ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਅੱਗੇ ਵਧਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸ਼੍ਰੀ ਪਰਮਜੀਤ ਸਿੰਘ ਦੇ ਤਜਰਬੇ ਅਤੇ ਪ੍ਰਸ਼ਾਸਨਿਕ ਕਾਬਲੀਅਤ ਨਾਲ ਪਟਿਆਲਾ ਸ਼ਹਿਰ ਦੇ ਵਿਕਾਸ ਪ੍ਰੋਜੈਕਟਾਂ ਨੂੰ ਹੋਰ ਮਜ਼ਬੂਤੀ ਮਿਲੇਗੀ।ਉਨ੍ਹਾਂ ਵਿਸ਼ਵਾਸ ਜਤਾਇਆ ਕਿ ਸ਼ਹਿਰ ਦੇ ਲੋਕਾਂ ਨੂੰ ਹੋਰ ਵਧੀਆ ਸਹੂਲਤਾਂ ਪ੍ਰਦਾਨ ਕਰਨ ਵੱਲ ਮਿਲ ਕੇ ਸਕਾਰਾਤਮਕ ਕਦਮ ਚੁੱਕੇ ਜਾਣਗੇ।

ਕਮਿਸ਼ਨਰ ਪਰਮਜੀਤ ਸਿੰਘ ਨੇ ਵੀ ਮੇਅਰ ਅਤੇ ਪੂਰੀ ਨਗਰ ਨਿਗਮ ਟੀਮ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਸ਼ਹਿਰ ਦੇ ਹਰੇਕ ਵਿਕਾਸ ਕਾਰਜ ਨੂੰ ਤੇਜ਼ੀ ਅਤੇ ਪਾਰਦਰਸ਼ਤਾ ਨਾਲ ਅੱਗੇ ਵਧਾਉਣ ਲਈ ਪ੍ਰਤਿਬੱਧ ਹਨ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਸਭ ਤੋਂ ਪਹਿਲੀ ਤਰਜੀਹ ਰਹੇਗੀ।

ਇਸ ਮੌਕੇ ਐਮ ਸੀ ਸ਼ਿਵਰਾਜ ਵਿਰਕ, ਐਮ ਸੀ ਮਨਦੀਪ ਸਿੰਘ, ਐਮ ਸੀ ਦਵਿੰਦਰ ਗੋਲਡੀ, ਐਮ ਸੀ ਗਿਆਨ ਚੰਦ, ਐਮ ਸੀ ਗੁਰਕਿਰਪਾਲ ਸਿੰਘ, ਮੇਅਰ ਸੈਕਟਰੀ ਰਜਿੰਦਰ ਮੋਹਨ, ਬਲਾਕ ਪ੍ਰਧਾਨ ਕ੍ਰਿਸ਼ਨ ਕੁਮਾਰ, ਲੱਕੀ ਲਹਿਲ ਅਤੇ ਰਣਬੀਰ ਸਹੋਤਾ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

# ਆਨਲਾਈਨ ਪੈਸੇ ਟ੍ਰਾਂਸਫਰ ਕਰਨ ਤੋਂ ਪਹਿਲਾਂ

ਨੋਟਬੰਦੀ ਦੇ ਫ਼ੈਸਲੇ ਤੋਂ ਬਾਅਦ ਦੇਸ਼ ਦੇ ਫਾਈਨੈਂਸ਼ੀਅਲ ਈਕੋਸਿਸਟਮ ’ਚ ਤਬਦੀਲੀ ਆਈ ਹੈ। 2016 ਤੋਂ ਬਾਅਦ ਡਿਜੀਟਲ ਟ੍ਰਾਂਜੈਕਸ਼ਨ ਦੀ ਸੰਖਿਆ ’ਚ ਵਾਧਾ ਹੋਇਆ ਹੈ। ਇਸ ਫ਼ੈਸਲੇ ਤੋਂ ਬਾਅਦ ਲੋਕਾਂ ਕੋਲ ਨਕਦੀ ਦੀ ਮੁਸ਼ਕਲ ਨੂੰ ਦੇਖਦੇ ਹੋਏ ਐੱਨਈਐੱਫਟੀ, ਆਰਟੀਜੀਐੱਸ, ਈ-ਵਾਲੇਟ ਅਤੇ ਯੂਪੀਆਈ ਗਾਹਕਾਂ ਦੀ ਮਦਦ ਕਰਨ ਵਾਲੇ ਸਾਧਨਾਂ ਦੇ ਤੌਰ ’ਤੇ ਤੇਜ਼ੀ ਨਾਲ ਉੱਭਰੇ ਹਨ। ਹਾਲਾਂਕਿ ਇਨ੍ਹਾਂ ਸਾਰੇ ਸਾਧਨਾਂ ਵਿਚਕਾਰ ਗਾਹਕ ਹੁਣ ਇਸ ਪਰੇਸ਼ਾਨੀ ’ਚ ਹਨ ਕਿ ਇਸ ’ਚ ਕਿਸ ਸਾਧਨ ਨੂੰ ਚੁਣਨਾ ਬਿਹਤਰ ਹੋਵੇਗਾ।

## ਕੀ ਹੁੰਦਾ ਹੈ ਐੱਨਈਐੱਫਟੀ

ਰਾਸ਼ਟਰੀ ਇਲੈੱਕਟ੍ਰਾਨਿਕ ਫੰਡ ਟ੍ਰਾਂਸਫਰ (ਐੱਨਈਐੱਫਟੀ) ਇਕ ਬੈਂਕ ਖ਼ਾਤੇ ਤੋਂ ਦੂਜੇ ’ਚ ਫੰਡ ਟ੍ਰਾਂਸਫਰ ਕਰਨ ਦਾ ਸਭ ਤੋਂ ਆਮ ਤਰੀਕਾ ਹੈ। ਇਸ ’ਚ ਟ੍ਰਾਂਸਫਰ ਕੀਤੇ ਜਾਣ ਵਾਲੀ ਫੰਡ ਰਾਸ਼ੀ ’ਤੇ ਕੋਈ ਵੀ ਲਿਮਿਟ ਲਾਗੂ ਨਹੀਂ ਹੈ। ਇਸ ਦੀ ਪ੍ਰਕਿਰਿਆ ਵੀ ਆਸਾਨ ਹੁੰਦੀ ਹੈ। ਐੱਨਈਐੱਫਟੀ ਟ੍ਰਾਂਸਫਰ ’ਤੇ ਸ਼ੁਲਕ ਲਿਆ ਜਾਂਦਾ ਹੈ, ਜੋ ਕਿ ਕਰ ਦੇ ਨਾਲ-ਨਾਲ 2.50 ਰੁਪਏ ਤੋਂ ਲੈ ਕੇ 25 ਰੁਪਏ ਤਕ ਹੋ ਸਕਦਾ ਹੈ। ਇਕ ਵਾਰ ’ਚ ਐੱਨਈਐੱਫਟੀ ਜ਼ਰੀਏ ਜ਼ਿਆਦਾਤਰ 10 ਲੱਖ ਰੁਪਏ ਤਕ ਭੇਜੇ ਜਾ ਸਕਦੇ ਹਨ।

## ਕੀ ਹੈ ਆਰਟੀਜੀਐੱਸ

ਰੀਅਲ ਟਾਈਮ ਗ੍ਰਾਸ ਸੈਟਲਮੈਂਟ (ਆਰਟੀਜੀਐੱਸ) ਬੈਂਕਾਂ ’ਚ ਫੰਡ ਟ੍ਰਾਂਸਫਰ ਦਾ ਇਕ ਤਰੀਕਾ ਹੈ, ਜੋ ਵਿਅਕਤੀਗਤ ਖ਼ਾਤਾ ਧਾਰਕਾਂ ਜਾਂ ਸਮੂਹਾਂ ’ਚ ਗਾਹਕਾਂ ਨੂੰ ਕੀਤਾ ਜਾਂਦਾ ਹੈ। ਇਸ ਤਹਿਤ ਜਦੋਂ ਫੰਡ ਪ੍ਰਾਪਤ ਕੀਤਾ ਜਾਂਦਾ ਹੈ ਤਾਂ ਉਸ ਨੂੰ ਅੱਗੇ ਭੁਗਤਾਨ ਜਾਂ ਗਾਹਕ ਦੇ ਨਿਰਦੇਸ਼ ਅਨੁਸਾਰ ਹੋਰ ਉਪਯੋਗ ਲਈ ਵਧਾ ਦਿੱਤਾ ਜਾਂਦਾ ਹੈ।

ਐੱਨਈਐੱਫਟੀ ਤਹਿਤ ਫੰਡ ਟ੍ਰਾਂਸਫਰ ਇਕ ਨਿਰਧਾਰਿਤ ਸਮੇਂ ’ਤੇ ਹੀ ਹੁੰਦਾ ਹੈ। ਹਰ ਇਕ ਘੰਟੇ ’ਚ ਇਸ ਤਹਿਤ ਫੰਡ ਟ੍ਰਾਂਸਫਰ ਹੁੰਦੇ ਹਨ, ਜਦਕਿ ਆਰਟੀਜੀਐੱਸ ਫੰਡ ਨੂੰ ਤਤਕਾਲ ਟ੍ਰਾਂਸਫਰ ਕਰਨ ਲਈ ਪ੍ਰਕਿਰਿਆ ’ਚ ਲਗਾ ਦਿੱਤਾ ਜਾਂਦਾ ਹੈ।

ਇਸ ਤਹਿਤ ਭੇਜਿਆ ਜਾਣ ਵਾਲੀ ਘੱਟ ਤੋਂ ਘੱਟ ਰਕਮ 2 ਲੱਖ ਰੁਪਏ ਹੁੰਦੀ ਹੈ। ਬਾਕੀ ਜ਼ਿਆਦਾਤਰ ’ਚ ਇਸ ’ਤੇ ਕੋਈ ਸੀਮਾ ਨਹੀਂ ਹੈ। ਆਰਟੀਜੀਐੱਸ ’ਚ ਰੀਅਲ ਟਾਇਮ ਬੇਸ ’ਤੇ ਪੈਸਾ ਟ੍ਰਾਂਸਫਰ ਕੀਤਾ ਜਾ ਸਕਦਾ ਹੈ ਇਸ ਲਈ ਇਸ ’ਚ ਸ਼ੁਲਕ ਵੀ ਜ਼ਿਆਦਾ ਲਿਆ ਜਾਂਦਾ ਹੈ।

## ਕੀ ਹੈ ਯੂਪੀਆਈ

ਯੂਨੀਫਾਇਡ ਪੇਮੈਂਟ ਇੰਟਰਫੇਸ (ਯੂਪੀਆਈ) ਸਰਵਿਸ ਅਪ੍ਰੈਲ 2016 ’ਚ ਸ਼ੁਰੂ ਕੀਤੀ ਗਈ ਸੀ। ਯੂਪੀਆਈ ਯੂਜ਼ਰ ਦੇ ਬੈਂਕ ਖਾਤੇ ਨਾਲ ਜੁੜਿਆ ਰਹਿੰਦਾ ਹੈ। ਇਸ ਲਈ ਜਦੋਂ ਵੀ ਤੁਹਾਨੂੰ ਕੋਈ ਟ੍ਰਾਂਜੈਕਸ਼ਨ ਕਰਨੀ ਹੋਵੇ ਤਾਂ ਹਰ ਵਾਰ ਜਾਣਕਾਰੀਆਂ ਨਹੀਂ ਦੇਣੀਆਂ ਪੈਣਗੀਆਂ। ਜਿਵੇਂ ਹੀ ਤੁਸੀਂ ਯੂਪੀਆਈ ਲਈ ਰਜਿਸਟਰ ਕਰਦੇ ਹੋ ਤੁਹਾਨੂੰ ਇਕ ਵਰਚੂਅਲ ਆਈਡੀ, ਟੀਪਿਨ ਜਾਂ ਐੱਮਪਿਨ ਮਿਲਦਾ ਹੈ, ਜਿਸ ਨਾਲ ਤੁਸੀਂ ਟ੍ਰਾਂਜੈਕਸ਼ਨ ਕਰ ਸਕਦੇ ਹੋ।

ਯੂਨੀਫਾਇਡ ਪੇਮੈਂਟ ਇੰਟਰਫੇਸ (ਯੂਪੀਆਈ) ਜ਼ਰੀਏ ਤੁਸੀਂ ਆਨਲਾਈਨ ਤਰੀਕੇ ਨਾਲ ਪੈਸਾ ਟ੍ਰਾਂਸਫਰ ਕਰ ਸਕਦੇ ਹੋ। ਇਸ ਨਾਲ ਨੈਸ਼ਨਲ ਪੇਮੈਂਟ ਕਾਰਪੋਰੇਸ਼ਨ ਆਫ਼ ਇੰਡੀਆ (ਐੱਨਸੀਪੀਆਈ) ਨੇ ਬਣਾਇਆ ਹੈ ਅਤੇ ਉਸ ਦਾ ਦਾਅਵਾ ਹੈ ਕਿ ਯੂਪੀਆਈ ਜ਼ਰੀਏ ਤੁਸੀਂ ਸਿਰਫ਼ ਐੱਸਐੱਮਐੱਸ ਜ਼ਰੀਏ ਵੀ ਰਕਮ ਟ੍ਰਾਂਸਫਰ ਕਰ ਸਕਦੇ ਹੋ।•

*ਨੋਟਬੰਦੀ ਦੇ ਫ਼ੈਸਲੇ ਤੋਂ ਬਾਅਦ ਦੇਸ਼ ਦੇ ਫਾਈਨੈਂਸ਼ੀਅਲ ਇਕੋਸਿਸਟਮ ’ਚ ਤਬਦੀਲੀ ਆਈ ਹੈ। ਡਿਜੀਟਲ ਟ੍ਰਾਂਜੈਕਸ਼ਨ ’ਚ ਪੈਸੇ ਟ੍ਰਾਂਸਫਰ ਕਰਨ ਲਈ ਤੁਹਾਡੇ ਕੋਲ ਕਈ ਸਾਰੇ ਸਾਧਨ ਹੁੰਦੇ ਹਨ। ਜਾਣੋ ਤੁਹਾਡੇ ਲਈ ਕਿਹੜਾ ਸਾਧਨ ਸਹੀ ਹੈ...*



## ਗੈਂਗਸਟਰ ਵੱਲੋਂ ਕਾਰੋਬਾਰੀ ’ਤੇ ਜਾਨਲੇਵਾ ਹਮਲਾ, ਪਿਸਤੌਲ ਦੇ ਬੱਟ ਤੇ ਸੂਏ ਮਾਰ ਕੇ ਕੀਤਾ ਜ਼ਖ਼ਮੀ

ਲੁਧਿਆਣਾ 19 ਅਕਤੂਬਰ। ਛਾਉਣੀ ਮੁਹੱਲਾ ਦੀ ਧੱਕਾ ਕਾਲੋਨੀ ਵਿਚ ਗੈਂਗਸਟਰਾਂ ਨੇ ਕਾਰੋਬਾਰੀ ’ਤੇ ਹਮਲਾ ਕਰਵਾਇਆ ਹੈ। ਗਾਂਧੀ ਨਗਰ ਵਿਚ ਹੋਲਸੇਲ ਰੈਡੀਮੇਡ ਕੱਪੜਿਆਂ ਦਾ ਕਾਰੋਬਾਰ ਕਰਨ ਵਾਲੇ ਇਕ ਕਾਰੋਬਾਰੀ ਸਾਗਰ ’ਤੇ ਰਾਹ ਵਿਚ ਉਸ ਸਮੇਂ ਹਮਲਾ ਕੀਤਾ ਗਿਆ ਜਦੋਂ ਉਹ ਆਪਣੇ ਇਕ ਸਾਥੀ ਨਾਲ ਮੋਟਰਸਾਈਕਲ ’ਤੇ ਦੁਕਾਨ ਤੋਂ ਘਰ ਵਾਪਸ ਆ ਰਿਹਾ ਸੀ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਖ਼ਮੀ ਸਾਗਰ ਨੇ ਦੱਸਿਆ ਕਿ ਜਦੋਂ ਉਸ ਨੇ ਹਮਲਾਵਰਾਂ ਤੋਂ ਬਚਣ ਲਈ ਆਪਣੀ ਬਾਈਕ ਭਜਾਈ, ਤਾਂ ਸੰਤੁਲਨ ਵਿਗੜਨ ਕਾਰਨ ਬਾਈਕ ਡਿੱਗ ਗਈ, ਜਿਸ ਤੋਂ ਬਾਅਦ ਬਦਮਾਸ਼ਾਂ ਨੇ ਉਸ ਨੂੰ ਘੇਰ ਲਿਆ ਅਤੇ ਸੜਕ ਦੇ ਵਿਚਕਾਰ ਹੀ ਬੁਰੀ ਤਰ੍ਹਾਂ ਕੁੱਟਿਆ। ਸਾਗਰ ਅਨੁਸਾਰ, ਗੈਂਗਸਟਰ ਮੋਵਿਸ਼ ਬੈਂਸ, ਸ਼ਿਵਾ ਭੱਟੀ, ਨਰੇਸ਼ ਅਤੇ ਕਨਿਕ ਨੇ ਇਸ ਹਮਲੇ ਨੂੰ ਅੰਜਾਮ ਦਿੱਤਾ। ਪੀੜਤ ਨੇ ਦੱਸਿਆ ਕਿ ਮੋਵਿਸ਼ ਅਤੇ ਉਸ ਦੇ ਕੁਝ ਸਾਥੀਆਂ ਦੇ ਹੱਥਾਂ ਵਿਚ ਪਿਸਤੌਲ ਸਨ। ਮੋਵਿਸ਼ ਨੇ ਪਿਸਤੌਲ ਦੇ ਬੱਟ ਉਸ ਦੇ ਸਿਰ ’ਤੇ ਮਾਰੇ। ਹਮਲਾਵਰਾਂ ਨੇ ਤੇਜ਼ਧਾਰ ਹਥਿਆਰਾਂ ਨਾਲ ਸਾਗਰ ਦੀ ਲੱਤ ਤੋੜ ਦਿੱਤੀ। ਇਸ ਤੋਂ ਇਲਾਵਾ, ਉਸ ਦੀ ਪਿੱਠ ’ਤੇ ਕਰੀਬ 12-13 ਥਾਵਾਂ ’ਤੇ ਸੂਏ ਮਾਰੇ ਗਏ। ਸਾਗਰ ਨੇ ਕਿਸੇ ਤਰ੍ਹਾਂ ਭੱਜ ਕੇ ਆਪਣੀ ਜਾਨ ਬਚਾਈ। ਉਸ ਦੇ ਨਾਲ ਮੌਜੂਦ ਤਰੁਣ ਨਾਂ ਦੇ ਲੜਕੇ ਦੀ ਵੀ ਕੁੱਟਮਾਰ ਹੋਈ ਹੈ। ਪੀੜਤ ਸਾਗਰ ਨੇ ਦੱਸਿਆ ਕਿ ਹਮਲਾਵਰਾਂ ਨੇ ਉਸ ਦੀ ਜੇਬ ਵਿਚੋਂ 70,000 ਰੁਪਏ ਦੀ ਨਕਦੀ ਖੋਹ ਲਈ। ਹਮਲਾਵਰਾਂ ਨੇ ਉਸ ਦਾ ਮੋਬਾਈਲ ਵੀ ਖੋਹਿਆ ਸੀ, ਪਰ ਉਹ ਉਸ ਨੂੰ ਉੱਥੇ ਹੀ ਸੁੱਟ ਕੇ ਚਲੇ ਗਏ। ਸਾਗਰ ਨੇ ਦੱਸਿਆ ਕਿ ਬਦਮਾਸ਼ਾਂ ਕੋਲ ਕੁੱਲ 4 ਪਿਸਤੌਲ ਸਨ। ਸਾਗਰ ਨੇ ਦੱਸਿਆ ਕਿ ਉਸ ਨੂੰ ਨਿਸ਼ਾਨਾ ਬਣਾਉਣ ਦਾ ਕਾਰਨ ਗੈਂਗਸਟਰ ਮੋਵਿਸ਼ ਬੈਂਸ ਦੀ ਉਸ ਦੇ ਤਾਏ ਦੇ ਬੇਟੇ ਮੁਕੁਲ ਨਾਲ ਕਰੀਬ 2 ਸਾਲ ਪੁਰਾਣੀ ਲੜਾਈ ਹੈ। ਸਾਗਰ ਅਨੁਸਾਰ, ਉਸ ਸਮੇਂ ਮੋਵਿਸ਼ ਨੇ ਮੁਕੁਲ ਦੀ ਗੱਡੀ ’ਤੇ ਗੋਲੀਆਂ ਚਲਾਈਆਂ ਸਨ। ਸਾਗਰ ਨੇ ਸਪੱਸ਼ਟ ਕੀਤਾ ਕਿ ਉਸਦਾ ਮੁਕੁਲ ਨਾਲ ਕੋਈ ਲੈਣ-ਦੇਣ ਨਹੀਂ ਹੈ, ਪਰ ਮੋਵਿਸ਼ ਨੇ ਉਸੇ ਪੁਰਾਣੀ ਰੰਜਿਸ਼ ਕਾਰਨ ਉਸ ਨੂੰ ਨਿਸ਼ਾਨਾ ਬਣਾਇਆ। ਸਾਗਰ ਨੂੰ ਡੀ.ਐੱਮ.ਸੀ. ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ, ਜਿੱਥੇ ਥਾਣਾ ਡਿਵੀਜ਼ਨ ਨੰਬਰ 4 ਦੀ ਪੁਲਸ ਨੇ ਬੀਤੀ ਰਾਤ ਉਸਦੇ ਬਿਆਨ ਦਰਜ ਕੀਤੇ ਹਨ। ਮਾਰਕੁੱਟ ਦੀ ਸੀ.ਸੀ.ਟੀ.ਵੀ. ਵੀਡੀਓ ਵੀ ਪੁਲਸ ਨੂੰ ਮੁਹੱਈਆ ਕਰਵਾ ਦਿੱਤੀ ਗਈ ਹੈ, ਜਿਸ ਵਿਚ ਮੋਵਿਸ਼ ਬੈਂਸ ਅਤੇ ਉਸ ਦੇ ਸਾਥੀ ਕੈਦ ਹੋਏ ਹਨ। ਥਾਣਾ ਡਿਵੀਜ਼ਨ ਨੰਬਰ 4 ਦੇ ਐੱਸ.ਐੱਚ.ਓ. ਗਗਨਦੀਪ ਸਿੰਘ ਨੇ ਪੁਸ਼ਟੀ ਕੀਤੀ ਕਿ ਮੋਵਿਸ਼ ਬੈਂਸ ਅਤੇ ਉਸ ਦੇ ਸਾਥੀਆਂ ਖ਼?ਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਪੁਲਸ ਇਸ ਕੇਸ ਦੀ ਜਾਂਚ ਕਰ ਰਹੀ ਹੈ। ਪੀੜਤ ਸਾਗਰ ਨੇ ਪੁਲਸ ਕਮਿਸ਼ਨਰ ਤੋਂ ਇਨਸਾਫ਼ ਦੀ ਮੰਗ ਕਰਦਿਆਂ ਕਿਹਾ ਕਿ ਇਨ੍ਹਾਂ ਬਦਮਾਸ਼ਾਂ ਦਾ ਇਲਾਕੇ ਵਿਚ ਪਹਿਲਾਂ ਵੀ ਅਪਰਾਧਿਕ ਰਿਕਾਰਡ ਰਿਹਾ ਹੈ। ਉਸ ਨੇ ਇਹ ਵੀ ਦੋਸ਼ ਲਾਇਆ ਕਿ ਇਹ ਲੋਕ ਇਲਾਕੇ ਵਿਚ ਖੁੱਲ੍ਹੇਆਮ ’ਚਿੱਟਾ’ ਵੇਚਦੇ ਹਨ, ਪਰ ਲੋਕ ਡਰ ਕਾਰਨ ਸ਼ਿਕਾਇਤ ਦਰਜ ਨਹੀਂ ਕਰਵਾਉਂਦੇ। ਪੀੜਤ ਨੇ ਮੰਗ ਕੀਤੀ ਕਿ ਪੁਲਿਸ ਮੋਵਿਸ਼ ਬੈਂਸ ਨੂੰ ਤੁਰੰਤ ਗ੍ਰਿਫਤਾਰ ਕਰੇ।

## ਮੁੰਬਈ ’ਚ ਬਹੁ-ਮੰਜ਼ਿਲਾ ਵਪਾਰਕ ਇਮਾਰਤ ਵਿੱਚ ਅੱਗ ਲੱਗੀ

ਨੈਸ਼ਨਲ ਡੈਸਕ 19 ਅਕਤੂਬਰ। ਸੋਮਵਾਰ ਦੁਪਹਿਰ ਮੁੰਬਈ ਦੇ ਘਾਟਕੋਪਰ ਖੇਤਰ ਵਿੱਚ ਇੱਕ ਨੌਂ ਮੰਜ਼ਿਲਾ ਵਪਾਰਕ ਪਾਰਕ ਵਿੱਚ ਭਿਆਨਕ ਅੱਗ ਲੱਗ ਗਈ। ਹੁਣ ਤੱਕ ਕਿਸੇ ਜਾਨੀ ਨੁਕਸਾਨ ਦੀ ਖ਼ਬਰ ਨਹੀਂ ਹੈ। ਅਧਿਕਾਰੀ ਨੇ ਦੱਸਿਆ ਕਿ ਘਾਟਕੋਪਰ (ਪੱਛਮ) ਵਿੱਚ ਸ਼੍ਰੇਅਸ ਟਾਕੀਜ਼ ਨੇੜੇ ਐਲਬੀਐਸ ਰੋਡ ’ਤੇ ਸਥਿਤ ਨੌਂ ਮੰਜ਼ਿਲਾ ਵਪਾਰਕ ਪਾਰਕ ਵਿੱਚ ਦੁਪਹਿਰ 2:35 ਵਜੇ ਅੱਗ ਲੱਗਣ ਦੀ ਸੂਚਨਾ ਮਿਲੀ। ਨਗਰ ਨਿਗਮ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਮੁੱਢਲੀ ਜਾਣਕਾਰੀ ਤੋਂ ਪਤਾ ਚੱਲਿਆ ਹੈ ਕਿ ਅੱਗ ਵਪਾਰਕ ਇਮਾਰਤ ਦੀ ਜ਼ਮੀਨੀ ਮੰਜ਼ਿਲ ਤੱਕ ਹੀ ਸੀਮਤ ਸੀ। ਫਾਇਰ ਬ੍ਰਿਗੇਡ ਦੇ ਇੱਕ ਅਧਿਕਾਰੀ ਨੇ ਕਿਹਾ, ਸੱਤ ਫਾਇਰ ਟੈਂਡਰ ਮੌਕੇ ’ਤੇ ਭੇਜੇ ਗਏ ਹਨ।


# ਪੂਰਵ ਦਿਸ਼ਾ ਦੇ ਵਲ ਜਾਣ ਵਾਲੀਆਂ ਤਿਉਹਾਰ ਵਿਸ਼ੇਸ਼ ਰੇਲਗੱਡੀਆਂ-2025

ਦੀਵਾਲੀ ਅਤੇ ਛੱਠ ਪੂਜਾ ਤਿਉਹਾਰਾਂ ਦੇ ਦੌਰਾਨ ਰੇਲਯਾਤਰੀਆਂ ਦੇ ਸੁਵਿਧਾਜਨਕ ਆਉਣ ਜਾਣ ਲਈ ਉਤਰ ਰੇਲਵੇ ਦੁਆਰਾ ਹੋਰ ਖੇਤਰੀ ਰੇਲਾਂ ਦੇ ਸਹਿਯੋਗ ਨਾਲ ਮਿਤੀ 20.10.2025 ਤੋਂ 22.10.2025 ਤਕ ਪੂਰਵ ਦਿਸ਼ਾ ਦੇ ਵਲ ਹੇਠਾਂ ਲਿਖਤ ਤਿਉਹਾਰ ਵਿਸ਼ੇਸ਼ ਰੇਲਗੱਡੀਆਂ ਚਲਾਈਆਂ ਜਾਣਗੀਆਂ, ਜਿਨ੍ਹਾਂ ਦਾ ਵੇਰਵਾ ਹੇਠਾਂ ਅਨੁਸਾਰ ਹੈ:-

| ਵਿਸ਼ੇਸ਼ ਗੱਡੀ ਨੰ. | ਸਟੇਸ਼ਨ ਤੋਂ | ਪ੍ਰਸਥਾਨ ਸਮਾਂ | ਸਟੇਸ਼ਨ ਤਕ | ਆਗਮਨ ਸਮਾਂ | ਸਥਾਨ | ਠਹਿਰਾਓ |
|---|---|---|---|---|---|---|
| **ਮਿਤੀ 20.10.2025 (ਸੋਮਵਾਰ) ਨੂੰ ਪੂਰਵ ਦਿਸ਼ਾ ਦੇ ਵੱਲ ਪ੍ਰਸਥਾਨ ਕਰਨ ਵਾਲੀਆਂ ਰੇਲਗੱਡੀਆਂ ਦੀ ਸੂਚੀ** | | | | | | |
| 02252 | ਨਵੀਂ ਦਿੱਲੀ (ਵੰਦੇ ਭਾਰਤ) | 08:35 | ਪਟਨਾ ਜੰ. | 21:30 | ਏਸੀ ਚੇਅਰਕਾਰ ਅਤੇ ਅਗਿਜ. ਏਸੀ ਚੇਅਰਕਾਰ | ਅਲੀਗੜ੍ਹ ਜੰ. ਕਾਨਪੁਰ ਸੈਂਟ੍ਰਲ, ਪ੍ਰਯਾਗਰਾਜ ਜੰ., ਦੀਨ ਦਿਆਲ ਉਪਾਧਿਆਏ ਜੰ., ਬਕਸਰ ਅਤੇ ਆਰਾ |
| 04204 | ਨਵੀਂ ਦਿੱਲੀ | 20:20 | ਲਖਨਊ | 06:35 | ਫਸਟ ਏਸੀ, ਸਹਿ 2 ਟੀਯਰ ਏਸੀ 3 ਟੀਯਰ ਏਸੀ, ਸਲੀ. ਅਤੇ ਜਨ. | ਗਾਜੀਆਬਾਦ, ਹਾਪੁੜ, ਮੁਰਾਦਾਬਾਦ ਬਰੇਲੀ, ਸ਼ਾਹਜਹਾਂਪੁਰ ਅਤੇ ਹਰਦੋਈ |
| 04450 | ਨਵੀਂ ਦਿੱਲੀ | 15:10 | ਦਰਭੰਗਾ | 16:30 | ਸਲੀਪਰ ਅਤੇ ਜਨਰਲ | ਗਾਜੀਆਬਾਦ, ਅਲੀਗੜ੍ਹ ਜੰ. ਕਾਨਪੁਰ ਸੈਂਟ੍ਰਲ, ਓਨਾਵ ਜੰ., ਏਸ਼ਬਾਗ, ਬਾਦਸ਼ਾਹਨਗਰ, ਗੋਂਡਾ ਜੰ. ਗੋਰਖਪੁਰ, ਦੇਵਰੀਆ ਸਦਰ, ਸੀਵਾਨ ਜੰ. ਛਪਰਾ, ਸੋਨਪੁਰ ਜੰ., ਹਾਜੀਪੁਰ ਜੰ., ਮੁਜਫਰਪੁਰ ਜੰ. ਅਤੇ ਸਮਸਤੀਪੁਰ ਜੰ. |
| 04454 | ਨਵੀਂ ਦਿੱਲੀ | 20:00 | ਮਾਨਸੀ | 23:30 | ਸਲੀਪਰ ਅਤੇ ਜਨਰਲ | ਗਾਜੀਆਬਾਦ, ਅਲੀਗੜ੍ਹ ਜੰ., ਟੂੰਡਲਾ ਜੰ., ਇਟਾਵਾ, ਕਾਨਪੁਰ ਸੈਂਟ੍ਰਲ, ਉਨਾਵ ਜੰ., ਏਸ਼ਬਾਗ, ਬਾਦਸ਼ਾਹਨਗਰ, ਬਾਰਾਬੰਕੀ, ਜੰ. ਗੋਂਡਾ ਜੰ., ਬਸਤੀ, ਖਲੀਲਾਬਾਦ, ਗੋਰਖਪੁਰ, ਦੇਵਰੀਆ ਸਦਰ, ਸੀਵਾਨ ਜੰ., ਛਪਰਾ, ਸੋਨਪੁਰ ਜੰ., ਹਾਜੀਪੁਰ ਜੰ., ਸ਼ਾਹਪੁਰ ਪਟੋਰੀ, ਬਰੌਨੀ ਜੰ., ਬੇਗੂਸਰਾਏ ਅਤੇ ਖਗੜਿਯਾ ਜੰ. |
| 04456 | ਨਵੀਂ ਦਿੱਲੀ | 22:40 | ਧਨਬਾਦ | 02:20 | ਸਲੀਪਰ ਅਤੇ ਜਨਰਲ | ਗਾਜੀਆਬਾਦ, ਹਾਪੁੜ, ਮੁਰਾਦਾਬਾਦ, ਬਰੇਲੀ, ਸ਼ਾਹਜਹਾਂਪੁਰ, ਹਰਦੋਈ, ਆਲਮਨਗਰ, ਓਤਰੇਟੀਯਾ, ਰਾਯਬਰੇਲੀ ਜੰ., ਅਮੇਠੀ, ਮਾਂ ਬੇਲਹਾ ਦੇਵੀ ਧਾਮ, ਪ੍ਰਤਾਪਗੜ੍ਹ, ਬਦੋਹੀ, ਵਾਰਾਨਸੀ ਜੰ., ਦੀਨ ਦਿਆਲ ਉਪਾਧਿਆਏ ਜੰ. ਭਭੂਆ ਰੋਡ, ਸਾਸਾਰਾਮ, ਡੇਹਰੀ ਆਨ ਸੋਨ, ਅਨੁਗ੍ਰਹਿ ਨਾਰਾਇਣ ਰੋਡ, ਕੋਡਰਮਾ ਹਜਾਰੀ ਬਾਗ ਰੋਡ, ਪਾਰਸਨਾਥ ਅਤੇ ਗੋਮੋ |
| 04458 | ਆਨੰਦ ਵਿਹਾਰ (ਟ.) | 13:40 | ਭਾਗਲਪੁਰ | 14:30 | ਸਲੀਪਰ ਅਤੇ ਜਨਰਲ | ਗਾਜੀਆਬਾਦ, ਕਾਨਪੁਰ ਸੈਂਟ੍ਰਲ, ਪ੍ਰਯਾਗਰਾਜ ਜੰ., ਦੀਨ ਦਿਆਲ ਉਪਾਧਿਆਏ ਜੰ., ਬਕਸਰ, ਆਰਾ, ਪਟਨਾ ਜੰ., ਪਟਨਾ ਸਾਹਿਬ, ਫਤੂਹਾ, ਖੁਸਰੂਪੁਰ, ਬਖਿਤਯਾਰਪੁਰ ਜੰ., ਬਾੜ, ਮੁਕਾਮਾ ਜੰ., ਹਾਥੀਦਾ ਜੰ., ਬੜਹਿਆ, ਲਖੀਸਰਾਏ ਜੰ., ਕਯੂਲ ਜੰ., ਕਜਰਾ, ਅਭੈਪੁਰ, ਦਰਹਰਾ, ਜਮਾਲਪੁਰ ਜੰ., ਬਰਿਯਾਰਪੁਰ ਅਤੇ ਸੁਲਤਾਨਗੰਜ |
| 04016 | ਆਨੰਦ ਵਿਹਾਰ (ਟ.) | 15:30 | ਸੀਤਾਮੜ੍ਹੀ | 15:00 | 2 ਟੀਯਰ ਏਸੀ, 3 ਟੀਯਰ ਏਸੀ ਸਲੀਪਰ ਅਤੇ ਜਨਰਲ | ਗਾਜੀਆਬਾਦ, ਹਾਪੁੜ, ਮੁਰਾਦਾਬਾਦ, ਬਰੇਲੀ, ਸ਼ਾਹਜਹਾਂਪੁਰ, ਹਰਦੋਈ, ਲਖਨਊ, ਗੋਂਡਾ ਜੰ., ਗੋਰਖਪੁਰ, ਕਪਤਾਨਗੰਜ ਜੰ. ਸਿਸਵਾ ਬਜਾਰ, ਬਗਹਾ, ਹਰਿਨਗਰ, ਨਰਕਟਿਯਾਗੰਜ ਜੰ., ਸਿਕਟਾ, ਰਕਸੌਲ ਜੰ., ਅਤੇ ਬੇਰਗਨੀਆ |
| 04452 | ਨਵੀਂ ਦਿੱਲੀ | 18:15 | ਹਾਵੜਾ ਜੰ. | 23:30 | ਸਲੀਪਰ ਅਤੇ ਜਨਂਰਲ | ਗਾਜੀਆਬਾਦ, ਅਲੀਗੜ੍ਹ ਜੰ., ਟੂੰਡਲਾ ਜੰ., ਇਟਾਵਾ, ਗੋਬਿੰਦਪੁਰੀ, ਪ੍ਰਯਾਗਰਾਜ ਜੰ., ਜੰਘਈ ਜੰ., ਵਾਰਾਨਸੀ ਜੰ. ਦੀਨ ਦਿਆਲ ਉਪਾਧਿਆਏ ਜੰ., ਭਭੂਆ ਰੋਡ, ਸਾਸਾਰਾਮ, ਡੇਹਰੀ ਆਨ ਸੋਨ, ਅਨੁਗ੍ਰਹਿ ਨਾਰਾਇਣ ਰੋਡ, ਗਯਾ, ਕੋਡਰਮਾ ਪਾਰਸਨਾਥ ਧਨਬਾਦ ਜੰ., ਆਸਨਸੋਲ ਜੰ. ਦੁਰਗਾਪੁਰ, ਵਰਧਾਮਾਨ ਅਤੇ ਬੰਦੇਲ ਜੰ. |
| 04094 | ਹਜਰਤ ਨਿਜਾਮੂਦੀਨ | 11:00 | ਪਟਨਾ ਜੰ. | 05:00 | ਫਸਟ ਏਸੀ, 2 ਟੀਯਰ ਏਸੀ, 3 ਟੀਯਰ ਏਸੀ, | ਗਾਜੀਆਬਾਦ, ਗੋਬਿੰਦਪੁਰੀ, ਪ੍ਰਯਾਗਰਾਜ ਜੰ., ਦੀਨ ਦਿਆਲ ਉਪਾਧਿਆਏ ਜੰ., ਬਕਸਰ, ਆਰਾ, ਅਤੇ ਦਾਨਾਪੁਰ |
| 04096 | ਆਨੰਦ ਵਿਹਾਰ (ਟ.) | 00:05 | ਪਾਟਿਲੀਪੁਤਰ | 21:30 | ਫਸਟ ਏਸੀ, 2 ਟੀਯਰ ਏਸੀ, 3 ਟੀਯਰ ਏਸੀ, 3 ਟੀਯਰ ਏਸੀ, ਇਕੋਨਾਮੀ ਸਲੀਪਰ ਅਤੇ ਜਨਰਲ | ਗਾਜੀਆਬਾਦ, ਕਾਨਪੁਰ ਸੈਂਟ੍ਰਲ, ਪ੍ਰਯਾਗਰਾਜ ਜੰ., ਵਾਰਾਨਸੀ ਜੰ., ਗਾਜੀਪੁਰ ਸਿਟੀ, ਫੇਫਨਾ ਜੰ., ਬਲਿਯਾ, ਸਹਤਵਾਰ, ਬਕੁਲਹਾ, ਛਪਰਾ ਅਤੇ ਦਿਘਵਾਰਾ |
| 04098 | ਨਵੀਂ ਦਿੱਲੀ | 09:30 | ਹਸਨਪੁਰ ਰੋਡ | 12:00 | 3 ਟੀਯਰ ਏਸੀ, ਇਕੋਨਮੀ ਅਤੇ ਜਨਰਲ | ਗਾਜੀਆਬਾਦ, ਕਾਨਪੁਰ ਸੈਂਟ੍ਰਲ, ਓਨਾਵ, ਏਸ਼ਬਾਗ, ਬਾਦਸ਼ਾਹਨਗਰ, ਬਾਰਾਬੰਕੀ, ਬੁੜਵਲ, ਗੋਂਡਾ, ਗੋਰਖਪੁਰ, ਕਪਤਾਨਗੰਜ, ਸਿਸਵਾ ਬਜ਼ਾਰ, ਬਗਹਾ, ਨਰਕਿਟਾਗੰਜ, ਬੇਤੀਆ, ਸਗੋਲੀ, ਬਾਪੂਧਾਮ ਮੋਤੀਹਾਰੀ, ਮੁਜਫਰਪੁਰ ਅਤੇ ਸਮਸਤੀਪੁਰ ਜੰ. |
| 04090 | ਆਨੰਦ ਵਿਹਾਰ (ਟ.) | 14:25 | ਪਟਨਾ ਜੰ. | 11:00 | 2 ਟੀਯਰ, 3 ਟੀਯਰ ਏਸੀ ਸਲੀਪਰ ਅਤੇ ਜਨਰਲ | ਕਾਨਪੁਰ ਸੈਂਟਰਲ, ਪ੍ਰਯਾਗਰਾਜ ਜੰ., ਵਾਰਾਨਸੀ ਜੰ., ਗਾਜੀਪੁਰ ਸਿਟੀ, ਬਲਿਯਾ, ਸਹਤਵਾਰ, ਸੁਰੇਮਨਪੁਰ, ਛਪਰਾ ਅਤੇ ਪਾਟਿਲਪੁਤਰ |
| 03256 | ਆਨੰਦ ਵਿਹਾਰ (ਟ.) | 23:30 | ਪਟਨਾ ਜੰ. | 18:35 | 2 ਟੀਯਰ ਏਸੀ, 3 ਟੀਯਰ ਏਸੀ, 3 ਟੀਯਰ ਏਸੀ, ਇਕੋਨਾਮੀ ਸਲੀਪਰ ਅਤੇ ਜਨਰਲ | ਗੋਵਿੰਦਪੁਰੀ, ਪ੍ਰਯਾਗਰਾਜ ਜੰ., ਦੀਨ ਦਿਆਲ ਉਪਾਧਿਆਏ ਜੰ., ਬਕਸਰ, ਆਰਾ, ਅਤੇ ਦਾਨਾਪੁਰ |
| 03258 | ਆਨੰਦ ਵਿਹਾਰ (ਟ.) | 05:00 | ਦਾਨਾਪੁਰ | 20:45 | 3 ਟੀਯਰ ਏਸੀ, ਇਕੋਨਾਮੀ ਸਲੀਪਰ | ਅਲੀਗੜ੍ਹ ਜੰ. ਟੂੰਡਲ, ਇਟਾਵਾ, ਗੋਵਿੰਦਪੁਰੀ ਅਤੇ ਫਤਹਿਪੁਰ |
| 02398 | ਆਨੰਦ ਵਿਹਾਰ (ਟ.) | 08:20 | ਗਯਾ | 00:30 | ਫਸਟ ਏਸੀ, 2 ਟੀਯਰ ਏਸੀ, 3 ਟੀਯਰ ਏਸੀ, 3 ਟੀਯਰ ਏਸੀ, ਇਕੋਨਾਮੀ ਸਲੀਪਰ ਅਤੇ ਜਨਰਲ | ਕਾਨਪੁਰ ਜੰ., ਪ੍ਰਯਾਗਰਾਜ ਜੰ., ਪੰ. ਦੀਨ ਦਿਆਲ ਉਪਾਧਿਆਏ ਜੰ., ਬਕਸਰ ਅਤੇ ਆਰਾ |
| 03640 | ਦਿੱਲੀ ਜੰ. | 19:00 | ਗਯਾ | 11:30 | 2 ਟੀਯਰ ਏਸੀ, 3 ਟੀਯਰ ਏਸੀ, ਸਲੀਪਰ ਅਤੇ ਜਨਰਲ | ਗੋਵਿੰਦਪੁਰੀ, ਪ੍ਰਯਾਗਰਾਜ ਜੰ., ਪੰ. ਦੀਨਦਿਆਲ ਉਪਾਧਿਆਏ ਜੰ., ਭਭੂਆ ਰੋਡ, ਸਾਸਾਰਾਮ ਡੇਹਰੀ ਆਨ ਸੋਨ ਅਤੇ ਅਨੁਗ੍ਰਹਿ ਨਾਰਾਇਣ ਰੋਡ |
| 04124 | ਹਜਰਤ ਨਿਜਾਮੂਦੀਨ | 15:45 | ਪ੍ਰਯਾਗਰਾਜ ਜੰ. | 09:10 | 3 ਟੀਯਰ ਏਸੀ, ਸਲੀਪਰ ਅਤੇ ਜਨਰਲ | ਕੋਸੀ ਕਲਾਂ, ਮਥੁਰਾ ਜੰ., ਆਗਰਾ ਕੈਂਟ, ਧੌਲਪੁਰ, ਗਵਾਲੀਅਰ ਜੰ., ਵੀਰਾਂਗਨਾ ਲਕਸ਼ਮੀ ਬਾਈ ਝਾਂਸੀ, ਮਊ ਰਾਣੀਪੁਰ, ਹਰਪਾਲ ਪੁਰ, ਕੁਲਪਹਾੜ, ਮਹੋਬਾ ਬਾਂਦਰਾ ਜੰ. ਅਤਰਾ, ਚਿਤਰਕੂਟ ਧਾਮ, ਮਾਨਿਕਪੁਰ ਜੰ., ਡਭੌਰਾ ਅਤੇ ਸ਼ੰਕਰਗੜ੍ਹ |
| **ਮਿਤੀ 21.10.2025 (ਮੰਗਲਵਾਰ) ਨੂੰ ਪੂਰਵ ਦਿਸ਼ਾ ਦੇ ਵੱਲ ਪ੍ਰਸਥਾਨ ਕਰਨ ਵਾਲੀਆਂ ਰੇਲਗੱਡੀਆਂ ਦੀ ਸੂਚੀ** | | | | | | |
| 02254 | ਨਵੀਂ ਦਿੱਲੀ (ਵੰਦੇ ਭਾਰਤ) | 08:35 | ਪਟਨਾ ਜੰ. | 21:30 | ਏਸੀ ਚੇਅਰਕਾਰ ਅਤੇ ਅਗਿਜ. ਏਸੀ ਚੇਅਰਕਾਰ | ਅਲੀਗੜ੍ਹ ਜੰ. ਕਾਨਪੁਰ ਸੈਂਟ੍ਰਲ, ਪ੍ਰਯਾਗਰਾਜ ਜੰ., ਦੀਨ ਦਿਆਲ ਉਪਾਧਿਆਏ ਜੰ., ਬਕਸਰ ਅਤੇ ਆਰਾ |
| 04090 | ਆਨੰਦ ਵਿਹਾਰ (ਟ.) | 14:25 | ਪਟਨਾ ਜੰ. | 11:00 | 2 ਟੀਯਰ ਏਸੀ, 3 ਟੀਯਰ ਏਸੀ, ਸਲੀਪਰ ਅਤੇ ਜਨਰਲ | ਕਾਨਪੁਰ ਸੈਂਟ੍ਰਲ ਪ੍ਰਯਾਗਰਾਜ ਜੰ., ਵਾਰਾਨਸੀ ਜੰ., ਗਾਜੀਪੁਰ ਸਿਟੀ, ਬਲਿਯਾ, ਸਹਤਵਾਰ ਸੁਮੇਰਨਪੁਰ, ਛਪਰਾ ਅਤੇ ਪਾਟਿਲਪੁਤਰ |
| 04064 | ਦਿੱਲੀ ਜੰ. | 11:00 | ਭਾਗਲਪੁਰ | 10:30 | ਸਲੀਪਰ ਅਤੇ ਜਨਰਲ | ਅਲੀਗੜ੍ਹ ਜੰ. ਟੂੰਡਲਾ ਜੰ., ਗੋਵਿੰਦਪੁਰੀ, ਪ੍ਰਯਾਗਰਾਜ ਜੰ., ਪ. ਦੀਨ ਦਿਆਲ ਉਪਾਧਿਆਏ ਜੰ., ਭਭੂਆ ਰੋਡ, ਸਾਸਾਰਾਮ, ਡੇਹਰੀ ਆਨ ਸੋਨ, ਅਨੁਗ੍ਰਹਿ ਨਾਰਾਇਣ ਰੋਡ, ਰਫੀ ਗੰਜ, ਗਯਾ ਜੰ., ਤਿਲੈਯਾ, ਨਵਾਦਾ, ਵਾਰਿਸ ਅਲੀਗੰਜ, ਸ਼ੇਖਪੁਰਾ, ਕਿਊਲ ਜੰ., ਅਭੈਪੁਰ, ਜਮਾਲਪੁਰ ਜੰ., ਅਤੇ ਸੁਲਤਾਨਗੰਜ |
| 04450 | ਨਵੀਂ ਦਿੱਲੀ | 15:10 | ਦਰਭੰਗਾ | 16:30 | ਸਲੀਪਰ ਅਤੇ ਜਨਰਲ | ਗਾਜੀਆਬਾਦ, ਅਲੀਗੜ੍ਹ ਜੰ., ਕਾਨਪੁਰ ਸੈਂਟ੍ਰਲ, ਉਨਾਵ ਜੰ., ਏਸ਼ਬਾਗ, ਬਾਦਸ਼ਾਹਨਗਰ, ਗੋਂਡਾ ਜੰ., ਗੋਰਖਪੁਰ, ਦੇਵਰੀਆ ਸਦਰ, ਸੀਵਾਨ ਜੰ., ਛਪਰਾ, ਸੋਨਪੁਰ ਜੰ., ਹਾਜੀਪੁਰ ਜੰ., ਮੁਜਫਰਪੁਰ ਜੰ., ਅਤੇ ਸਮਸਤੀਪੁਰ ਜੰ. |
| 04454 | ਨਵੀਂ ਦਿੱਲੀ | 20:00 | ਮਾਨਸੀ | 23:30 | ਸਲੀਪਰ ਅਤੇ ਜਨਰਲ | ਗਾਜੀਆਬਾਦ, ਅਲੀਗੜ੍ਹ ਜੰ., ਟੂੰਡਲਾ ਜੰ., ਇਟਾਵਾ, ਕਾਨਪੁਰ ਸੈਂਟ੍ਰਲ, ਉਨਾਵ ਜੰ., ਏਸ਼ਬਾਗ, ਬਾਦਸ਼ਾਹਨਗਰ, ਬਾਰਾਬੰਕੀ, ਜੰ. ਗੋਂਡਾ ਜੰ., ਬਸਤੀ, ਖਲੀਲਾਬਾਦ, ਗੋਰਖਪੁਰ, ਦੇਵਰੀਆ ਸਦਰ, ਸੀਵਾਨ ਜੰ., ਛਪਰਾ, ਸੋਨਪੁਰ ਜੰ., ਹਾਜੀਪੁਰ ਜੰ., ਸ਼ਾਹਪੁਰ ਪਟੋਰੀ, ਬਰੌਨੀ ਜੰ., ਬੇਗੂਸਰਾਏ ਅਤੇ ਖਗੜਿਯਾ ਜੰ. |
| 04456 | ਨਵੀਂ ਦਿੱਲੀ | 22:40 | ਧਨਬਾਦ | 02:20 | ਸਲੀਪਰ ਅਤੇ ਜਨਰਲ | ਗਾਜੀਆਬਾਦ, ਹਾਪੁੜ, ਮੁਰਾਦਾਬਾਦ, ਬਰੇਲੀ, ਸ਼ਾਹਜਹਾਂਪੁਰ, ਹਰਦੋਈ, ਆਲਮਨਗਰ, ਓਤਰੇਟੀਯਾ, ਰਾਯਬਰੇਲੀ ਜੰ., ਅਮੇਠੀ, ਮਾਂ ਬੇਲਹਾ ਦੇਵੀ ਧਾਮ, ਪ੍ਰਤਾਪਗੜ੍ਹ, ਬਦੋਹੀ, ਵਾਰਾਨਸੀ ਜੰ., ਦੀਨ ਦਿਆਲ ਉਪਾਧਿਆਏ ਜੰ. ਭਭੂਆ ਰੋਡ, ਸਾਸਾਰਾਮ, ਡੇਹਰੀ ਆਨ ਸੋਨ, ਅਨੁਗ੍ਰਹਿ ਨਾਰਾਇਣ ਰੋਡ, ਕੋਡਰਮਾ ਹਜਾਰੀ ਬਾਗ ਰੋਡ. ਪਾਰਸਨਾਥ ਅਤੇ ਗੋਮੋ |
| 04458 | ਆਨੰਦ ਵਿਹਾਰ (ਟ.) | 13:40 | ਭਾਗਲਪੁਰ | 14:30 | ਸਲੀਪਰ ਅਤੇ ਜਨਰਲ | ਗਾਜੀਆਬਾਦ, ਕਾਨਪੁਰ ਸੈਂਟ੍ਰਲ, ਪ੍ਰਯਾਗਰਾਜ ਜੰ., ਦੀਨ ਦਿਆਲ ਉਪਾਧਿਆਏ ਜੰ., ਬਕਸਰ, ਆਰਾ, ਪਟਨਾ ਜੰ., ਪਟਨਾ ਸਾਹਿਬ, ਫਤੂਹਾ, ਖੁਸਰੂਪੁਰ, ਬਖਿਤਯਾਰਪੁਰ ਜੰ., ਬਾੜ, ਮੁਕਾਮਾ ਜੰ., ਹਾਥੀਦਾ ਜੰ., ਬੜਹਿਆ, ਲਖੀਸਰਾਏ ਜੰ., ਕਯੂਲ ਜੰ., ਕਜਰਾ, ਅਭੈਪੁਰ, ਦਰਹਰਾ, ਜਮਾਲਪੁਰ ਜੰ., ਬਰਿਯਾਰਪੁਰ ਅਤੇ ਸੁਲਤਾਨਗੰਜ |
| 04016 | ਆਨੰਦ ਵਿਹਾਰ (ਟ.) | 15:30 | ਸੀਤਾਮੜ੍ਹੀ | 15:00 | 2 ਟੀਯਰ ਏਸੀ, 3 ਟੀਯਰ ਏਸੀ, ਸਲੀਪਰ ਅਤੇ ਜਨਰਲ | ਗਾਜੀਆਬਾਦ, ਹਾਪੁੜ, ਮੁਰਾਦਾਬਾਦ, ਬਰੇਲੀ, ਸ਼ਾਹਜਹਾਂਪੁਰ, ਹਰਦੋਈ, ਲਖਨਊ, ਗੋਂਡਾ ਜੰ., ਗੋਰਖਪੁਰ, ਕਪਤਾਨਗੰਜ ਜੰ. ਸਿਸਵਾ ਬਜਾਰ, ਬਗਹਾ, ਹਰਿਨਗਰ, ਨਰਕਟਿਯਾਗੰਜ ਜੰ., ਸਿਕਟਾ, ਰਕਸੌਲ ਜੰ., ਅਤੇ ਬੇਰਗਨੀਆ |
| 04452 | ਨਵੀਂ ਦਿੱਲੀ | 18:15 | ਹਾਵੜਾ ਜੰ. | 23:30 | ਸਲੀਪਰ ਅਤੇ ਜਨਰਲ | ਗਾਜੀਆਬਾਦ, ਅਲੀਗੜ੍ਹ ਜੰ., ਟੂੰਡਲਾ ਜੰ., ਇਟਾਵਾ, ਗੋਬਿੰਦਪੁਰੀ, ਪ੍ਰਯਾਗਰਾਜ ਜੰ., ਜੰਘਈ ਜੰ., ਵਾਰਾਨਸੀ ਜੰ. ਦੀਨ ਦਿਆਲ ਉਪਾਧਿਆਏ ਜੰ., ਭਭੂਆ ਰੋਡ, ਸਾਸਾਰਾਮ, ਡੇਹਰੀ ਆਨ ਸੋਨ, ਅਨੁਗ੍ਰਹਿ ਨਾਰਾਇਣ ਰੋਡ, ਗਯਾ, ਕੋਡਰਮਾ ਪਾਰਸਨਾਥ ਧਨਬਾਦ ਜੰ., ਆਸਨਸੋਲ ਜੰ. ਦੁਰਗਾਪੁਰ, ਵਰਧਾਮਾਨ ਅਤੇ ਬੰਦੇਲ ਜੰ. |
| 04094 | ਹਜਰਤ ਨਿਜਾਮੂਦੀਨ | 11:00 | ਪਟਨਾ ਜੰ. | 05:00 | ਫਸਟ ਏਸੀ, 2 ਟੀਯਰ ਏਸੀ, 3 ਟੀਯਰ ਏਸੀ | ਗਾਜੀਆਬਾਦ, ਗੋਬਿੰਦਪੁਰੀ, ਪ੍ਰਯਾਗਰਾਜ ਜੰ., ਦੀਨ ਦਿਆਲ ਉਪਾਧਿਆਏ ਜੰ., ਬਕਸਰ, ਆਰਾ, ਅਤੇ ਦਾਨਾਪੁਰ |
| 04096 | ਆਨੰਦ ਵਿਹਾਰ (ਟ.) | 00:05 | ਪਾਟਿਲੀਪੁਤਰ | 21:30 | ਫਸਟ ਟੀਯਰ ਏਸੀ, 2 ਟੀਯਰ ਏਸੀ, 3 ਟੀਯਰ ਏਸੀ 3 ਟੀਯਰ ਏਸੀ, ਇਕੋਨਾਮੀ ਸਲੀਪਰ ਅਤੇ ਜਨਰਲ | ਗਾਜੀਆਬਾਦ, ਕਾਨਪੁਰ ਸੈਂਟ੍ਰਲ, ਪ੍ਰਯਾਗਰਾਜ ਜੰ., ਵਾਰਾਨਸੀ ਜੰ., ਗਾਜੀਪੁਰ ਸਿਟੀ, ਫੇਫਨਾ ਜੰ., ਬਲਿਯਾ, ਸਹਤਵਾਰ, ਬਕੁਲਹਾ, ਛਪਰਾ ਅਤੇ ਦਿਘਵਾਰਾ |
| 04098 | ਨਵੀਂ ਦਿੱਲੀ | 09:30 | ਹਸਨਪੁਰ ਰੋਡ | 12:00 | 3 ਟੀਯਰ ਸਲੀਪਰ ਅਤੇ ਜਨਰਲ | ਗਾਜੀਆਬਾਦ, ਕਾਨਪੁਰ ਸੈਂਟ੍ਰਲ, ਓਨਾਵ, ਏਸ਼ਬਾਗ, ਬਾਦਸ਼ਾਹਨਗਰ, ਬਾਰਾਬੰਕੀ, ਬੁੜਵਲ, ਗੋਂਡਾ, ਗੋਰਖਪੁਰ, ਕਪਤਾਨਗੰਜ, ਸਿਸਵਾ ਬਜ਼ਾਰ, ਬਗਹਾ, ਨਰਕਿਟਾਗੰਜ, ਬੇਤੀਆ, ਸਗੋਲੀ, ਬਾਪੂਧਾਮ ਮੋਤੀਹਾਰੀ, ਮੁਜਫਰਪੁਰ ਅਤੇ ਸਮਸਤੀਪੁਰ ਜੰ. |
| 03436 | ਆਨੰਦ ਵਿਹਾਰ (ਟ.) | 15:45 | ਮਾਲਦਾ ਟਾਊਨ | 21:05 | ਸਲੀਪਰ ਅਤੇ ਜਨਰਲ | ਟੂੰਡਲਾ ਜੰ., ਗੋਵਿੰਦਪੁਰੀ, ਪ੍ਰਯਾਗਰਾਜ ਜੰ. ਪੰ. ਦੀਨ ਦਿਆਲ ਉਪਾਧਿਆਏ ਜੰ., ਭਭੂਆ ਰੋਡ, ਸਾਸਾਰਾਮ, ਡੇਹਰੀ ਆਨ ਸੋਨ, ਅਨੁਗ੍ਰਹਿ ਨਾਰਾਇਣ ਰੋਡ, ਗਯਾ, ਤੈਲਯਾਂ ਜੰ. ਨਵਾਦਾ, ਸ਼ੇਖਪੁਰਾ, ਕਿਊਲ ਜੰ., ਅਭੈਪੁਰ ਜਮਾਲਪੁਰ ਜੰ., ਸੁਲਤਾਨਗੰਜ, ਭਾਗਲਪੁਰ, ਕਹਿਲਗਾਂਵ, ਪੀਰਪੈਂਤੀ ਸਾਹਿਬਗੰਜ ਜੰ., ਬਰਹਵਰਾ ਜੰ. ਅਤੇ ਨਿਊ ਫਰੱਕਕਾ ਜੰ. |
| 03698 | ਦਿੱਲੀ ਜੰ. | 08:55 | ਗਯਾ | 00:30 | ਸਲੀਪਰ ਅਤੇ ਜਨਰਲ | ਗੋਵਿੰਦਪੁਰੀ, ਪ੍ਰਯਾਗਰਾਜ, ਦੀਨ ਦਿਆਲ ਉਪਾਧਿਆਏ, ਭਭੂਆ ਰੋਡ, ਸਾਸਾਰਾਮ, ਡੇਹਰੀ ਆਨ ਸੋਨ ਅਤੇ ਅਨੁਗ੍ਰਹਿ ਨਾਰਾਇਣ ਰੋਡ |
| 05576 | ਆਨੰਦ ਵਿਹਾਰ (ਟ.) | 05:15 | ਸਹਰਸਾ ਜੰ. | 10:30 | 3 ਟੀਯਰ ਏਸੀ, ਇਕੋਨਾਮੀ ਅਤੇ ਜਨਰਲ | ਗਾਜੀਆਬਾਦ, ਹਾਪੁੜ, ਮੁਰਾਦਾਬਾਦ, ਬਰੇਲੀ, ਸ਼ਾਹਜਹਾਂਪੁਰ, ਸੀਤਾਪੁਰ, ਜੰ., ਗੋਂਡਾ ਜੰ., ਬਸਤੀ, ਗੋਰਖਪੁਰ ਜੰ., ਕਪਤਾਨਗੰਜ ਜੰ. ਬਗਹਾ ਨਰਕਟਿਯਾਗੰਜ ਜੰ., ਰਕਸੌਲ ਜੰ. ਬਰਗਨਿਆ, ਸੀਤਾਮੜ੍ਹੀ, ਜਨਕਪੁਰ ਰੋਡ, ਸ਼ੀਸ਼ੋ ਸਕਰੀ ਜੰ. ਝਾਂਜਰਪੁਰ, ਘੋਗਰਡੀਹਾ, ਨਿਰਮਲੀ, ਸਰਾਏਗੜ੍ਹ, ਸੁਪੌਲ ਗੜਬਰੂਆਰੀ |
| 03222 | ਆਨੰਦ ਵਿਹਾਰ (ਟ.) | 16:00 | ਰਾਜਗੀਰ | 16:45 | 2 ਟੀਯਰ ਏਸੀ, 3 ਟੀਯਰ ਏਸੀ ਸਲੀਪਰ ਅਤੇ ਜਨਰਲ | ਗਾਜੀਆਬਾਦ, ਹਾਪੁੜ, ਮੁਰਾਦਾਬਾਦ, ਬਰੇਲੀ, ਸ਼ਾਹਜਹਾਂਪੁਰ, ਲਖਨਊ ਜੰ., ਅਯੁਧਿਆ ਧਾਮ ਜੰ., ਵਾਰਾਨਸੀ ਪੰ. ਦੀਨ ਦਿਆਲ ਉਪਾਧਿਆਏ ਜੰ. ਬਕਸਰ, ਆਰਾ, ਦਾਨਾਪੁਰ, ਪਟਨਾ ਜੰ. ਪਟਨਾ ਸਾਹਿਬ ਅਤੇ ਫਤੂਹਾ ਬਖਤਿਆਰਪੁਰ ਜੰ. ਹਰਨੋਤ ਵੇਹਨਾ, ਬਿਹਾਰ ਸ਼ਰੀਫ, ਪਾਵਾਪੁਰੀ ਰੋਡ ਅਤੇ ਨਾਲੰਦਾ |
| 02310 | ਆਨੰਦ ਵਿਹਾਰ (ਟ.) | 19:30 | ਰਾਜੇਂਦਰ ਨਗਰ ਟ. | 10:00 | 2 ਟੀਯਰ ਏਸੀ., 3 ਟੀਯਰ ਏਸੀ. ਸਲੀਪਰ ਅਤੇ ਇਕੋਨਾਮੀ | ਗੋਵਿੰਦਪੁਰੀ, ਪ੍ਰਯਾਗਰਾਜ ਜੰ., ਦੀਨ ਦਿਆਲ ਉਪਾਧਿਆਏ ਜੰ., ਬਕਸਰ, ਆਰਾ ਅਤੇ ਦਾਨਾਪੁਰ ਅਤੇ ਪਟਨਾ ਜੰ. |
| **ਮਿਤੀ 22.10.2025 (ਬੁਧਵਾਰ) ਨੂੰ ਪੂਰਵ ਦਿਸ਼ਾ ਦੇ ਵੱਲ ਪ੍ਰਸਥਾਨ ਕਰਨ ਵਾਲੀਆਂ ਰੇਲਗੱਡੀਆਂ ਦੀ ਸੂਚੀ** | | | | | | |
| 02252 | ਨਵੀਂ ਦਿੱਲੀ (ਵੰਦੇ ਭਾਰਤ) | 08:35 | ਪਟਨਾ ਜੰ. | 21:30 | ਏਸੀ, ਚੇਅਰਕਾਰ, ਅਤੇ ਅਗਿਜ. ਚੇਅਰਕਾਰ | ਅਲੀਗੜ੍ਹ ਜੰ. ਕਾਨਪੁਰ ਸੈਂਟ੍ਰਲ, ਪ੍ਰਯਾਗਰਾਜ ਜੰ., ਦੀਨ ਦਿਆਲ ਉਪਾਧਿਆਏ ਜੰ., ਬਕਸਰ ਅਤੇ ਆਰਾ |
| 04090 | ਆਨੰਦ ਵਿਹਾਰ (ਟ.) | 14:25 | ਪਟਨਾ ਜੰ. | 11:00 | 2 ਟੀਯਰ ਏਸੀ, 3 ਟੀਯਰ ਏਸੀ, ਸਲੀਪਰ ਅਤੇ ਜਨਰਲ | ਕਾਨਪੁਰ ਸੈਂਟ੍ਰਲ ਪ੍ਰਯਾਗਰਾਜ ਜੰ., ਵਾਰਾਨਸੀ ਜੰ., ਗਾਜੀਪੁਰ ਸਿਟੀ, ਬਲਿਯਾ, ਸਹਤਵਾਰ ਸੁਮੇਰਨਪੁਰ, ਛਪਰਾ ਅਤੇ ਪਾਟਿਲਪੁਤਰ |
| 04450 | ਨਵੀਂ ਦਿੱਲੀ | 15:10 | ਦਰਭੰਗਾ | 16:30 | ਸਲੀਪਰ ਅਤੇ ਜਨਰਲ | ਗਾਜੀਆਬਾਦ, ਅਲੀਗੜ੍ਹ ਜੰ., ਕਾਨਪੁਰ ਸੈਂਟ੍ਰਲ, ਉਨਾਵ ਜੰ., ਏਸ਼ਬਾਗ, ਬਾਦਸ਼ਾਹਨਗਰ, ਗੋਂਡਾ ਜੰ., ਗੋਰਖਪੁਰ, ਦੇਵਰੀਆ ਸਦਰ, ਸੀਵਾਨ ਜੰ., ਛਪਰਾ, ਸੋਨਪੁਰ ਜੰ., ਹਾਜੀਪੁਰ ਜੰ., ਮੁਜਫਰਪੁਰ ਜੰ., ਅਤੇ ਸਮਸਤੀਪੁਰ ਜੰ. |
| 04454 | ਨਵੀਂ ਦਿੱਲੀ | 20:00 | ਮਾਨਸੀ | 23:30 | ਸਲੀਪਰ ਅਤੇ ਜਨਰਲ | ਗਾਜੀਆਬਾਦ, ਅਲੀਗੜ੍ਹ ਜੰ., ਟੂੰਡਲਾ ਜੰ., ਇਟਾਵਾ, ਕਾਨਪੁਰ ਸੈਂਟ੍ਰਲ, ਉਨਾਵ ਜੰ., ਏਸ਼ਬਾਗ, ਬਾਦਸ਼ਾਹਨਗਰ, ਬਾਰਾਬੰਕੀ, ਜੰ. ਗੋਂਡਾ ਜੰ., ਬਸਤੀ, ਖਲੀਲਾਬਾਦ, ਗੋਰਖਪੁਰ, ਦੇਵਰੀਆ ਸਦਰ, ਸੀਵਾਨ ਜੰ., ਛਪਰਾ, ਸੋਨਪੁਰ ਜੰ., ਹਾਜੀਪੁਰ ਜੰ., ਸ਼ਾਹਪੁਰ ਪਟੋਰੀ, ਬਰੌਨੀ ਜੰ., ਬੇਗੂਸਰਾਏ ਅਤੇ ਖਗੜਿਯਾ ਜੰ. |
| 04456 | ਨਵੀਂ ਦਿੱਲੀ | 22:40 | ਧਨਬਾਦ | 02:20 | ਸਲੀਪਰ ਅਤੇ ਜਨਰਲ | ਗਾਜੀਆਬਾਦ, ਹਾਪੁੜ, ਮੁਰਾਦਾਬਾਦ, ਬਰੇਲੀ, ਸ਼ਾਹਜਹਾਂਪੁਰ, ਹਰਦੋਈ, ਆਲਮਨਗਰ, ਓਤਰੇਟੀਯਾ, ਰਾਯਬਰੇਲੀ ਜੰ., ਅਮੇਠੀ, ਮਾਂ ਬੇਲਹਾ ਦੇਵੀ ਧਾਮ, ਪ੍ਰਤਾਪਗੜ੍ਹ, ਬਦੋਹੀ, ਵਾਰਾਨਸੀ ਜੰ., ਦੀਨ ਦਿਆਲ ਉਪਾਧਿਆਏ ਜੰ. ਭਭੂਆ ਰੋਡ, ਸਾਸਾਰਾਮ, ਡੇਹਰੀ ਆਨ ਸੋਨ, ਅਨੁਗ੍ਰਹਿ ਨਾਰਾਇਣ ਰੋਡ, ਕੋਡਰਮਾ ਹਜਾਰੀ ਬਾਗ ਰੋਡ, ਪਾਰਸਨਾਥ ਅਤੇ ਗੋਮੋ |
| 04458 | ਆਨੰਦ ਵਿਹਾਰ (ਟ.) | 13:40 | ਭਾਗਲਪੁਰ | 14:30 | ਸਲੀਪਰ ਅਤੇ ਜਨਰਲ | ਗਾਜੀਆਬਾਦ, ਕਾਨਪੁਰ ਸੈਂਟ੍ਰਲ, ਪ੍ਰਯਾਗਰਾਜ ਜੰ., ਦੀਨ ਦਿਆਲ ਉਪਾਧਿਆਏ ਜੰ., ਬਕਸਰ, ਆਰਾ, ਪਟਨਾ ਜੰ., ਪਟਨਾ ਸਾਹਿਬ, ਫਤੂਹਾ, ਖੁਸਰੂਪੁਰ, ਬਖਿਤਯਾਰਪੁਰ ਜੰ., ਬਾੜ, ਮੁਕਾਮਾ ਜੰ., ਹਾਥੀਦਾ ਜੰ., ਬੜਹਿਆ, ਲਖੀਸਰਾਏ ਜੰ., ਕਯੂਲ ਜੰ., ਕਜਰਾ, ਅਭੈਪੁਰ, ਦਰਹਰਾ, ਜਮਾਲਪੁਰ ਜੰ., ਬਰਿਯਾਰਪੁਰ ਅਤੇ ਸੁਲਤਾਨਗੰਜ |
| 04016 | ਆਨੰਦ ਵਿਹਾਰ (ਟ.) | 15:30 | ਸੀਤਾਮੜ੍ਹੀ | 15:00 | 2 ਟੀਯਰ ਏਸੀ, 3 ਟੀਯਰ ਏਸੀ, ਸਲੀਪਰ ਅਤੇ ਜਨਰਲ | ਗਾਜੀਆਬਾਦ, ਹਾਪੁੜ, ਮੁਰਾਦਾਬਾਦ, ਬਰੇਲੀ, ਸ਼ਾਹਜਹਾਂਪੁਰ, ਹਰਦੋਈ, ਲਖਨਊ, ਗੋਂਡਾ ਜੰ., ਗੋਰਖਪੁਰ, ਕਪਤਾਨਗੰਜ ਜੰ. ਸਿਸਵਾ ਬਜਾਰ, ਬਗਹਾ, ਹਰਿਨਗਰ, ਨਰਕਟਿਯਾਗੰਜ ਜੰ., ਸਿਕਟਾ, ਰਕਸੌਲ ਜੰ., ਅਤੇ ਬੇਰਗਨੀਆ |
| 04452 | ਨਵੀਂ ਦਿੱਲੀ | 18:15 | ਹਾਵੜਾ ਜੰ. | 23:30 | ਸਲੀਪਰ ਅਤੇ ਜਨਰਲ | ਗਾਜੀਆਬਾਦ, ਅਲੀਗੜ੍ਹ ਜੰ., ਟੂੰਡਲਾ ਜੰ., ਇਟਾਵਾ, ਗੋਬਿੰਦਪੁਰੀ, ਪ੍ਰਯਾਗਰਾਜ ਜੰ., ਜੰਘਈ ਜੰ., ਵਾਰਾਨਸੀ ਜੰ. ਦੀਨ ਦਿਆਲ ਉਪਾਧਿਆਏ ਜੰ., ਭਭੂਆ ਰੋਡ, ਸਾਸਾਰਾਮ, ਡੇਹਰੀ ਆਨ ਸੋਨ, ਅਨੁਗ੍ਰਹਿ ਨਾਰਾਇਣ ਰੋਡ, ਗਯਾ, ਕੋਡਰਮਾ ਪਾਰਸਨਾਥ ਧਨਬਾਦ ਜੰ., ਆਸਨਸੋਲ ਜੰ. ਦੁਰਗਾਪੁਰ, ਵਰਧਾਮਾਨ ਅਤੇ ਬੰਦੇਲ ਜੰ. |
| 04094 | ਹਜਰਤ ਨਿਜਾਮੂਦੀਨ | 11:00 | ਪਟਨਾ ਜੰ. | 05:00 | ਫਸਟ ਏਸੀ, 2 ਟੀਯਰ ਏਸੀ, 3 ਟੀਯਰ ਏਸੀ | ਗਾਜੀਆਬਾਦ, ਗੋਬਿੰਦਪੁਰੀ, ਪ੍ਰਯਾਗਰਾਜ ਜੰ., ਦੀਨ ਦਿਆਲ ਉਪਾਧਿਆਏ ਜੰ., ਬਕਸਰ, ਆਰਾ, ਅਤੇ ਦਾਨਾਪੁਰ |
| 04096 | ਆਨੰਦ ਵਿਹਾਰ (ਟ.) | 00:05 | ਪਾਟਿਲੀਪੁਤਰ | 21:30 | ਫਸਟ ਏਸੀ, 2 ਟੀਯਰ ਏਸੀ, 3 ਟੀਯਰ ਏਸੀ, 3 ਟੀਯਰ ਏਸੀ ਇਕੋਨਾਮੀ ਸਲੀਪਰ ਅਤੇ ਜਨਰਲ | ਗਾਜੀਆਬਾਦ, ਕਾਨਪੁਰ ਸੈਂਟ੍ਰਲ, ਪ੍ਰਯਾਗਰਾਜ ਜੰ., ਵਾਰਾਨਸੀ ਜੰ., ਗਾਜੀਪੁਰ ਸਿਟੀ, ਫੇਫਨਾ ਜੰ., ਬਲਿਯਾ, ਸਹਤਵਾਰ, ਬਕੁਲਹਾ, ਛਪਰਾ ਅਤੇ ਦਿਘਵਾਰਾ |
| 04098 | ਨਵੀਂ ਦਿੱਲੀ | 09:30 | ਹਸਨਪੁਰ ਰੋਡ | 12:00 | 3 ਟੀਯਰ ਏਸੀ, ਇਕੋਨਾਮੀ ਅਤੇ ਜਨਰਲ | ਗਾਜੀਆਬਾਦ, ਕਾਨਪੁਰ ਸੈਂਟ੍ਰਲ, ਓਨਾਵ, ਏਸ਼ਬਾਗ, ਬਾਦਸ਼ਾਹਨਗਰ, ਬਾਰਾਬੰਕੀ, ਬੁੜਵਲ, ਗੋਂਡਾ, ਗੋਰਖਪੁਰ, ਕਪਤਾਨਗੰਜ, ਸਿਸਵਾ ਬਜ਼ਾਰ, ਬਗਹਾ, ਨਰਕਿਟਾਗੰਜ, ਬੇਤੀਆ, ਸਗੋਲੀ, ਬਾਪੂਧਾਮ ਮੋਤੀਹਾਰੀ, ਮੁਜਫਰਪੁਰ ਅਤੇ ਸਮਸਤੀਪੁਰ ਜੰ. |
| 04404 | ਸ਼ਕੂਰਬਸਤੀ | 15:15 | ਪਟਨਾ ਜੰ. | 13:30 | ਸਲੀਪਰ ਅਤੇ ਜਨਰਲ | ਨਵੀਂ ਦਿੱਲੀ, ਗਾਜੀਆਬਾਦ, ਅਲੀਗੜ੍ਹ ਜੰ., ਟੂੰਡਲਾ ਜੰ. ਇਟਾਵਾ ਜੰ., ਗੋਵਿੰਦਪੁਰੀ, ਸੂਬੇਦਾਰਗੰਜ, ਮਿਰਜਾਪੁਰ ਪੰ. ਦੀਨ ਦਿਆਲ ਉਪਾਧਿਆਏ ਜੰ., ਬਕਸਰ, ਆਰਾ ਅਤੇ ਦਾਨਾਪੁਰ |
| 04406 | ਸ਼ਕੂਰਬਸਤੀ | 20:15 | ਸਹਰਸਾ ਜੰ. | 05:30 | ਸਲੀਪਰ ਅਤੇ ਜਨਰਲ | ਨਵੀਂ ਦਿੱਲੀ, ਗਾਜੀਆਬਾਦ, ਅਲੀਗੜ੍ਹ ਜੰ., ਟੂੰਡਲਾ ਜੰ., ਇਟਾਵਾ ਜੰ., ਕਾਨਪੁਰ ਸੈਂਟ੍ਰਲ, ਓਨਾਵ ਜੰ., ਏਸ਼ਬਾਗ, ਬਾਦਸ਼ਾਹ ਨਗਰ, ਬਾਰਾਬੰਕੀ ਜੰ., ਗੋਂਡਾ ਜੰ. ਬਸਤੀ, ਖਲੀਲਾਬਾਦ, ਗੋਰਖਪੁਰ ਜੰ., ਦੇਵਰੀਆ ਸਦਰ, ਸੀਵਾਨ ਜੰ., ਛਪਰਾ, ਸੋਨਪੁਰ, ਹਾਜੀਪੁਰ ਜੰ., ਮੁਜਫਰਪੁਰ ਜੰ., ਸਮਸਤੀਪੁਰ ਜੰ., ਦਲ ਸਿੰਘ ਸਰਾਯ, ਬਰੌਨੀ ਜੰ., ਬੇਗੂਸਰਾਏ, ਖਗੜਿਯਾ ਜੰ. ਅਤੇ ਮਾਨਸੀ ਜੰ. |
| 04410 | ਸ਼ਕੂਰਬਸਤੀ | 13:00 | ਝੰਜਰਪੁਰ ਜੰ. | 18:30 | ਸਲੀਪਰ ਅਤੇ ਜਨਰਲ | ਨਵੀਂ ਦਿੱਲੀ, ਗਾਜੀਆਬਾਦ, ਅਲੀਗੜ੍ਹ ਜੰ., ਕਾਨਪੁਰ ਸੈਂਟਰਲ, ਓਨਾਵ ਜੰ., ਏਸ਼ਬਾਗ, ਬਾਦਸ਼ਾਹਨਗਰ, ਗੋਂਡਾ ਜੰ., ਗੋਰਖਪੁਰ ਜੰ., ਕਪਤਾਨਗੰਜ, ਨਰਕਟਿਯਾਗੰਜ ਜੰ., ਰਕਸੌਲ ਜੰ., ਸੀਤਾਮੜ੍ਹੀ ਅਤੇ ਸ਼ੀਸ਼ੋ |
| 04058 | ਨਵੀਂ ਦਿੱਲੀ | 13:30 | ਮੁਜਫਰਪੁਰ ਜੰ. | 14:00 | ਫਸਟ ਏਸੀ, 2 ਟੀਯਰ ਏਸੀ, ਅਤੇ 3 ਟੀਯਰ ਏਸੀ | ਗਾਜੀਆਬਾਦ, ਅਲੀਗੜ੍ਹ ਜੰ. ਟੂੰਡਲਾ ਜੰ., ਕਾਨਪੁਰ ਸੈਂਟ੍ਰਲ, ਓਨਾਵ ਜੰ., ਏਸ਼ਬਾਗ, ਬਾਦਸ਼ਾਹਨਗਰ, ਗੋਂਡਾ ਜੰ., ਬਸਤੀ, ਗੋਰਖਪੁਰ ਜੰ., ਦੇਵਰੀਆ ਸਦਰ, ਸੀਵਾਨ ਜੰ., ਛਪਰਾ, ਸੋਨਪੁਰ ਅਤੇ ਹਾਜੀਪੁਰ ਜੰ. |
| 03698 | ਦਿੱਲੀ ਜੰ. | 08:55 | ਗਯਾ | 00:30 | 2 ਟੀਯਰ ਏਸੀ, 3 ਟੀਯਰ ਏਸੀ, ਸਲੀਪਰ ਅਤੇ ਜਨਰਲ | ਗੋਵਿੰਦਪੁਰੀ, ਪ੍ਰਯਾਗਰਾਜ, ਪੰ. ਦੀਨ ਦਿਆਲ ਉਪਾਧਿਆਏ ਜੰ., ਭਭੂਆ ਰੋਡ, ਸਾਸਾਰਾਮ, ਡੇਹਰੀ ਆਨ ਸੋਨ, ਅਤੇ ਅਨੁਗ੍ਰਹਿ ਨਾਰਾਇਣ ਰੋਡ |
| 05580 | ਆਨੰਦ ਵਿਹਾਰ (ਟ.) | 05:15 | ਪੂਰਨੀਆ ਕੋਰਟ | 13:45 | 3 ਟੀਯਰ ਏਸੀ, ਇਕੋਨਾਮੀ ਸਲੀਪਰ ਅਤੇ ਜਨਰਲ | ਗਾਜੀਆਬਾਦ, ਹਾਪੁੜ, ਮੁਰਾਦਾਬਾਦ, ਬਰੇਲੀ, ਸ਼ਾਹਜਹਾਂਪੁਰ, ਸੀਤਾਪੁਰ ਜੰ., ਗੋਂਡਾ ਜੰ., ਬਸਤੀ, ਗੋਰਖਪੁਰ ਜੰ., ਕਪਤਾਨਗੰਜ ਜੰ., ਬਗਹਾ, ਨਰਕਟਿਯਾਗੰਜ ਜੰ., ਸਿਕਟਾ, ਰਕਸੌਲ ਜੰ., ਬਰਗਨੀਆ, ਸੀਤਾਮੜ੍ਹੀ, ਜਨਕਪੁਰ ਰੋਡ, ਸ਼ੀਸ਼ੋ ਸਕਰੀ ਜੰ., ਝੰਜਰਪੁਰ ਗੋਗਰਡੀਹਾ, ਨਿਰਮਲੀ ਸਰਾਏਗੜ੍ਹ, ਸੁਪੌਲ, ਗੜਬਵਾਲੀ, ਸਹਰਸਾ ਜੰ., ਦੌਰਮ ਮਧੇਪੁਰਾ, ਮੁਰਲੀਗੰਜ, ਅਤੇ ਬਨਮਨਖੀ ਜੰ. |
| 03310 | ਦਿੱਲੀ ਜੰ. | 11:45 | ਧਨਬਾਦ | 13:00 | 3 ਟੀਯਰ ਏਸੀ, ਇਕਾਨੋਮੀ | ਟੂੰਡਲਾ ਜੰ., ਗੋਵਿੰਦਪੁਰੀ, ਪ੍ਰਯਾਗਰਾਜ ਜੰ., ਵਾਰਾਨਸੀ ਜੰ., ਪੰ. ਦੀਨ ਦਿਆਲ ਉਪਾਧਿਆਏ ਜੰ., ਭਭੂਆ ਰੋਡ, ਸਾਸਾਰਾਮ ਡੇਅਰੀ ਆਨ ਸੋਨ, ਅਨੁਗ੍ਰਹਿ ਨਾਰਾਇਣ ਰੋਡ, ਗਯਾ ਜੰ., ਕੋਡਰਮਾ ਹਜਾਰੀਬਾਗ ਰੋਡ, ਪਾਰਸਨਾਥ ਅਤੇ ਗੋਮੋ |
| 03640 | ਦਿੱਲੀ ਜੰ. | 19:00 | ਗਯਾ | 11:30 | 2 ਟੀਯਰ ਏਸੀ, 3 ਟੀਯਰ ਏਸੀ, ਸਲੀਪਰ ਅਤੇ ਜਨਰਲ | ਕਾਨਪੁਰ ਸੈਂਟ੍ਰਲ, ਪ੍ਰਯਾਗਰਾਜ ਜੰ., ਪੰ. ਦੀਨ ਦਿਆਲ ਉਪਾਧਿਆਏ ਜੰ., ਭਭੂਆ ਰੋਡ, ਸਾਸਾਰਾਮ ਡੇਅਰੀ ਆਨ ਸੋਨ ਅਤੇ ਅਨੁਗ੍ਰਹਿ ਨਾਰਾਇਣ ਰੋਡ |

**ਰੇਲ ਯਾਤਰਾ ਦੇ ਦੌਰਾਨ ਜਲਣਸ਼ੀਲ ਵਸਤੂਆਂ, ਜਿਵੇਂ ਪਟਾਕੇ, ਪੈਟਰੋਲ, ਗੈਸ ਸਿਲੰਡਰ, ਮਿੱਟੀ ਦਾ ਤੇਲ, ਆਦਿ ਲੈ ਕੇ ਕਦੇ ਸਫਰ ਨਾ ਕਰੋ।**

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੇ ਵੀ ਹੋਰ ਜਾਣਕਾਰੀ ਜਿਵੇਂ ਕਿ ਸੀਟ ਉਪਲਬਧਤਾ ਅਤੇ ਟਾਈਮ-ਟੇਬਲ ਆਦਿ ਦੇ ਲਈ ਰੇਲਮਦਦ ਹੈਲਪਲਾਈਨ ਨੰ. 139 ਉਤੇ ਸੰਪਰਕ ਕਰਨ ਜਾਂ ਰੇਲਵੇ ਦੀ ਵੈਬਸਾਈਟ https://enquiry.indianrail.gov.in ਜਾਂ NTES App ਵੇਖਣ।

ਉੱਤਰ ਰੇਲਵੇ

ਸਾਨੂੰ www.nr.indianrailways.gov.in ’ਤੇ ਮਿਲੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

’ਤੇ ਸਾਨੂੰ ਫਾਲੋ ਕਰੋ

# ‘ਤੁਹਾਡਾ ਪੈਸਾ, ਤੁਹਾਡੇ ਅਧਿਕਾਰ’ ਮੁਹਿੰਮ ਸੋਨੀਪਤ ਵਿੱਚ ਸਫਲਤਾਪੂਰਵਕ ਆਯੋਜਿਤ



**ਸੋਨੀਪਤ, 19 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿੱਤੀ ਖੇਤਰ ਵਿੱਚ ਅਣਐਲਾਨੀ ਜਾਇਦਾਦਾਂ ਦੇ ਕੁਸ਼ਲ ਅਤੇ ਤੁਰੰਤ ਨਿਪਟਾਰੇ ਨੂੰ ਉਤਸ਼ਾਹਿਤ ਕਰਨ ਲਈ ਕੇਂਦਰ ਸਰਕਾਰ ਦੁਆਰਾ ਸ਼ੁਰੂ ਕੀਤੀ ਗਈ ਤੁਹਾਡਾ ਪੈਸਾ, ਤੁਹਾਡੇ ਅਧਿਕਾਰ ਮੁਹਿੰਮ ਦੇ ਹਿੱਸੇ ਵਜੋਂ, ਅੱਜ ਲੀਡ ਜ਼ਿਲ੍ਹਾ ਦਫ਼ਤਰ ਦੁਆਰਾ ਕਮਿਊਨਿਟੀ ਸੈਂਟਰ, ਸੈਕਟਰ 15, ਸੋਨੀਪਤ ਵਿਖੇ ਇੱਕ ਜ਼ਿਲ੍ਹਾ ਪੱਧਰੀ ਵਿੱਤੀ ਸਾਖਰਤਾ ਅਤੇ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਗਿਆ।

ਕੈਂਪ ਦਾ ਉਦਘਾਟਨ ਮੁੱਖ ਮਹਿਮਾਨ ਸੁਸ਼ੀਲ ਸਰਵਣ, ਡਿਪਟੀ ਕਮਿਸ਼ਨਰ, ਸੋਨੀਪਤ ਦੁਆਰਾ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਦੇਸ਼ ਦੇ ਵੱਖ-ਵੱਖ ਬੈਂਕਾਂ, ਬੀਮਾ ਕੰਪਨੀਆਂ, ਮਿਊਚੁਅਲ ਫੰਡ, ਪ੍ਰਾਵੀਡੈਂਟ ਫੰਡ ਸੰਗਠਨਾਂ ਅਤੇ ਹੋਰ ਵਿੱਤੀ ਸੰਸਥਾਵਾਂ ਵਿੱਚ ਲਗਭਗ 182,000 ਕਰੋੜ ਗੈਰ-ਦਾਅਵੀ ਜਾਇਦਾਦਾਂ ਵਜੋਂ ਜਮ੍ਹਾ ਹਨ। ਸੋਨੀਪਤ ਜ਼ਿਲ੍ਹੇ ਵਿੱਚ ਲਗਭਗ 163,000 ਖਾਤੇ ਹਨ, ਜਿਨ੍ਹਾਂ ਵਿੱਚ ਲਗਭਗ 68 ਕਰੋੜ ਗੈਰ-ਦਾਅਵੀ ਜਾਇਦਾਦਾਂ ਹਨ। ਡਿਪਟੀ ਕਮਿਸ਼ਨਰ ਨੇ ਸਾਰੇ ਬੈਂਕਾਂ ਦੇ ਅਧਿਕਾਰੀਆਂ ਨੂੰ ਖਾਤਾਧਾਰਕਾਂ ਜਾਂ ਉਨ੍ਹਾਂ ਦੇ ਵਾਰਸਾਂ ਨੂੰ ਆਪਣੇ ਫੰਡਾਂ ਦਾ ਦਾਅਵਾ ਕਰਨ ਦੇ ਯੋਗ ਬਣਾਉਣ ਲਈ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕਰਨ ਦੇ ਨਿਰਦੇਸ਼ ਦਿੱਤੇ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ, ਸਰਕਾਰ ਨੌਜਵਾਨਾਂ ਨੂੰ ਸਵੈ-ਨਿਰਭਰਤਾ ਨਾਲ ਸਸ਼ਕਤ ਬਣਾਉਣ ਲਈ ਲਗਾਤਾਰ ਯਤਨਸ਼ੀਲ ਹੈ। ਇਸ ਉਦੇਸ਼ ਲਈ, ਪ੍ਰਧਾਨ ਮੰਤਰੀ ਰੁਜ਼ਗਾਰ ਉਤਪਤੀ ਪ੍ਰੋਗਰਾਮ, ਪ੍ਰਧਾਨ ਮੰਤਰੀ ਮੁਦਰਾ ਯੋਜਨਾ, ਸਟਾਰਟਅੱਪ ਇੰਡੀਆ, ਸਟੈਂਡਅੱਪ ਇੰਡੀਆ, ਪ੍ਰਧਾਨ ਮੰਤਰੀ ਸਵੈ-ਰੁਜ਼ਗਾਰ ਯੋਜਨਾ, ਅਤੇ ਪ੍ਰਧਾਨ ਮੰਤਰੀ ਪੇਂਡੂ ਆਜੀਵਿਕਾ ਮਿਸ਼ਨ ਵਰਗੀਆਂ ਯੋਜਨਾਵਾਂ ਲਾਗੂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਦਾ ਉਦੇਸ਼ ਨੌਜਵਾਨਾਂ ਨੂੰ ਨੌਕਰੀ ਲੱਭਣ ਵਾਲਿਆਂ ਤੋਂ ਨੌਕਰੀ ਦੇਣ ਵਾਲਿਆਂ ਵਿੱਚ ਬਦਲਣਾ ਹੈ।

ਉਨ੍ਹਾਂ ਕਿਹਾ ਕਿ ਵੋਕਲ ਫਾਰ ਲੋਕਲ, ਮੇਕ ਇਨ ਇੰਡੀਆ, ਅਤੇ ਆਤਮਨਿਰਭਰ ਭਾਰਤ ਵਰਗੀਆਂ ਮੁਹਿੰਮਾਂ ਦੇਸ਼ ਦੀ ਆਰਥਿਕ ਤਰੱਕੀ ਨੂੰ ਇੱਕ ਨਵੀਂ ਦਿਸ਼ਾ ਦੇ ਰਹੀਆਂ ਹਨ। ਸਾਰੇ ਬੈਂਕਾਂ ਤੋਂ ਨੌਜਵਾਨਾਂ ਨੂੰ ਇਨ੍ਹਾਂ ਯੋਜਨਾਵਾਂ ਬਾਰੇ ਜਾਗਰੂਕ ਕਰਨ ਦੀ ਉਮੀਦ ਕੀਤੀ ਜਾਂਦੀ ਹੈ।

ਸਲੈਬਸੀ ਚੰਡੀਗੜ੍ਹ ਦੇ ਪ੍ਰਧਾਨ ਜੋਗਿੰਦਰ ਸਿੰਘ, ਪੀਐਨਬੀ ਪਾਣੀਪਤ ਦੇ ਸਬ-ਡਿਵੀਜ਼ਨਲ ਪ੍ਰਧਾਨ ਨਵਨੀਤ ਬਾਂਸਲ, ਐਲਡੀਐਮ ਹਰੀਸ਼ ਕੁਮਾਰ ਵਰਮਾ, ਡੀਡੀਐਮ ਨਾਬਾਰਡ ਅਜੀਤ ਸਮੇਤ ਕਈ ਬੈਂਕ ਅਧਿਕਾਰੀ ਅਤੇ ਪਤਵੰਤੇ ਇਸ ਮੌਕੇ ਮੌਜੂਦ ਸਨ। ਦੂਜਾ ਕੈਂਪ ਅੱਜ ਰੋਹਤਕ ਵਿੱਚ ਆਯੋਜਿਤ ਕੀਤਾ ਗਿਆ।

ਇਸ ਮੁਹਿੰਮ ਦੀ ਰਸਮੀ ਸ਼ੁਰੂਆਤ ਕੇਂਦਰੀ ਵਿੱਤ ਅਤੇ ਕਾਰਪੋਰੇਟ ਮਾਮਲਿਆਂ ਬਾਰੇ ਮੰਤਰੀ, ਸ਼੍ਰੀਮਤੀ ਨਿਰਮਲਾ ਸੀਤਾਰਮਨ ਨੇ 4 ਅਕਤੂਬਰ, 2025 ਨੂੰ ਗੁਜਰਾਤ ਦੇ ਗਾਂਧੀਨਗਰ ਵਿੱਚ ਕੀਤੀ ਸੀ। ਇਹ ਕੈਂਪ ਅਕਤੂਬਰ ਤੋਂ ਦਸੰਬਰ 2025 ਤੱਕ ਆਯੋਜਿਤ ਕੀਤੇ ਜਾ ਰਹੇ ਤਿੰਨ ਮਹੀਨੇ ਲੰਬੇ ਦੇਸ਼ ਵਿਆਪੀ ਜਾਗਰੂਕਤਾ ਮੁਹਿੰਮ ਦਾ ਹਿੱਸਾ ਹੈ।

ਇਹ ਮੁਹਿੰਮ ਭਾਰਤ ਸਰਕਾਰ ਦੇ ਵਿੱਤ ਮੰਤਰਾਲੇ ਦੇ ਵਿੱਤੀ ਸੇਵਾਵਾਂ ਵਿਭਾਗ ਦੁਆਰਾ ਭਾਰਤੀ ਰਿਜ਼ਰਵ ਬੈਂਕ (RBI), SEBI, IRDAI, LIC, ਆਦਿ ਦੇ ਸਹਿਯੋਗ ਨਾਲ ਲਾਗੂ ਕੀਤੀ ਜਾ ਰਹੀ ਹੈ। ਸਰਕਾਰ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਨਾਗਰਿਕਾਂ ਦੁਆਰਾ ਬਚਾਇਆ ਗਿਆ ਹਰ ਪੈਸਾ ਉਨ੍ਹਾਂ, ਉਨ੍ਹਾਂ ਦੇ ਨਾਮਜ਼ਦ ਵਿਅਕਤੀਆਂ, ਜਾਂ ਕਾਨੂੰਨੀ ਵਾਰਸਾਂ ਦੁਆਰਾ ਸਹੀ ਵਰਤੋਂ ਵਿੱਚ ਲਿਆਂਦਾ ਜਾਵੇ।

ਇਸ ਮੁਹਿੰਮ ਦਾ ਉਦੇਸ਼ ਵਿੱਤੀ ਜਾਗਰੂਕਤਾ ਫੈਲਾਉਣਾ, ਹਰ ਘਰ ਵਿੱਚ ਵਿੱਤੀ ਸਮਾਵੇਸ਼ ਲਿਆਉਣਾ, ਅਤੇ ਨਾਗਰਿਕਾਂ ਨੂੰ ਉਨ੍ਹਾਂ ਦੀਆਂ ਜਾਇਜ਼ ਸੰਪਤੀਆਂ ਦੀ ਖੋਜ ਕਰਨ ਅਤੇ ਦਾਅਵਾ ਕਰਨ ਲਈ ਸ਼ਕਤੀ ਪ੍ਰਦਾਨ ਕਰਨਾ ਹੈ।

# ਭਾਰਤੀ ਮੱਕੀ ਖੋਜ ਸੰਸਥਾਨ, ਲੁਧਿਆਣਾ ਵਿੱਚ ਨਵੀਂ ਇਮਾਰਤ ਦਾ ਉਦਘਾਟਨ

**ਲੁਧਿਆਣਾ, 19 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਖੇਤੀਬਾੜੀ ਅਤੇ ਪਿੰਡ ਵਿਕਾਸ ਮੰਤਰੀ ਸ਼੍ਰੀ ਸ਼ਿਵਰਾਜ ਸਿੰਘ ਚੌਹਾਨ ਨੇ ਭਾਰਤੀ ਮੱਕੀ ਖੋਜ ਸੰਸਥਾਨ (ICAR-IIMR), ਲੁਧਿਆਣਾ ਵਿੱਚ ਨਵੀਂ ਪ੍ਰਸ਼ਾਸਕੀ ਇਮਾਰਤ ਦਾ ਸ਼ਾਨਦਾਰ ਉਦਘਾਟਨ ਕੀਤਾ। ਇਸ ਮੌਕੇ ਤੇ ਪੰਜਾਬ ਦੇ ਰਾਜ ਖੇਤੀਬਾੜੀ ਮੰਤਰੀ ਸ਼੍ਰੀ ਭਗੀਰਥ ਚੌਧਰੀ ਵਿਸ਼ੇਸ਼ ਤੌਰ ‘ਤੇ ਮੌਜੂਦ ਰਹੇ। ਉਨ੍ਹਾਂ ਦਾ ਵਿਸ਼ੇਸ ਸਵਾਗਤ ਜਿਲ੍ਹਾ ਲੁਧਿਆਣਾ ਬੀਜੇਪੀ ਦੇ ਪ੍ਰਧਾਨ ਰਜਨੀਸ਼ ਧੀਮਾਨ ਤੇ ਪੰਜਾਬ ਬੀਜੇਪੀ ਦੇ ਖਜਾਨਚੀ ਗੁਰਦੇਵ ਸ਼ਰਮਾ ਦੇਬੀ ਵੱਲੋਂ ਕੀਤਾ ਗਿਆ।

ਸਮਾਰੋਹ ਦੌਰਾਨ ਸ਼੍ਰੀ ਚੌਹਾਨ ਨੇ ਖੇਤੀਬਾੜੀ ਖੇਤਰ ਵਿੱਚ ਮੱਕੀ ਦੀ ਵਧਦੀ ਮਹੱਤਤਾ ਤੇ ਜ਼ੋਰ ਦਿੰਦਿਆਂ ਕਿਹਾ ਕਿ ਮੱਕੀ ਭਵਿੱਖ ਦੀ ਖੇਤੀ ਦਾ ਮੂਲ ਅਧਾਰ ਹੈ, ਕਿਉਂਕਿ ਇਹ ਪਸ਼ੂ-ਚਾਰੇ, ਬਾਇਓਇੰਧਨ ਅਤੇ ਉਦਯੋਗਿਕ ਉਪਯੋਗਤਾ ਲਈ ਵਿਸ਼ਾਲ ਸੰਭਾਵਨਾਵਾਂ ਰੱਖਦੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਖੇਤੀਬਾੜੀ ਵਿੱਚ ਆਧੁਨਿਕ ਤਕਨੀਕ ਅਤੇ ਖੋਜ ਰਾਹੀਂ ਕਿਸਾਨਾਂ ਦੀ ਆਮਦਨ ਵਧਾਉਣ ਲਈ ਵਚਨਬੱਧ ਹੈ।

ਇਸ ਮੌਕੇ ‘ਤੇ ਸ਼੍ਰੀ ਭਗੀਰਥ ਚੌਧਰੀ ਨੇ ਕਿਹਾ ਕਿ ਪੰਜਾਬ ਖੇਤੀਬਾੜੀ ਖੇਤਰ ਦਾ ਅਗਵਾਨ ਰਿਹਾ ਹੈ ਅਤੇ ਮੱਕੀ ਵਰਗੀਆਂ ਫਸਲਾਂ ਦੇ ਪ੍ਰਚਾਰ ਨਾਲ ਪਾਣੀ ਬਚਤ ਅਤੇ ਮਿੱਟੀ ਦੀ ਸਿਹਤ ਸੁਧਾਰ ਵੱਲ ਇਕ ਵੱਡਾ ਕਦਮ ਚੁੱਕਿਆ ਜਾ ਸਕਦਾ ਹੈ।

ਸਮਾਰੋਹ ਵਿੱਚ ਕਿਸਾਨਾਂ, ਵਿਗਿਆਨੀਆਂ, ਵਿਦਿਆਰਥੀਆਂ ਅਤੇ ਖੇਤੀਬਾੜੀ ਖੇਤਰ ਨਾਲ ਜੁੜੇ ਸੈਂਕੜੇ ਲੋਕਾਂ ਨੇ ਭਾਗ ਲਿਆ। ਮੌਕੇ ‘ਤੇ ਸੰਸਥਾਨ ਵੱਲੋਂ ਮੱਕੀ ਨਾਲ ਸੰਬੰਧਿਤ ਖੋਜ ਪ੍ਰਦਰਸ਼ਨੀ ਵੀ ਲਗਾਈ ਗਈ, ਜਿਸ ਵਿੱਚ ਨਵੀਆਂ ਕਿਸਮਾਂ ਅਤੇ ਤਕਨੀਕਾਂ ਦਾ ਪ੍ਰਦਰਸ਼ਨ ਕੀਤਾ ਗਿਆ।

ਸਮਾਰੋਹ ਦੇ ਅੰਤ ਵਿੱਚ ਮਹਿਮਾਨਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਸੰਸਥਾਨ ਦੀਆਂ ਵੱਖ-ਵੱਖ ਖੋਜ ਪ੍ਰਾਪਤੀਆਂ ਬਾਰੇ ਜਾਣੂ ਕਰਵਾਇਆ ਗਿਆ।

# ਪੰਜਾਬ ਪੁਲਿਸ ਵੱਲੋਂ ਸਰਹੱਦ ਪਾਰੋਂ ਹਥਿਆਰ ਅਤੇ ਨਾਰਕੋ ਤਸਕਰੀ ਮਾਡਿਊਲ ਦਾ ਪਰਦਾਫਾਸ਼; 10 ਪਿਸਤੌਲਾਂ, 500 ਗ੍ਰਾਮ ਅਫੀਮ ਸਮੇਤ ਤਿੰਨ ਕਾਬੂ

## ਇਹ ਮੁਲਜ਼ਮ ਅੰਮ੍ਰਿਤਸਰ ਤੋਂ ਫਾਜ਼ਿਲਕਾ ਅਤੇ ਤਰਨ ਤਾਰਨ ਸੈਕਟਰਾਂ ਵਿੱਚ ਸਰਹੱਦ ਪਾਰੋਂ ਡਰੋਨ ਰਾਹੀਂ ਭੇਜੀਆਂ ਖੇਪਾਂ ਪ੍ਰਾਪਤ ਕਰ ਰਹੇ ਸਨ: ਸੀਪੀ ਅੰਮ੍ਰਿਤਸਰ ਗੁਰਪ੍ਰੀਤ ਭੁੱਲਰ

**ਚੰਡੀਗੜ੍ਹ, 19 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ ਖੁਫੀਆ ਜਾਣਕਾਰੀ ’ਤੇ ਅਧਾਰਤ ਕਾਰਵਾਈ ਕਰਦਿਆਂ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਪਾਕਿਸਤਾਨ ਨਾਲ ਸਬੰਧਤ ਸਰਹੱਦ ਪਾਰੋਂ ਸੰਗਠਿਤ ਹਥਿਆਰ ਅਤੇ ਨਾਰਕੋ ਤਸਕਰੀ ਮਾਡਿਊਲ ਦੇ ਤਿੰਨ ਕਾਰਕੁਨਾਂ ਨੂੰ 10 ਆਧੁਨਿਕ ਪਿਸਤੌਲਾਂ ਅਤੇ 500 ਗ੍ਰਾਮ ਅਫੀਮ ਸਮੇਤ ਗ੍ਰਿਫਤਾਰ ਕਰਕੇ ਇਸ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਰਾਜਨ ਉਰਫ਼ ਸਾਗਰ (28) ਵਾਸੀ ਫੈਜ਼ਪੁਰਾ, ਅੰਮ੍ਰਿਤਸਰ, ਸੁਰਿੰਦਰ ਸਿੰਘ ਉਰਫ਼ ਪਾਲੀ (24) ਵਾਸੀ ਪਿੰਡ ਟਾਲੀ ਵਾਲਾ, ਫਾਜ਼ਿਲਕਾ ਅਤੇ ਜਗਜੀਤ ਸਿੰਘ (25) ਵਾਸੀ ਚੀਮਾ ਕਲਾਂ, ਤਰਨਤਾਰਨ ਵਜੋਂ ਹੋਈ ਹੈ। ਇਹਨਾਂ ਕੋਲੋਂ ਬਰਾਮਦ ਕੀਤੇ ਗਏ ਹਥਿਆਰਾਂ ਵਿੱਚ ਚਾਰ 9 ਐਮਐਮ ਗਲੌਕ ਪਿਸਤੌਲ ਅਤੇ ਛੇ .30 ਬੋਰ ਦੇ ਪਿਸਤੌਲ ਸ਼ਾਮਲ ਹਨ।




ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਤਸਕਰੀ ਦਾ ਅੰਤਰ-ਜ਼ਿਲ੍ਹਾ ਗਿਰੋਹ ਚਲਾ ਰਹੇ ਸਨ ਅਤੇ ਪਾਕਿਸਤਾਨ ਅਧਾਰਿਤ ਇੱਕ ਹੈਂਡਲਰ ਨਾਲ ਜੁੜੇ ਹੋਏ ਸਨ। ਉਨ੍ਹਾਂ ਦੱਸਿਆ ਕਿ ਬਰਾਮਦ ਕੀਤੇ ਗਏ ਹਥਿਆਰ ਪੰਜਾਬ ਵਿੱਚ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਅੰਜ਼ਾਮ ਦੇਣ ਲਈ ਗੈਂਗਸਟਰਾਂ ਅਤੇ ਅਪਰਾਧੀਆਂ ਨੂੰ ਸਪਲਾਈ ਕੀਤੇ ਜਾਣੇ ਸਨ।

ਡੀਜੀਪੀ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਅਗਲੇ-ਪਿਛਲੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਜਾਰੀ ਹੈ ਤਾਂ ਜੋ ਇਸ ਪੂਰੇ ਨੈੱਟਵਰਕ ਦਾ ਪਰਦਾਫਾਸ਼ ਕੀਤਾ ਜਾ ਸਕੇ।

ਇਸ ਆਪਰੇਸ਼ਨ ਬਾਰੇ ਹੋਰ ਜਾਣਕਾਰੀ ਦਿੰਦਿਆਂ ਕਮਿਸ਼ਨਰ ਆਫ ਪੁਲਿਸ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਸ਼ੁਰੂ ਵਿੱਚ ਦੋਸ਼ੀ ਰਾਜਨ ਨੂੰ ਇੱਕ .30 ਬੋਰ ਪਿਸਤੌਲ ਅਤੇ ਕਾਫੀ ਮਾਤਰਾ ਵਿੱਚ ਅਫੀਮ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਸਦੀ ਪੁੱਛਗਿੱਛ ਨਾਲ ਇਸ ਪੂਰੇ ਨੈੱਟਵਰਕ ਦਾ ਪਰਦਾਫਾਸ਼ ਹੋਇਆ।

ਉਨ੍ਹਾਂ ਦੱਸਿਆ ਕਿ ਇਸ ਮਾਮਲੇ ਦੀ ਅਗਲੇਰੀ ਜਾਂਚ ਦੌਰਾਨ, ਬਾਅਦ ਵਿੱਚ ਸੁਰਿੰਦਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਸਦੇ ਕਬਜ਼ੇ ਵਿੱਚੋਂ ਤਿੰਨ .30 ਬੋਰ ਦੇ ਪਿਸਤੌਲ ਅਤੇ ਇੱਕ 9 ਐਮਐਮ ਪਿਸਤੌਲ ਬਰਾਮਦ ਹੋਇਆ। ਉਨ੍ਹਾਂ ਅੱਗੇ ਦੱਸਿਆ ਕਿ ਇਸ ਮਾਮਲੇ ਦੀ ਹੋਰ ਜਾਂਚ ਸਦਕਾ ਤੀਜੇ ਦੋਸ਼ੀ ਜਗਜੀਤ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਸ ਕੋਲੋਂ ਤਿੰਨ 9 ਐਮਐਮ ਗਲੌਕ ਪਿਸਤੌਲ ਅਤੇ ਦੋ .30 ਬੋਰ ਦੇ ਪਿਸਤੌਲ ਬਰਾਮਦ ਕੀਤੇ ਗਏ।

ਸੀਪੀ ਨੇ ਦੱਸਿਆ ਕਿ ਦੋਸ਼ੀ ਜਗਜੀਤ ਸਿੰਘ ਚਾਰ ਮਹੀਨੇ ਪਹਿਲਾਂ ਦੁਬਈ ਤੋਂ ਵਾਪਸ ਆਇਆ ਸੀ। ਸੁਰਿੰਦਰ ਦਾ ਪਿੰਡ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ ਵਿਖੇ ਅੰਤਰਰਾਸ਼ਟਰੀ ਸਰਹੱਦ ਦੇ ਨੇੜੇ ਸਥਿਤ ਹੈ, ਜਦੋਂਕਿ ਜਗਜੀਤ ਦਾ ਜੱਦੀ ਪਿੰਡ ਜ਼ਿਲ੍ਹਾ ਤਰਨਤਾਰਨ ਵਿਖੇ ਸਰਹੱਦ ਦੇ ਨੇੜੇ ਸਥਿਤ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਹ ਦੋਸ਼ੀ ਅੰਮ੍ਰਿਤਸਰ ਤੋਂ ਫਾਜ਼ਿਲਕਾ ਅਤੇ ਤਰਨਤਾਰਨ ਸੈਕਟਰਾਂ ਵਿੱਚ ਡਰੋਨ ਰਾਹੀਂ ਭੇਜੀਆਂ ਖੇਪਾਂ ਪ੍ਰਾਪਤ ਕਰਦੇ ਸਨ ਅਤੇ ਇਨ੍ਹਾਂ ਖੇਪਾਂ ਨੂੰ ਸਿੱਧੇ ਤੌਰ ’ਤੇ ਅਤੇ ਸਥਾਨ-ਅਧਾਰਤ ਡਿਲੀਵਰੀ ਪ੍ਰਣਾਲੀਆਂ ਰਾਹੀਂ ਅੱਗੇ ਸਪਲਾਈ ਕਰ ਰਹੇ ਸਨ। ਇਸ ਸਬੰਧੀ, ਐਫਆਈਆਰ ਨੰਬਰ 196 ਮਿਤੀ 08-10-2025 ਨੂੰ ਐਨਡੀਪੀਐਸ ਐਕਟ ਦੀ ਧਾਰਾ 18-ਬੀ ਅਤੇ 29 ਅਤੇ ਅਸਲਾ ਐਕਟ ਦੀ ਧਾਰਾ 25 ਤਹਿਤ ਥਾਣਾ ਸਦਰ ਅੰਮ੍ਰਿਤਸਰ ਕਮਿਸ਼ਨਰੇਟ ਵਿਖੇ ਦਰਜ ਕੀਤੀ ਗਈ ਹੈ।

# ਪੰਜਾਬ ਰੋਡਵੇਜ਼ ਪਨਬਸ/ਪੀ.ਆਰ.ਟੀ.ਸੀ. ਕੰਟਰੈਕਟ ਵਰਕਰਜ਼ ਯੂਨੀਅਨ ਵੱਲੋਂ ਰੋਸ ਪ੍ਰਦਰਸ਼ਨ

**ਲੁਧਿਆਣਾ, 19 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰੋਡਵੇਜ਼ ਪਨਬਸ/ਪੀ.ਆਰ.ਟੀ.ਸੀ. ਕੰਟਰੈਕਟ ਵਰਕਰਜ਼ ਯੂਨੀਅਨ ਵੱਲੋਂ ਅੱਜ ਸੂਬਾ ਭਰ ਦੇ ਬੱਸ ਅੱਡਿਆਂ ਨੂੰ ਬੰਦ ਕਰਕੇ ਕਿਲੋਮੀਟਰ ਸਕੀਮ ਦੇ ਵਿਰੋਧ ਵਿੱਚ 4 ਘੰਟੇ ਦਾ ਰੋਸ ਪ੍ਰਦਰਸ਼ਨ ਕੀਤਾ ਗਿਆ। ਲੁਧਿਆਣਾ ਬੱਸ ਅੱਡੇ ‘ਤੇ ਹੋਏ ਸਮਾਗਮ ਦੌਰਾਨ ਸੂਬਾ ਜਨਰਲ ਸਕੱਤਰ ਸ਼ਮਸ਼ੇਰ ਸਿੰਘ ਢਿੱਲੋਂ ਅਤੇ ਸੂਬਾ ਜੁਆਇੰਟ ਸਕੱਤਰ ਜਗਤਾਰ ਸਿੰਘ ਨੇ ਕਿਹਾ ਕਿ ਟਰਾਂਸਪੋਰਟ ਵਿਭਾਗ ਦੇ ਕਰਮਚਾਰੀਆਂ ਨਾਲ ਸਰਕਾਰ ਵੱਲੋਂ ਵਾਰ-ਵਾਰ ਧੋਖਾ ਕੀਤਾ ਜਾ ਰਿਹਾ ਹੈ।

ਉਹਨਾਂ ਦੱਸਿਆ ਕਿ ਪਿਛਲੇ ਚਾਰ ਸਾਲਾਂ ਵਿੱਚ ਇਕ ਵੀ ਕਰਮਚਾਰੀ ਨੂੰ ਪੱਕਾ ਨਹੀਂ ਕੀਤਾ ਗਿਆ ਅਤੇ ਹਰ ਮਹੀਨੇ ਤਨਖਾਹਾਂ ਲਈ ਸੰਘਰਸ਼ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਕਿਲੋਮੀਟਰ ਸਕੀਮ ਤਹਿਤ ਪ੍ਰਾਈਵੇਟ ਮਾਲਕਾਂ ਦੀਆਂ ਬੱਸਾਂ ਨੂੰ ਸਰਕਾਰੀ ਪਰਮਿਟਾਂ ‘ਤੇ ਚਲਾਉਣਾ ਵਿਭਾਗ ਦੀ ਲੁੱਟ ਦੇ ਬਰਾਬਰ ਹੈ।

ਯੂਨੀਅਨ ਨੇ ਮੰਗ ਕੀਤੀ ਕਿ ਕਿਲੋਮੀਟਰ ਸਕੀਮ ਬੱਸਾਂ ਦੇ ਟੈਂਡਰ ਤੁਰੰਤ ਰੱਦ ਕੀਤੇ ਜਾਣ, ਠੇਕੇਦਾਰ ਪ੍ਰਣਾਲੀ ਖਤਮ ਕਰਕੇ ਕਰਮਚਾਰੀਆਂ ਨੂੰ ਸਰਵਿਸ ਰੂਲ ਤਹਿਤ ਪੱਕਾ ਕੀਤਾ ਜਾਵੇ, ਬਰਾਬਰ ਕੰਮ-ਬਰਾਬਰ ਤਨਖਾਹ ਲਾਗੂ ਕੀਤੀ ਜਾਵੇ ਅਤੇ ਕੱਢੇ ਕਰਮਚਾਰੀਆਂ ਨੂੰ ਬਹਾਲ ਕੀਤਾ ਜਾਵੇ।

ਯੂਨੀਅਨ ਨੇ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਮੰਗਾਂ ਦਾ ਹੱਲ ਨਾ ਕੀਤਾ ਤਾਂ 25-26 ਅਕਤੂਬਰ ਨੂੰ ਤਰਨਤਾਰਨ ਹਲਕੇ ਵਿੱਚ ਸਰਕਾਰ ਵਿਰੁੱਧ ਵੱਡਾ ਸੰਘਰਸ਼ ਕੀਤਾ ਜਾਵੇਗਾ।

# ਆਪ ਸਰਕਾਰ ਦੇ ਵਿਕਾਸ ਦੇ ਦਾਅਵੇ ਝੂਠੇ; ਅਮੀਰ ਇਲਾਕਿਆਂ ਦੀਆਂ ਸੜਕਾਂ ਵੀ ਖਸਤਾਹਾਲ : ਰਜਨੀਸ਼ ਧੀਮਾਨ

**ਲੁਧਿਆਣਾ, 19 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਭਾਜਪਾ ਪ੍ਰਧਾਨ ਰਜਨੀਸ਼ ਧੀਮਾਨ ਨੇ ਆਮ ਆਦਮੀ ਪਾਰਟੀ ਸਰਕਾਰ ‘ਤੇ ਮਹਾਂਨਗਰ ਵਿੱਚ ਵਿਕਾਸ ਦੇ ਝੂਠੇ ਦਾਅਵਿਆਂ ਨੂੰ ਲੈ ਕੇ ਤਿੱਖਾ ਹਮਲਾ ਬੋਲਿਆ। ਉਨ੍ਹਾਂ ਕਿਹਾ ਕਿ ਲੁਧਿਆਣਾ ਮਹਾਂਨਗਰ ਵਿੱਚ ਜਿੱਥੇ ਵੀ ਜਾਓ, ਟੁੱਟੀਆਂ ਸੜਕਾਂ ਤੇ ਵੱਡੇ-ਵੱਡੇ ਖੱਡੇ ਸਰਕਾਰ ਦੀ ਨਾਕਾਮ ਪ੍ਰਬੰਧਕੀ ਦਾ ਸਪਸ਼ਟ ਸਬੂਤ ਹਨ।

ਧੀਮਾਨ ਨੇ ਕਿਹਾ ਕਿ ਖਾਸ ਕਰਕੇ ਪੱਛਮੀ ਹਲਕੇ ਦੇ ਕਲੱਬ ਰੋਡ ਵਰਗੇ ਆਲੀਸ਼ਾਨ ਇਲਾਕਿਆਂ ਦੀ ਹਾਲਤ ਵੀ ਬਹੁਤ ਮਾੜੀ ਹੈ।

‘ਆਪ’ ਸਰਕਾਰ ਦੇ ਵਿਧਾਇਕ ਅਤੇ ਨਗਰ ਨਿਗਮ ਦੇ ਅਧਿਕਾਰੀ ਹਰ ਰੋਜ਼ ਇਸ ਸੜਕ ਤੋਂ ਲੰਘਦੇ ਹਨ, ਪਰ ਲੋਕਾਂ ਦੀ ਪਰੇਸ਼ਾਨੀ ‘ਤੇ ਕਿਸੇ ਦਾ ਧਿਆਨ ਨਹੀਂ, ਉਨ੍ਹਾਂ ਕਿਹਾ। ਉਨ੍ਹਾਂ ਦੱਸਿਆ ਕਿ ਉਪ-ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਹਲਕੇ ਦੇ ਵਿਕਾਸ ਲਈ ਵੱਡੇ ਵਾਅਦੇ ਕੀਤੇ ਸਨ, ਪਰ ਚੋਣਾਂ ਤੋਂ ਬਾਅਦ ਸਾਰੇ ਵਾਅਦੇ ਭੁੱਲ ਗਏ। ‘ਆਪ’ ਦੇ ਜੇਤੂ ਵਿਧਾਇਕ ਸੰਜੀਵ ਅਰੋੜਾ ਤਾਂ ਮੰਤਰੀ ਬਣ ਗਏ, ਪਰ ਹਲਕੇ ਦੇ ਲੋਕ ਅਜੇ ਵੀ ਟੁੱਟੀਆਂ ਸੜਕਾਂ ਤੇ ਗੰਦਗੀ ਨਾਲ ਜੂਝ ਰਹੇ ਹਨ, ਧੀਮਾਨ ਨੇ ਕਿਹਾ।

ਭਾਜਪਾ ਨੇ ਆਰੋਪ ਲਾਇਆ ਕਿ ਸਰਕਾਰ ਵੱਲੋਂ ਨਾ ਤਾਂ ਸੜਕਾਂ ਦੀ ਮੁਰੰਮਤ ਕੀਤੀ ਜਾ ਰਹੀ ਹੈ ਅਤੇ ਨਾ ਹੀ ਨਗਰ ਨਿਗਮ ਵੱਲੋਂ ਕੋਈ ਕਾਰਵਾਈ ਕੀਤੀ ਗਈ ਹੈ। ਧੀਮਾਨ ਨੇ ਕਿਹਾ ਕਿ ਜੇਕਰ ਅਮੀਰ ਇਲਾਕਿਆਂ ਦੀ ਇਹ ਹਾਲਤ ਹੈ, ਤਾਂ ਬਾਕੀ ਹਲਕਿਆਂ ਦੀ ਤਸਵੀਰ ਆਪ ਹੀ ਸਾਫ਼ ਹੈ।

ਉਨ੍ਹਾਂ ਕਿਹਾ, ਟੁੱਟੀਆਂ ਸੜਕਾਂ, ਬੇਹਾਲ ਜਨਤਾ — ਇਹੀ ਹੈ ਆਪ ਸਰਕਾਰ ਦਾ ਅਸਲ ਕਮਾਲ।

# ਇਨਵੈਸਟ ਪੰਜਾਬ ਦੇ ਬੰਗਲੁਰੂ ਆਊਟਰੀਚ ਵਿੱਚ ਵੱਡੀ ਗਿਣਤੀ ‘ਚ ਪਹੁੰਚੇ ਨਿਵੇਸ਼ਕ: ਕੈਬਨਿਟ ਮੰਤਰੀ ਸੰਜੀਵ ਅਰੋੜਾ

**ਚੰਡੀਗੜ੍ਹ, 19 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇਨਵੈਸਟ ਪੰਜਾਬ ਵੱਲੋਂ ਬੰਗਲੁਰੂ ਵਿਖੇ ‘ਇਨਵੈਸਟ ਪੰਜਾਬ ਤਹਿਤ ਕਾਰੋਬਾਰੀ ਆਗੂਆਂ ਨਾਲ ਗੱਲਬਾਤ▾ ਵਿਸ਼ੇ ‘ਤੇ ਕਰਵਾਈ ਗਈ ਦੋ-ਰੋਜ਼ਾ ਮਿਲਣੀ ਦੀ ਮੇਜ਼ਬਾਨੀ ਕੀਤੀ ਗਈ। ਇਸ ਮਿਲਣੀ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਦੀ ਅਗਵਾਈ ਵਾਲੀ ਟੀਮ ਨੂੰ ਉਦਯੋਗ ਜਗਤ ਦੇ ਪ੍ਰਮੁੱਖ ਆਗੂਆਂ ਤੋਂ ਸਕਾਰਾਤਮਕ ਹੁੰਗਾਰਾ ਮਿਲਿਆ।

ਕੈਬਨਿਟ ਮੰਤਰੀ ਸ਼੍ਰੀ ਸੰਜੀਵ ਅਰੋੜਾ ਨੇ ਪ੍ਰਮੁੱਖ ਉਦਯੋਗਪਤੀਆਂ ਨਾਲ ਉਨ੍ਹਾਂ ਦੀਆਂ ਨਿਵੇਸ਼ ਤਰਜੀਹਾਂ ਨੂੰ ਜਾਣਨ ਲਈ ਵਨ-ਟੂ-ਵਨ ਅਤੇ ਗਰੁੱਪ ਚਰਚਾਵਾਂ ਕੀਤੀਆਂ ਅਤੇ ਉਨ੍ਹਾਂ ਅੱਗੇ ਪੰਜਾਬ ਦੇ ਮਜ਼ਬੂਤ ਬੁਨਿਆਦੀ ਢਾਂਚੇ, ਪ੍ਰਗਤੀਸ਼ੀਲ ਨੀਤੀਆਂ ਅਤੇ ਪ੍ਰੋਤਸਾਹਨ ਦਾ ਖਾਕਾ ਪੇਸ਼ ਕੀਤਾ ।ਮੁੱਖ ਗੱਲਬਾਤ ਵਿੱਚ ਇੰਟਲ, ਅਰਜਸ ਸਟੀਲ, ਹਿੰਦੁਸਤਾਨ ਏਰੋਨੌਟਿਕਸ ਲਿਮਿਟਡ , ਆਈਡੀਆ ਫੋਰਜ, ਸੋਨਾਟਾ ਸਾਫਟਵੇਅਰ, ਰਾਇਲ ਆਰਚਿਡ ਹੋਟਲਜ਼, ਇੰਡੀਆ ਇਲੈਕਟ੍ਰਾਨਿਕਸ ਐਂਡ ਸੈਮੀਕੰਡਕਟਰ ਐਸੋਸੀਏਸ਼ਨ , ਆਈਈਡੀਏ ਅਤੇ ਟਿਸੌਲਵ ਨਾਲ ਜੁੜੇ ਸੀਐਕਸਓਜ ਦੇ ਸੋਸਾਇਟੀ ਆਫ਼ ਇੰਡੀਅਨ ਡਿਫੈਂਸ ਮੈਨੂਫੈਕਚਰਰਜ਼ , ਅਰਵਿੰਦ ਕੰਸਲਟੈਂਸੀ, ਯੂਐਚਪੀ, ਆਈਈਐਸਏ, ਐਸਈਐਮ ਆਈ, ਇਨਫਾਨੀਓਨ ਟੈਕਨਾਲੋਜੀ, ਐਸਸੀਐਲ ਅਤੇ ਉਦਯੋਗਿਕ ਵਿਕਾਸ ਲਈ ਪੰਜਾਬ ਨਾਲ ਜੁੜੀਆਂ ਹੋਰ ਕੰਪਨੀਆਂ ਸ਼ਾਮਲ ਸਨ।




ਕੈਬਨਿਟ ਮੰਤਰੀ ਸ਼੍ਰੀ ਸੰਜੀਵ ਅਰੋੜਾ ਨੇ ਇਨ੍ਹਾਂ ਉਦਯੋਗਿਕ ਆਗੂਆਂ ਨੂੰ ਪੰਜਾਬ ਵਿੱਚ ਨਿਵੇਸ਼ ਕਰਨ ਲਈ ਰਸਮੀ ਸੱਦਾ ਦਿੱਤਾ, ਜਿਸ ਵਿੱਚ ਉਦਯੋਗਿਕ ਗਤੀਸ਼ੀਲਤਾ, ਰੁਜ਼ਗਾਰ ਉਤਪਤੀ ਅਤੇ ਕਾਰੋਬਾਰ-ਅਨੁਕੂਲ ਵਾਤਾਵਰਣ ਪ੍ਰਤੀ ਪੰਜਾਬ ਸਰਕਾਰ ਦੀ ਅਟੁੱਟ ਵਚਨਬੱਧਤਾ ’ਤੇ ਜ਼ੋਰ ਦਿੱਤਾ ਗਿਆ। ਉਨ੍ਹਾਂ ਨੇ ਪ੍ਰੋਜੈਕਟ ਲਾਗੂਕਰਨ ਵਿੱਚ ਤੇਜ਼ੀ ਲਿਆਉਣ ਦੇ ਉਦੇਸ਼ ਨਾਲ ਸੂਬਾ ਸਰਕਾਰ ਵੱਲੋਂ ਸੁਚਾਰੂ ਸੁਵਿਧਾ ਪ੍ਰਣਾਲੀਆਂ ਅਤੇ ਬੁਨਿਆਦੀ ਢਾਂਚੇ ਦੇ ਅੱਪਗ੍ਰੇਡਾਂ ਬਾਰੇ ਜਾਣਕਾਰੀ ਦਿੱਤੀ।

ਮੰਤਰੀ ਸੰਜੀਵ ਅਰੋੜਾ ਨੇ ਦੱਸਿਆ ਕਿ ਇਨਵੈਸਟ ਪੰਜਾਬ ਦੇ ਰੋਡ ਸ਼ੋਅ ਦੌਰਾਨ, ਟੀਮ ਨੇ ਹੀਰੋ ਗਰੁੱਪ, ਅੰਬਰ ਇੰਟਰਪ੍ਰਾਈਜ਼, ਆਈਟੀਸੀ, ਵਰੁਣ ਬੇਵਰੇਜ ਤੋਂ ਜੈਪੁਰੀਆਜ਼, ਇੰਟਲ, ਐਚਏਐਲ, ਅਰਜਸ ਸਟੀਲ, ਮੇਦਾਂਤਾ ਹਸਪਤਾਲ, ਰਾਇਲ ਆਰਚਿਡ, ਸੋਨਾਟਾ ਸਾਫਟਵੇਅਰ, ਓ.ਐਲ.ਏ, ਆਈਡੀਆਫੋਰਜ, ਤਾਜ ਹੋਟਲਜ਼ ਲਈ ਆਈ.ਐਚ.ਸੀ.ਐਲ., ਰਾਲਸਨ, ਜੇਨਪੈਕਟ, ਮਿੰਡਾ ਗਰੁੱਪ, ਜੀਐਮਆਰ, ਨਿਊ ਹਾਲੈਂਡ, ਏਆਈਪੀਐਲ, ਦਾਵਤ ਰਾਈਸ ਗਰੁੱਪ, ਏਸੀਕੇਐਮਈ ਸੋਲਰ, ਇਨਫੋ ਐਂਜ ਸਮੇਤ ਚੋਟੀ ਦੇ ਕਾਰਪੋਰੇਟਾਂ ਨਾਲ ਭਵਿੱਖੀ ਨਿਵੇਸ਼ ਸਬੰਧੀ ਗੱਲਬਾਤ ਕੀਤੀ।

ਉਨ੍ਹਾਂ ਨੇ ਪੰਜਾਬ ਵਿੱਚ ਪਹਿਲਾਂ ਹੀ ਵਧ-ਫੁੱਲ ਰਹੇ ਅਤੇ ਫੈਲ ਰਹੇ ਬ੍ਰਾਂਡਾਂ/ਕਾਰਪੋਰੇਟਾਂ- ਜਿਵੇਂ ਨੈਸਲੇ, ਫਰੂਡੇਨਬਰਗ, ਡੈਨਨ, ਟਾਟਾ ਸਟੀਲਜ਼, ਸਨਾਤਨ ਟੈਕਸਟਾਈਲਜ਼, ਆਈਟੀਸੀ, ਹਿੰਦੁਸਤਾਨ ਲੀਵਰਜ਼, ਪੈਪਸੀਕੋ, ਵਰਬੀਓ, ਇਨਫੋਸਿਸ, ਮਹਿੰਦਰਾ, ਸੈਮੀਕੰਡਕਟਰਾਂ ਲਈ ਸੀਡੀਆਈਐਲ ਬਾਰੇ ਵੀ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਹੀਰੋ, ਮੋਂਟੇ ਕਾਰਲੋ, ਕ੍ਰੀਮਿਕਾ, ਟ੍ਰਾਈਡੈਂਟ, ਸੋਨਾਲੀਕਾ ਟਰੈਕਟਰ, ਨਿਵੀਆ ਸਪੋਰਟਸ ਵਰਗੇ ਘਰੇਲੂ ਪੰਜਾਬੀ ਬ੍ਰਾਂਡ ,ਕਿਸੇ ਜਾਣ-ਪਛਾਣ ਦੇ ਮੁਥਾਜ ਨਹੀਂ ਹਨ, ਨੇ ਰਾਸ਼ਟਰ ਨਿਰਮਾਣ ਵਿੱਚ ਨਿਰੰਤਰ ਯੋਗਦਾਨ ਪਾਇਆ ਹੈ।

ਆਸਾਨ ਪਹੁੰਚ, ਆਧੁਨਿਕ ਬੁਨਿਆਦੀ ਢਾਂਚੇ ਅਤੇ ਕਿਫ਼ਾਇਤੀ ਦਰਾਂ ’ਤੇ ਹੁਨਰਮੰਦ ਸਟਾਫ਼ ਦੀ ਉਪਲਬਧਤਾ ਦੇ ਨਾਲ ਮੋਹਾਲੀ ਆਈ.ਟੀ. ਸੈਮੀਕੰਡਕਟਰਜ਼ ਅਤੇ ਡੇਟਾ ਸੈਂਟਰਾਂ ਵਿੱਚ ਉੱਚ-ਤਕਨੀਕੀ ਨਿਵੇਸ਼ਾਂ ਲਈ ਇੱਕ ਪ੍ਰਮੁੱਖ ਕੇਂਦਰ ਵਜੋਂ ਉਭਰਿਆ ਹੈ। ਇਨਫੋਸਿਸ ਦੀ ਵਧ ਰਹੀ ਮੌਜੂਦਗੀ ਸਦਕਾ ਇਹ ਖੇਤਰ ਕੁਸ਼ਲ ਵਿਕਾਸ ਦੇ ਮੌਕੇ ਤਲਾ ?ਸਦੀਆਂ ਪ੍ਰਮੁੱਖ ਕੰਪਨੀਆਂ ਨੂੰ ਆਕਰਸਿ ?ਤ ਕਰ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਦਾ ਮਜ਼ਬੂਤ ਅਕਾਦਮਿਕ ਵਾਤਾਵਰਨ – ਜਿਸ ਵਿੱਚ ਆਈਆਈਟੀ ਰੋਪੜ, ਆਈਐਸਬੀ, ਆਈਆਈਐਸਈਆਰ, ਥਾਪਰ, ਸੀਡੀਆਈਐਲ ਅਤੇ ਹੋਰ ਸ਼ਾਮਲ ਹਨ – ਨਾਲ ਸਿਰਫ਼ ਨਵੀਨਤਾ ਨੂੰ ਹੁਲਾਰਾ ਦੇ ਰਿਹਾ ਹੈ ਸਗੋਂ ਉੱਨਤ ਉਦਯੋਗਾਂ ਲਈ ਰਾਹ ਪੱਧਰਾ ਕਰਕੇ ਸੂਬੇ ਦੀ ਸਥਿਤੀ ਨੂੰ ਮਜ਼ਬੂਤ ਕਰ ਰਿਹਾ ਹੈ।

ਅਰੋੜਾ ਨੇ ਅੱਗੇ ਕਿਹਾ ਕਿ ਮਾਨਯੋਗ ਰਾਸ਼ਟਰੀ ਕਨਵੇਅਰ ਅਰਵਿੰਦ ਕੇਜਰੀਵਾਲ ਅਤੇ ਮਾਨਯੋਗ ਮੁੱਖ ਮੰਤਰੀ ਭਗਵੰਤ ਮਾਨ ਦੀ ਦੂਰਅੰਦੇਸ਼ ਅਗਵਾਈ ਹੇਠ ਪੰਜਾਬ ਸਰਕਾਰ, ਗਤੀਸ਼ੀਲ ਉਦਯੋਗਿਕ ਵਿਕਾਸ ਅਤੇ ਵਿਸਤ੍ਰਿਤ ਆਰਥਿਕ ਮੌਕਿਆਂ ਨਾਲ ਲੈਸ ਇੱਕ ਨਵਾਂ ਪੰਜਾਬ ਸਿਰਜਣ ਦੀ ਸੋਚ ਨੂੰ ਅੱਗੇ ਵਧਾ ਰਹੀ ਹੈ ।ਨਿਵੇਸ਼ ਪੰਜਾਬ ਵੱਲੋਂ ਨਿਵੇਸ਼ਕਾਂ ਦੀ ਦਿਲਚਸਪੀ ਨੂੰ ਠੋਸ ਭਾਈਵਾਲੀ ਅਤੇ ਨਿਵੇਸ਼ਾਂ ਵਿੱਚ ਬਦਲਣ ਲਈ ਆਪਣੇ ਯਤਨ ਜਾਰੀ ਰੱਖੇ ਜਾਣਗੇ। ਇਸ ਸਮਾਗਮ ਵਿੱਚ ਪੀਡੀਸੀ ਦੇ ਵਾਈਸ ਚੇਅਰਪਰਸਨ ਸੀਮਾ ਬਾਂਸਲ, ਉਦਯੋਗ ਅਤੇ ਵਣਜ ਦੇ ਸਕੱਤਰ ਕੇ.ਕੇ. ਯਾਦਵ, ਪੀ.ਐਸ.ਆਈ.ਈ.ਸੀ. ਦੇ ਮੈਨੇਜਿੰਗ ਡਾਇਰੈਕਟਰ ਸੌਰਭੀ ਮਲਿਕ, ਇਨਵੈਸਟ ਪੰਜਾਬ ਦੇ ਸੀ.ਈ.ਓ. ਅਮਿਤ ਢਾਕਾ, ਕੇ.ਪੀ.ਐਮ.ਜੀ. ਤੋਂ ਗੌਰਵ, ਇਨਵੈਸਟ ਪੰਜਾਬ ਦੇ ਸੀਨੀਅਰ ਅਧਿਕਾਰੀਆਂ ਸਮੇਤ ਪ੍ਰਮੁੱਖ ਪਤਵੰਤੇ ਮੌਜੂਦ ਸਨ।

# ਵਿਧਾਇਕ ਕੁਲਵੰਤ ਸਿੰਘ ਸਿੱਧੂ ਦੀ ਪਤਨੀ ਗੀਤ ਕੌਰ ਸਿੱਧੂ ਨੇ ਮਹਿਲਾ ਵਿੰਗ ਨਾਲ ਕੀਤੀ ਸਾਰਸ ਮੇਲੇ ’ਚ ਸ਼ਮੂਲੀਅਤ

**ਲੁਧਿਆਣਾ, 19 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਆਤਮ ਨਗਰ ਦੇ ਵਿਧਾਇਕ ਕੁਲਵੰਤ ਸਿੰਘ ਸਿੱਧੂ ਦੀ ਧਰਮਪਤਨੀ ਗੀਤ ਕੌਰ ਸਿੱਧੂ ਮਹਿਲਾ ਵਿੰਗ ਨਾਲ ਵਿਸ਼ੇਸ਼ ਤੌਰ ’ਤੇ ਦੇਸ਼ ਦੇ ਪੁਰਾਤਨ ਸੱਭਿਆਚਾਰ, ਸ਼ਿਲਪਕਾਰੀ ਤੇ ਵੱਖ-ਵੱਖ ਵੰਨਗੀਆਂ ਨੂੰ ਦਰਸਾਉਂਦੇ ਸਾਰਸ ਮੇਲਾ-2025 ਨੂੰ ਦੇਖਣ ਲਈ ਪੁੱਜੇ। ਇਸ ਮੌਕੇ ਉਨ੍ਹਾਂ ਨਾਲ ਆਮ ਆਦਮੀ ਪਾਰਟੀ ਦੀ ਸਪੋਰਟਸ ਵਿੰਗ ਲੁਧਿਆਣਾ ਦੀ ਪ੍ਰਧਾਨ ਸੋਨੀਆ ਅਲੱਗ ਵੀ ਸਨ।

ਇਹ ਸਾਰਸ ਮੇਲਾ ਲੁਧਿਆਣਾ ਦੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਮੇਲਾ ਗਰਾਊਂਡ ਵਿਖੇ 4 ਤੋਂ 19 ਅਕਤੂਬਰ ਤੱਕ ਜਾਰੀ ਰਹੇਗਾ। ਇਸ ਮੌਕੇ ਗੀਤ ਕੌਰ ਸਿੱਧੂ ਨੇ ਲੁਧਿਆਣਾ ਵਾਸੀਆਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸ਼ਨ ਲੁਧਿਆਣਾ ਦਾ ਬਹੁਤ ਵੱਡਾ ਉਪਰਾਲਾ ਹੈ, ਜਿੱਥੇ ਵੱਖ-ਵੱਖ 22 ਰਾਜਾਂ ਦੇ ਖਾਣ-ਪੀਣ ਦੇ ਸਟਾਲ ਲੱਗੇ ਹੋਏ ਹਨ। ਉਨ੍ਹਾਂ ਕਿਹਾ ਇਹ ਮੇਲਾ ਭਾਰਤ ਦੀ ਪੁਰਾਤਨ ਸੱਭਿਅਤਾ ਨੂੰ ਦਰਸਾਉਂਦਾ ਹੈ ਜਿੱਥੇ ਵੱਖ-ਵੱਖ ਸੂਬਿਆਂ ਦੇ ਕਲਾਕਾਰ ਆਪਣੀ ਕਲਾ ਦਾ ਜੌਹਰ ਦਿਖਾ ਰਹੇ ਹਨ।

ਉਨ੍ਹਾਂ ਨੌਜਵਾਨਾਂ, ਬੱਚਿਆਂ ਤੇ ਹਰ ਉਮਰ ਵਰਗ ਦੇ ਵਸਨੀਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਸਾਰਸ ਮੇਲੇ ਵਿੱਚ ਲੁਧਿਆਣਵੀ ਨੇ ਸ਼ਮੂਲੀਅਤ ਕਰਦਿਆਂ ਮੇਲੇ ਦਾ ਆਨੰਦ ਮਾਣਿਆ।

ਇਸ ਮੌਕੇ ਪ੍ਰਧਾਨ ਸੋਨੀਆ ਅਲੱਗ ਨੇ ਕਿਹਾ ਕਿ ਮੇਲੇ ਵਿੱਚ ਦੇਸ਼ ਤੋਂ 1,000 ਵੱਧ ਕਾਰੀਗਰਾਂ ਨੇ ਆਪਣੇ ਹੁਨਰ ਨਾਲ ਤਿਆਰ ਕੀਤੀ ਦੁਰਲੱਭ ਦਸਤਕਾਰੀ, ਰਵਾਇਤੀ ਕਲਾਕ੍ਰਿਤੀਆਂ ਹੱਥ ਨਾਲ ਬਣੀ ਵਸਤੂਆਂ ਨੂੰ ਵੇਚਿਆ। ਮੇਲੇ ਵਿੱਚ ਗੀਤ ਕੌਰ ਸਿੱਧੂ ਨੇ ਸਾਥੀ ਮਹਿਲਾਵਾਂ ਨਾਲ ਵੱਖ ਵੱਖ ਸਟਾਲਾਂ ਦਾ ਦੌਰਾ ਕੀਤਾ ਅਤੇ ਸਮਾਨ ਦੀ ਖਰੀਦੋ ਫਰੋਖਤ ਕੀਤੀ।

# ਨਕਲੀ ਵਿਜੀਲੈਂਸ ਦੀ ਟੀਮ ਨੂੰ ਮੁੱਲਾਂਪੁਰ ਦਾਖਾ ਦੀ ਪੁਲਿਸ ਨੇ ਕੀਤਾ ਗ੍ਰਿ.ਫਤਾਰ

**ਜਗਰਾਉਂ/ਮੁੱਲਾਂਪੁਰ ਦਾਖਾ, 19 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਐਸਡੀਓ ਜਸਕਿਰਨ ਪ੍ਰੀਤ ਸਿੰਘ ਉਪ ਮੰਡਲ ਸ਼ਹਿਰੀ ਅੱਡਾ ਦਾਖਾ ਪੀਐਸਪੀਐਸਐਲ ਦਫ਼ਤਰ ਮੁੱਲਾਂਪੁਰ ਦਾਖਾ ਨੇ ਪੁਲਿਸ ਨੂੰ ਪਿਛਲੇ ਦਿਨੀਂ 15 ਅਕਤੂਬਰ ਨੂੰ ਸ਼ਿਕਾਇਤ ਦਰਜ਼ ਕਰਵਾਈ ਕਿ ਕੁੱਝ ਦਿਨਾਂ ਤੋ 2 ਨਾਮਲੂਮ ਵਿਅਕਤੀ ਲਿੰਕ ਰੋਡ ਮੁੱਲਾਪੁਰ ਵਿਖੇ ਪਲਾਸਟਿਕ ਦੀਆਂ ਬੋਤਲਾ ਬਣਾਉਣ ਵਾਲੀ ਫੈਕਟਰੀ ਲਗਾਉਣ ਸਬੰਧੀ ਐਮਐਸ ਕੈਟਾਗਿਰੀ ਦਾ ਕੁਨੇਕਸ਼ਨ ਲੈਣ ਬਾਬਤ ਮੇਰੇ ਅਤੇ ਜੇਈ ਪਰਮਿੰਦਰ ਸਿੰਘ ਪਾਸ ਗੇੜੇ ਮਾਰ ਰਹੇ ਸਨ ਅਤੇ 13 ਅਕਤੂਬਰ ਦੀ ਦੁਪਹਿਰ ਮੇਰੇ ਪਾਸ ਇੱਕ ਵਿਅਕਤੀ ਜੋ ਆਪਣੇ ਆਪ ਨੂੰ ਰਾਜਵੀਰ ਦੱਸ ਰਿਹਾ ਸੀ ਆਇਆ। ਜਿਸ ਨੂੰ ਮੈਂ ਨਵੇਂ ਕੁਨੈਕਸ਼ਨ ਸਬੰਧੀ ਸਾਰੀ ਗੱਲਬਾਤ ਸਮਝਾ ਦਿੱਤੀ ਸੀ। ਜਿਸ ਤੋਂ ਬਾਅਦ ਮੈਨੂੰ ਮੇਰੇ ਐਕਸੀਅਨ ਰਵੀ ਕੁਮਾਰ ਚੋਪੜਾ ਦਾ ਸਰਕਾਰੀ ਮੋਬਾਇਲ ਨੰਬਰ 96461-14096 ਤੋਂ ਵਟਸਐਪ ਪਰ ਫੋਨ ਆਇਆ। ਜਿੰਨ੍ਹਾ ਨੇ ਮੈਨੂੰ ਇਸ ਕੁਨੈਕਸ਼ਨ ਬਾਰੇ ਪੁੱਛਿਆ ਅਤੇ ਆਪਣੇ ਦਫਤਰ ਤੋਂ ਬਾਹਰ ਆਉਣ ਲਈ ਕਿਹਾ ਤਾਂ ਜਦੋਂ ਮੈਂ ਬਾਹਰ ਗਿਆ ਤਾਂ ਉਥੇ ਐਕਸੀਅਨ ਸਾਬ ਮੌਜੂਦ ਨਹੀਂ ਸਨ ਤਾਂ ਮੈਂ ਐਕਸੀਅਨ ਸਾਹਿਬ ਦੇ ਕਮਰੇ ਵਿੱਚ ਗਿਆ ਤਾਂ ਉਥੇ ਵੀ ਐਕਸੀਅਨ ਸਾਹਿਬ ਮੌਜੂਦ ਨਹੀਂ ਸੀ ਅਤੇ ਕਮਰੇ ਵਿੱਚ 2 ਅਣਪਛਾਤੇ ਸਰਦਾਰ ਵਿਅਕਤੀ ਬੈਠੇ ਸਨ। ਜਿੰਨ੍ਹਾਂ ਵਿੱਚੋ ਇੱਕ



ਵਿਅਕਤੀ ਨੇ ਮੇਰਾ ਗੁੱਟ ਫੜ ਲਿਆ ਅਤੇ ਕਿਹਾ ਕਿ ਮੈਂ ਐਸਟੀਐਫ ਦਾ ਮੁਲਾਜਮ ਇੰਸਪੈਕਟਰ ਗਗਨ ਹਾਂ ਅਤੇ ਐਸਟੀਐਫ ਅਤੇ ਵਿਜੀਲੈਂਸ ਟੀਮ ਦੀ ਰੇਡ ਵਿੱਚ ਸ਼ਾਮਲ ਹਾਂ। ਜਿੰਨਾ ਨੇ ਮੈਨੂੰ ਕਿਹਾ ਕਿ ਤੁਹਾਡੇ ਐਕਸੀਅਨ ਸਾਹਿਬ ਨੇ 2 ਲੱਖ ਰੁਪਏ ਦੀ ਮੰਗ ਕੀਤੀ ਹੈ ਅਤੇ ਕਿਹਾ ਕਿ ਇਸ ਵਿੱਚੋ ਇੱਕ ਲੱਖ ਰੁਪਏ ਐਸਡੀਓ ਨੂੰ ਦੇਣਾ ਹੈ ਅਤੇ ਐਕਸੀਅਨ ਸਾਹਿਬ ਨਾਲ ਹੋਈ ਗੱਲਬਾਤ ਦੇ ਸਾਡੇ ਪਾਸ ਪੁੱਖਤਾ ਸਬੂਤ ਹਨ ਤਾਂ ਮੈਂ ਕਾਫ਼ੀ ਡਰ ਗਿਆ ਅਤੇ ਮੈਂ ਜੇਈ ਪਰਮਿੰਦਰ ਸਿੰਘ ਪੁੱਤਰ ਪ੍ਰਕਾਸ਼ ਸਿੰਘ ਵਾਸੀ ਮਕਾਨ ਨੰਬਰ 230-ਜੀ ਸ਼ਹੀਦ ਭਗਤ ਸਿੰਘ ਨਗਰ ਪੱਖੋਵਾਲ ਰੋਡ ਲੁਧਿਆਣਾ ਨੂੰ ਫੋਨ ਕਰਕੇ ਐਕਸੀਅਨ ਸਾਹਿਬ ਦੇ ਦਫਤਰ ਵਿਖੇ ਬੁਲਾਇਆ ਤਾਂ ਉਸ ਸਮੇਂ ਉਕਤ ਦਫ਼ਤਰ ਵਿੱਚ ਰਾਜਵੀਰ, ਗਗਨਦੀਪ ਅਤੇ ਇਹਨਾਂ ਦੇ 2 ਹੋਰ ਸਾਥੀ ਮੌਜੂਦ ਸਨ ਜਿੰਨਾਂ ਨੇ ਸਾਨੂੰ ਦੋਨਾ ਨੂੰ ਕਮਰੇ ਦੀ ਕੁੰਡੀ ਲਗਾ ਕੇ ਬੰਦੀ ਬਣਾ ਲਿਆ। ਜਿੰਨ੍ਹਾਂ ਨੇ ਸਾਨੂੰ ਧਮਕਾਇਆ ਕਿ ਸਾਡੇ ਪਾਸ ਪੁਖਤਾ ਸਬੂਤ ਹਨ, ਅਸੀ ਤੁਹਾਡੇ ਦੋਨੋ ਪਾਸਿਓਂ ਪੈਸਿਆਂ ਦੀ ਰਿਕਵਰੀ ਕਰਵਾ ਤੁਹਾਡੇ ਖਿਲਾਫ ਮੁਕੱਦਮਾ ਦਰਜ ਕਰਵਾ ਕੇ ਤੁਹਾਨੂੰ ਤੁਹਾਡੇ ਮਹਿਕਮੇ ਵਿੱਚੋਂ ਸਸਪੈਂਡ ਕਰਵਾ ਦੇਵਾਂਗੇ ਤਾਂ ਅਸੀ ਇਹਨਾਂ ਦੇ ਕਾਫ਼ੀ ਮਿਣਤਾ ਤਰਲੇ ਕੀਤੇ ਪਰ ਇਹਨਾਂ ਨੇ ਸਾਨੂੰ ਕਿਹਾ ਕਿ ਸਾਡੇ ਪਾਸ ਅਸਲਾ ਹੈ ਜੇ ਕੋਈ ਹੁਸ਼ਿਆਰੀ ਕੀਤੀ ਤਾਂ ਆਪਣੀ ਜਾਨ ਤੋ ਹੱਥ ਧੋ ਬੈਠੋਗੇ ਅਤੇ ਸਾਨੂੰ ਡਰਾ ਧਮਕਾ ਕੇ ਮੌਤ ਦਾ ਡਰ ਦੇ ਕੇ ਗੱਡੀ ਵਿੱਚ ਬੰਦੀ ਬਣਾ ਕੇ ਲੁਧਿਆਣਾ ਲੈ ਗਏ ਅਤੇ ਸਾਡੇ ਪਾਸੋ ਜਬਰਦਸਤੀ ਸਾਡੇ ਜਾਣਕਾਰਾਂ ਨਾਲ ਸੰਪਰਕ ਕਰਵਾ ਕਰੀਬ ਸੱਤ ਲੱਖ ਵੀਹ ਹਜ਼ਾਰ ਰੁਪਏ ਦੀ ਜ਼ਬਰੀ ਵਸੂਲੀ ਕਰਕੇ ਪਾਮ ਕੋਰਟ ਹੋਟਲ ਪਾਸ ਕਰੇਲਾ ਗੱਡੀ ਨੰਬਰੀ 3801-21-2866 ਵਿੱਚ ਬੈਠ ਕੇ ਫ਼ਰਾਰ ਹੋ ਗਏ ਅਤੇ ਮੈਨੂੰ ਉਕਤਾਨ ਪਰ ਸ਼ੱਕ ਹੋਣ ਤੇ ਮੈਂ ਆਪਣੇ ਤੌਰ ਤੇ ਪੜਤਾਲ ਕੀਤੀ ਤਾਂ ਮੈਨੂੰ ਪਤਾ ਲਗਾ ਕਿ ਉਕਤਾਨ ਵਿਅਕਤੀ ਐਸਟੀਐਫ ਜਾਂ ਵਿਜੀਲੈਂਸ ਦੇ ਕਰਮਚਾਰੀ ਨਹੀਂ ਸਨ ਅਤੇ ਜੋ ਵਿਅਕਤੀ ਆਪਣੇ ਆਪ ਨੂੰ ਗਗਨਦੀਪ ਦੱਸਦਾ ਸੀ ਉਸ ਦੀ Instagram 94 gurinder_gill3600 ਅਤੇ ਮੋਬਾਇਲ ਨੰਬਰ 77173-21389, ਸਭ ਤੋਂ ਪਹਿਲੇ ਦਿਨ ਆਉਣ ਵਾਲੇ ਵਿਅਕਤੀ ਦੀ Instagram ID aroravinay8899, ਆਪਣੇ ਆਪ ਨੂੰ ਰਾਜਵੀਰ ਦੱਸਣ ਵਾਲੇ ਵਿਅਕਤੀ ਦੀ ਫੇਸਬੁੱਕ ਆਈਡੀ Aman Rajput ਅਤੇ ਮੋਬਾਇਲ ਨੰਬਰ 90411-75726 ਹੈ।

ਉਕਤਾਨ ਵਿਅਕਤੀਆ ਵੱਲੋਂ ਆਪਣੇ ਆਪ ਨੂੰ ਲੋਕ ਸੇਵਕ ਦੱਸ ਕੇ ਮੈਨੂੰ ਅਤੇ ਜੇਈ ਪਰਮਿੰਦਰ ਸਿੰਘ ਨੂੰ ਬੰਦੀ ਬਣਾ ਕੇ ਸਾਨੂੰ ਡਰਾ ਧਮਕਾ ਕੇ ਸਾਡੇ ਕੋਲੋਂ ਸੱਤ ਲੱਖ ਵੀਹ ਹਜ਼ਾਰ ਰੁਪਏ ਦੀ ਜ਼ਬਰੀ ਵਸੂਲੀ ਕੀਤੀ ਹੈ। ਰਾਜਵੀਰ ਉਰਫ ਅਮਨ ਰਾਜਪੂਤ, ਵਿਨੈ ਅਰੋੜਾ, ਗਗਨਦੀਪ ਉਰਫ਼ ਗੁਰਿੰਦਰ ਗਿੱਲ ਅਤੇ ਇਨ੍ਹਾਂ ਦੇ ਇੱਕ ਨਾਮਲੂਮ ਸਾਥੀ ਦੇ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇ। ਜਿਸਤੇ ਬੀਤੇ 15 ਅਕਤੂਬਰ ਨੂੰ ਵੱਖ ਵੱਖ ਧਾਰਾਵਾਂ ਤਹਿਤ ਮੁਕਦਮਾ ਨੰਬਰ 181 ਦਰਜ਼ ਕੀਤਾ ਗਿਆ।

ਇਸ ਮਾਮਲੇ ਸਬੰਧੀ ਕਾਰਵਾਈ ਕਰਦਿਆਂ ਵਰਿੰਦਰ ਸਿੰਘ ਖੋਸਾ ਡੀਐਸਪੀ ਸਬ ਡਵੀਜ਼ਨ ਮੁੱਲਾਂਪੁਰ ਦਾਖਾ ਦੀ ਸੁਪਰਵੀਜ਼ਨ ਅਧੀਨ ਐਸਆਈ ਹਮਰਾਜ ਸਿੰਘ ਮੁੱਖ ਅਫਸਰ ਥਾਣਾ ਦਾਖਾ ਦੀ ਟੀਮ ਵੱਲੋ ਤੁਰੰਤ ਤੁਰੰਤ ਕਾਰਵਾਈ ਕਰਦੇ ਹੋਏ ਆਪਣੇ ਸੋਰਸ ਲਗਾਏ ਗਏ।

# ਭਾਰਤੀ ਸਿੱਖ ਸ਼ਰਧਾਲੂ ਨਿਡਰ ਹੋ ਕੇ ਪਾਕਿ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਆਉਣ : ਅਰੋੜਾ



**ਲਾਹੌਰ, 19 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਲਹਿੰਦੇ ਪੰਜਾਬ ਦੇ ਘੱਟ-ਗਿਣਤੀਆਂ ਬਾਰੇ ਮੰਤਰੀ ਰਮੇਸ਼ ਸਿੰਘ ਅਰੋੜਾ ਵਲੋਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਅਤੇ ਸ੍ਰੀ ਨਨਕਾਣਾ ਸਾਹਿਬ ਵਿਖੇ ਮਨਾਏ ਜਾਣ ਵਾਲੇ ਗੁਰਪੁਰਬ ਨੂੰ ਲੈ ਕੇ ਇੱਕ ਬਿਆਨ ਦਿੱਤਾ ਗਿਆ ਹੈ। ਉਨ੍ਹਾਂ ਆਖਿਆ ਕਿ ਭਾਰਤੀ ਸਿੱਖ ਸ਼ਰਧਾਲੂਆਂ ਦੇ ਪਾਕਿਸਤਾਨ ਆਉਣ ’ਤੇ ਕੁਝ ਭਾਰਤੀ ਮੀਡੀਆ ਅਦਾਰਿਆਂ ਵਲੋਂ ਬਿਨਾਂ ਕਿਸੇ ਆਧਾਰ ’ਤੇ ਡਰ ਫ਼ੈਲਾਇਆ ਜਾ ਰਿਹਾ ਹੈ।

ਉਨ੍ਹਾਂ ਸਪੱਸ਼ਟ ਕੀਤਾ ਕਿ ਲਹਿੰਦੇ ਪੰਜਾਬ ਦੀ ਸਰਕਾਰ ਵਲੋਂ ਨਾਨਕਸ਼ਾਹੀ ਕੈਲੰਡਰ ਜਾਂ ਭਾਰਤੀ ਸਿੱਖ ਸੰਗਤਾਂ ਬਾਰੇ ਕੋਈ ਵੀ ਬਿਆਨ ਜਾਰੀ ਨਹੀਂ ਕੀਤਾ ਗਿਆ ਬਲਕਿ ਪਾਕਿਸਤਾਨ ਸਰਕਾਰ ਵਲੋਂ ਹਰ ਸਾਲ ਦੀ ਤਰ੍ਹਾਂ ਪਹਿਲੀ ਪਾਤਸ਼ਾਹੀ ਦਾ ਪ੍ਰਕਾਸ਼ ਦਿਹਾੜਾ ਧੂਮਧਾਮ ਨਾਲ ਮਨਾਉਣ ਲਈ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਬਹੁਤ ਚੰਗੇ ਪ੍ਰਬੰਧ ਅਤੇ ਸੁਰੱਖਿਆ ਵਿਵਸਥਾ ਕੀਤੀ ਗਈ ਹੈ।

ਉਨ੍ਹਾਂ ਇਹ ਵੀ ਦੱਸਿਆ ਕਿ ਸਿਰਫ਼ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਿਹਾੜਾ (16 ਜੂਨ ਗੁਰਦੁਆਰਾ ਡੇਰਾ ਸਾਹਿਬ ਲਾਹੌਰ) ਸਬੰਧੀ ਕੁਝ ਮਾਮਲੇ ਹਨ ਜਿਨ੍ਹਾਂ ਬਾਰੇ ਆਉਣ ਵਾਲੇ ਦਿਨਾਂ ’ਚ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਨਾਲ ਵਿਚਾਰ ਕਰ ਕੇ ਹੱਲ ਕੱਢਿਆ ਜਾਵੇਗਾ।

ਅਰੋੜਾ ਨੇ ਕਿਹਾ ਕਿ ਪਾਕਿਸਤਾਨ ਵਿਖੇ ਸਾਰੇ ਧਾਰਮਿਕ ਤਿਓਹਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਹਿਨੁਮਾਈ ਹੇਠ ਹੀ ਮਨਾਏ ਜਾਂਦੇ ਹਨ ਅਤੇ ਸਿੱਖ ਸੰਗਤਾਂ ਦੀ ਸੁਰੱਖਿਆ ਤੇ ਸਹੂਲਤ ਲਈ ਪੂਰੇ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਭਾਰਤੀ ਸਿੱਖ ਯਾਤਰੀਆਂ ਨੂੰ ਅਪੀਲ ਕੀਤੀ ਕਿ ਉਹ ਨਿਡਰ ਹੋ ਕੇ ਗੁਰਧਾਮਾਂ ਦੇ ਦਰਸ਼ਨ ਕਰਨ ਆਉਣ।

# ਜਿਲ੍ਹਾ ਸੰਗਰੂਰ ਵਿੱਚ 7 ਵੇਂ ਰਾਉਂਡ ਦੀ ਮੁ.ਫਤ ਮੂੰਹ ਖ਼ੁਰ ਵੈਕਸੀਨੈਸ਼ਨ ਮੁਹਿੰਮ ਦੀ ਕੀਤੀ ਸ਼ੁਰੂਆਤ

**ਸੰਗਰੂਰ, 19 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲ੍ਹਾ ਸੰਗਰੂਰ ਵਿੱਚ ਪਸ਼ੂਧਨ ਨੂੰ ਲਾਗ ਦੀ ਖਤਰਨਾਕ ਬਿਮਾਰੀ ਮੂੰਹ ਖ਼ੁਰ ਤੋਂ ਬਚਾਉਣ ਲਈ ਸੱਤਵੇਂ ਰਾਉਂਡ ਦੀ ਟੀਕਾਕਰਨ ਮੁਹਿੰਮ ਦਾ ਅਗਾਜ ਗਊਸ਼ਾਲਾ ਬੇਸਹਾਰਾ ਪਸ਼ੂ ਭਲਾਈ ਸੰਸਥਾ ਉੱਭਾਵਾਲ ਰੋਡ ਸੰਗਰੂਰ ਤੋਂ ਕੀਤਾ ਗਿਆ ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦਿਆਂ ਡਾ ਸੁਖਵਿੰਦਰ ਸਿੰਘ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਸੰਗਰੂਰ ਨੇ ਦੱਸਿਆ ਕਿ ਸਰਦਾਰ ਗੁਰਮੀਤ ਸਿੰਘ ਖੁੱਡੀਆਂ ਕੈਬਿਨੇਟ ਮੰਤਰੀ ਪਸ਼ੂ ਪਾਲਣ ਅਤੇ ਸ਼੍ਰੀ ਰਾਹੁਲ ਭੰਡਾਰੀ ਜੀ ਪ੍ਰਮੁੱਖ ਸਕੱਤਰ ਪਸ਼ੂ ਪਾਲਣ ਜੀ ਦੀਆਂ ਹਦਾਇਤਾਂ ਮੁਤਾਬਿਕ ਇਸ ਸੱਤਵੇਂ ਰਾਉਂਡ ਤਹਿਤ ਮੂੰਹ ਖ਼ੁਰ ਬਿਮਾਰੀ ਤੋਂ ਪਸ਼ੂਧਨ ਨੂੰ ਬਚਾਉਣ ਲਈ ਜਿਲ੍ਹਾ ਭਰ ਵਿੱਚ 65 ਟੀਮਾਂ ਦਾ ਗਠਨ ਕੀਤਾ ਗਿਆ ਹੈ ਜੋ ਘਰ ਘਰ ਜਾ ਕਿ 505000 ਪਸ਼ੂਆਂ ਦੇ ਟੀਕਾਕਰਨ ਨੂੰ ਯਕੀਨੀ ਬਣਾਉਣਗੇ ਇਹ ਮੁਹਿੰਮ 19 ਅਕਤੂਬਰ ਤੋਂ ਸ਼ੁਰੂ ਹੋ ਕਿ 28 ਨਵੰਬਰ ਤੱਕ ਚੱਲੇਗੀ ਇਹ ਟੀਕਾਕਰਨ ਮੁਫ਼ਤ ਕੀਤਾ ਜਾਵੇਗਾ ਅਤੇ ਇਸਦੀ ਰਜਿਸਟਰੇਸ਼ਨ ਭਾਰਤ ਪਸ਼ੂਧਨ ਪੋਰਟਲ ਤੇ ਨਾਲੋ ਨਾਲ ਕੀਤੀ ਜਾਵੇਗੀ ਇਸ ਮੌਕੇ ਡਿਪਟੀ ਡਾਇਰੈਕਟਰ ਨੇ ਪਸ਼ੂ ਪਾਲਕਾਂ ਨੂੰ ਇਸ ਮੁਹਿੰਮ ਤਹਿਤ 100 ਪ੍ਰਤੀਸ਼ਤ ਟੀਕਾਕਰਨ ਕਰਵਾਉਣ ਦੀ ਅਪੀਲ ਕੀਤੀ ਸਮੂਹ ਪੰਚਾਇਤਾਂ,ਸਮਾਜ ਭਲਾਈ ਕਲੱਬਾਂ, ਸੰਸਥਾਵਾਂ ਨੂੰ ਵੀ ਇਸ ਕੰਮ ਵਿੱਚ ਭਰਪੂਰ ਸਹਿਯੋਗ ਦੀ ਅਪੀਲ ਕੀਤੀ ਗਈ ਤਾਂ ਕਿ ਅਸੀਂ ਆਪਣੇ ਪਸ਼ੂਧਨ ਨੂੰ ਲਾਗ ਦੀ ਖਤਰਨਾਕ ਬਿਮਾਰੀ ਤੋਂ ਬਚਾ ਸਕੀਏ ਅਤੇ ਇਸ ਖਿੱਤੇ ਨੂੰ ਐਫ ਐਮ ਡੀ ਮੁਕਤ ਜ਼ੋਨ ਬਣਾਉਣ ਵਿੱਚ ਅਪਣਾ ਯੋਗਦਾਨ ਪਾਈਏ।

# ਰੱਖਿਆ ਮੰਤਰੀ ਦੀ ਪਾਕਿਸਤਾਨ ਨੂੰ ਚਿਤਾਵਨੀ...ਹੁਣ ਪਾਕਿਸਤਾਨ ਦਾ ਇੱਕ-ਇੱਕ ਇੰਚ 'ਬ੍ਰਹਮੋਸ' ਦੀ ਪਹੁੰਚ ਵਿੱਚ

## ਜਿੱਤ ਸਾਡੀ ਆਦਤ ਬਣ ਗਈ ਹੈ, ਅਪਰੇਸ਼ਨ ਸਿੰਧੂਰ ਸਿਰਫ਼ ਇੱਕ 'ਟ੍ਰੇਲਰ': ਰਾਜਨਾਥ ਸਿੰਘ

**ਲਖਨਊ, 19 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਪਾਕਿਸਤਾਨ ਦੇ ਖੇਤਰ ਦਾ ਹਰ ਇੰਚ ਹੁਣ ਬ੍ਰਹਮੋਸ ਮਿਜ਼ਾਈਲ ਦੀ ਪਹੁੰਚ ਵਿੱਚ ਹੈ। ਰੱਖਿਆ ਮੰਤਰੀ ਰਾਜਨਾਥ ਸਿੰਘ ਅਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਲਖਨਊ ਵਿੱਚ ਬਣੀਆਂ ਬ੍ਰਹਮੋਸ ਮਿਜ਼ਾਈਲਾਂ ਦੇ ਪਹਿਲੇ ਬੈਚ ਦਾ ਉਦਘਾਟਨ ਕੀਤਾ। ਇਸ ਮੌਕੇ 'ਤੇ ਰੱਖਿਆ ਮੰਤਰੀ ਨੇ ਕਿਹਾ, ਜਿੱਤ ਸਾਡੀ ਆਦਤ ਬਣ ਗਈ ਹੈ।



ਅਪਰੇਸ਼ਨ ਸਿੰਧੂਰ ਵਿੱਚ ਬ੍ਰਹਮੋਸ ਮਿਜ਼ਾਈਲਾਂ ਦੀ ਸ਼ਕਤੀ ਦਾ ਪ੍ਰਦਰਸ਼ਨ ਕੀਤਾ ਗਿਆ।

ਬ੍ਰਹਮੋਸ ਮਿਜ਼ਾਈਲ ਦੇ ਉਦਘਾਟਨ ਸਮਾਰੋਹ ਵਿੱਚ, ਰੱਖਿਆ ਮੰਤਰੀ ਨੇ ਕਿਹਾ, ਅਪਰੇਸ਼ਨ ਸਿੰਧੂਰ ਨੇ ਸਾਬਤ ਕਰ ਦਿੱਤਾ ਹੈ ਕਿ ਜਿੱਤ ਹੁਣ ਸਾਡੇ ਲਈ ਇੱਕ ਛੋਟੀ ਘਟਨਾ ਨਹੀਂ ਹੈ, ਸਗੋਂ ਇੱਕ ਆਦਤ ਬਣ ਗਈ ਹੈ। ਹੁਣ ਸਾਨੂੰ ਇਸ ਆਦਤ ਨੂੰ ਬਣਾਈ ਰੱਖਣ ਅਤੇ ਇਸਨੂੰ ਹੋਰ ਵੀ ਮਜ਼ਬੂਤ ? ?ਕਰਨ ਦਾ ਸੰਕਲਪ ਲੈਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਹੁਣ ਸਾਰਿਆਂ ਨੂੰ ਭਰੋਸਾ ਹੈ ਕਿ ਉਨਾਂ ਦੇ ਵਿਰੋਧੀ ਬ੍ਰਹਮੋਸ ਮਿਜ਼ਾਈਲ ਤੋਂ ਨਹੀਂ ਬਚ ਸਕਣਗੇ। ਜਿੱਥੋਂ ਤੱਕ ਪਾਕਿਸਤਾਨ ਦੀ ਗੱਲ ਹੈ, ਹੁਣ ਇਸ ਦੇ ਇਲਾਕੇ ਦਾ ਹਰ ਇੰਚ ਬ੍ਰਹਮੋਸ ਮਿਜ਼ਾਈਲ ਦੀ ਪਹੁੰਚ ਵਿੱਚ ਹੈ।

ਰੱਖਿਆ ਮੰਤਰੀ ਨੇ ਕਿਹਾ, ਅਪਰੇਸ਼ਨ ਸਿੰਧੂਰ ਵਿੱਚ ਜੋ ਹੋਇਆ ਉਹ ਸਿਰਫ਼ ਇੱਕ 'ਟ੍ਰੇਲਰ' ਸੀ। ਪਰ ਇਸ ਨੇ ਪਾਕਿਸਤਾਨ ਨੂੰ ਇਹ ਅਹਿਸਾਸ ਕਰਵਾਇਆ ਕਿ ਜੇਕਰ ਭਾਰਤ ਪਾਕਿਸਤਾਨ ਨੂੰ ਜਨਮ ਦੇ ਸਕਦਾ ਹੈ, ਤਾਂ ਜਦੋਂ ਸਮਾਂ ਆਵੇਗਾ, ਤਾਂ ਇਹ...

ਸਿੰਘ ਨੇ ਆਪਣੇ ਭਾਸ਼ਣ ਵਿੱਚ ਉਪਰੋਕਤ ਲਾਈਨ ਪੂਰੀ ਨਹੀਂ ਕੀਤੀ, ਸਗੋਂ ਹਾਜ਼ਰੀਨ ਨੂੰ ਕਿਹਾ, ਹੁਣ ਮੈਨੂੰ ਹੋਰ ਬੋਲਣ ਦੀ ਕੋਈ ਲੋੜ ਨਹੀਂ ਹੈ - ਤੁਸੀਂ ਖੁਦ ਸਿਆਣੇ ਹੋ।

ਰਾਜਨਾਥ ਸਿੰਘ ਨੇ ਕਿਹਾ ਕਿ ਦੇਸ਼ ਅਤੇ ਦੁਨੀਆ ਦੀਆਂ ਉਮੀਦਾਂ ਭਾਰਤ ਲਈ ਇੱਕ ਵਧੀਆ ਮੌਕਾ ਹਨ। ਉਨ੍ਹਾਂ ਕਿਹਾ ਕਿ ਜਦੋਂ ਦੇਸ਼ ਵਾਸੀ ਮੰਨਦੇ ਹਨ ਕਿ ਸਾਡੇ ਕੋਲ ਬ੍ਰਹਮੋਸ ਮਿਜ਼ਾਈਲ ਵਰਗਾ ਹਥਿਆਰ ਹੈ ਤਾਂ ਇਹ ਉਨ੍ਹਾਂ ਨੂੰ ਆਪਣੀ ਸੁਰੱਖਿਆ ਵਿੱਚ ਵਿਸ਼ਵਾਸ ਦਿਵਾਉਂਦਾ ਹੈ।

ਉਨ੍ਹਾਂ ਕਿਹਾ, ਬ੍ਰਹਮੋਸ ਮਿਜ਼ਾਈਲ ਇੱਕ ਪਾਸੇ ਇੱਕ ਰਵਾਇਤੀ ਚੀਜ਼ ਹੈ, ਅਤੇ ਦੂਜੇ ਪਾਸੇ ਇੱਕ ਆਧੁਨਿਕ ਸਿਸਟਮ ਹੈ। ਇਹ ਲੰਬੀ ਦੂਰੀ ਦੇ ਹਮਲੇ ਕਰਨ ਦੇ ਸਮਰੱਥ ਹੈ। ਇਹ ਤਿੰਨੋਂ ਸੇਵਾਵਾਂ - ਹਵਾਈ ਸੈਨਾ, ਜਲ ਸੈਨਾ ਅਤੇ ਫੌਜ ਦਾ ਵਿਸ਼ਵਾਸ ਹੈ। ਇਹ ਇੱਕ ਸਪੱਸ਼ਟ ਸੰਦੇਸ਼ ਹੈ ਕਿ ਭਾਰਤ ਕੋਲ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਦੀ ਸ਼ਕਤੀ ਹੈ।

ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਅੱਜ ਦੇ ਸਮਾਗਮ ਵਿੱਚ ਸਿਰਫ਼ ਇੱਕ ਮਿਜ਼ਾਈਲ ਲਾਂਚ ਨਹੀਂ ਹੈ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਹ ਸੁਨੇਹਾ ਭੇਜਣ ਦਾ ਇੱਕ ਮਾਣਮੱਤਾ ਮੌਕਾ ਹੈ ਕਿ ਭਾਰਤ ਆਪਣੇ ਸੁਪਨਿਆਂ ਨੂੰ ਹਕੀਕਤ ਵਿੱਚ ਬਦਲ ਸਕਦਾ ਹੈ।

# ਜ਼ੇਲੈਂਸਕੀ ਨਾਲ ਮੁਲਾਕਾਤ ਉਪਰੰਤ ਟਰੰਪ ਵੱਲੋਂ ਰੂਸ-ਯੂਕਰੇਨ ਜੰਗ ਖਤਮ ਕਰਨ ਦੀ ਅਪੀਲ

**ਵਾਸ਼ਿੰਗਟਨ, 19 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸ਼ੁੱਕਰਵਾਰ ਨੂੰ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨਾਲ ਵ੍ਹਾਈਟ ਹਾਊਸ ਵਿੱਚ ਲੰਮੀ ਮੁਲਾਕਾਤ ਕੀਤੀ। ਇਸ ਉਪਰੰਤ ਟਰੰਪ ਨੇ ਕੀਵ ਅਤੇ ਮਾਸਕੋ ਨੂੰ ਜਿੱਥੇ ਹਨ, ਉੱਥੇ ਹੀ ਰੁਕਣ ਅਤੇ ਆਪਣੀ ਭਿਆਨਕ ਜੰਗ ਨੂੰ ਖਤਮ ਕਰਨ ਦੀ ਅਪੀਲ ਕੀਤੀ। ਟਰੰਪ ਦੇ ਦੁਬਾਰਾ ਅਹੁਦਾ ਸੰਭਾਲਣ ਤੋਂ ਬਾਅਦ ਦੇ ਨੌਂ ਮਹੀਨਿਆਂ ਵਿੱਚ ਵਾਰ-ਵਾਰ ਦੀ ਜੰਗ ਨੂੰ ਲੈ ਕੇ ਨਿਰਾਸ਼ਾ ਉਨ੍ਹਾਂ ਸਾਹਮਣੇ ਆਈ ਹੈ। ਜ਼ੇਲੈਂਸਕੀ ਅਤੇ ਉਨ੍ਹਾਂ ਦੀ ਟੀਮ ਨਾਲ ਦੋ ਘੰਟਿਆਂ ਤੋਂ ਵੱਧ ਗੱਲਬਾਤ ਦੀ ਮੇਜ਼ਬਾਨੀ ਕਰਨ ਤੋਂ ਥੋੜ੍ਹੀ ਦੇਰ ਬਾਅਦ ਇੱਕ ਟਰੂਥ ਸੋਸ਼ਲ ਪੋਸਟ ਵਿੱਚ ਟਰੰਪ ਨੇ ਕਿਹਾ, "ਜਾਇਦਾਦ ਦੀਆਂ ਲਾਈਨਾਂ ਜੰਗ ਅਤੇ ਹਿੰਮਤ ਰਾਹੀਂ ਪਰਿਭਾਸ਼ਿਤ ਹੋਣ ਨਾਲ, ਕਾਫ਼ੀ ਖੂਨ ਵਹਾਇਆ ਗਿਆ ਹੈ। ਉਨ੍ਹਾਂ ਨੂੰ ਉੱਥੇ ਰੁਕਣਾ ਚਾਹੀਦਾ ਹੈ ਜਿੱਥੇ ਉਹ ਹਨ। ਦੋਵੇਂ ਜਿੱਤ ਦਾ ਦਾਅਵਾ ਕਰਨ, ਇਤਿਹਾਸ ਨੂੰ ਫੈਸਲਾ ਕਰਨ ਦਿਓ!"



ਬਾਅਦ ਵਿੱਚ ਫਲੋਰੀਡਾ ਪਹੁੰਚਣ ਤੋਂ ਤੁਰੰਤ ਬਾਅਦ, ਜਿੱਥੇ ਉਹ ਵੀਕੈਂਡ ਬਿਤਾ ਰਹੇ ਹਨ, ਟਰੰਪ ਨੇ ਦੋਵਾਂ ਧਿਰਾਂ ਨੂੰ ਤੁਰੰਤ ਜੰਗ ਬੰਦ ਕਰਨ ਦੀ ਅਪੀਲ ਕੀਤੀ ਅਤੇ ਸੰਕੇਤ ਦਿੱਤਾ ਕਿ ਮਾਸਕੋ ਨੂੰ ਉਹ ਖੇਤਰ ਰੱਖਣਾ ਚਾਹੀਦਾ ਹੈ ਜੋ ਉਸਨੇ ਕੀਵ ਤੋਂ ਲਿਆ ਹੈ।

# ਨੇਤਰਹੀਣਾਂ ਅਤੇ ਦਿਵਿਆਂਗ ਵਿਅਕਤੀਆਂ ਦੇ ਮੁਫ਼ਤ ਸਫਰ ਲਈ 85 ਲੱਖ ਜਾਰੀ : ਡਾ. ਬਲਜੀਤ ਕੌਰ

**ਚੰਡੀਗੜ੍ਹ, 19 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਨੇਤਰਹੀਣ ਅਤੇ ਦਿਵਿਆਂਗ ਵਿਅਕਤੀਆਂ ਦੀ ਸਹਾਇਤਾ ਲਈ 84.26 ਲੱਖ ਦੀ ਰਕਮ ਜਾਰੀ ਕੀਤੀ ਗਈ ਹੈ। ਇਹ ਰਕਮ ਦਿਵਿਆਂਗ ਨਾਗਰਿਕਾਂ ਨੂੰ ਆਵਾਜਾਈ ਸਹੂਲਤਾਂ ਮੁਹੱਈਆ ਕਰਨ ਲਈ ਨਿਰਧਾਰਤ ਬਜਟ ਦਾ ਹਿੱਸਾ ਹੈ।



ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਨੇਤਰਹੀਣ ਵਿਅਕਤੀਆਂ ਨੂੰ ਸਰਕਾਰੀ ਬੱਸਾਂ ਵਿੱਚ 100 ਫੀਸਦੀ ਕਿਰਾਏ ਦੀ ਛੂਟ ਦਿੱਤੀ ਗਈ ਹੈ, ਜਦਕਿ ਹੋਰ ਦਿਵਿਆਂਗ ਸ਼੍ਰੇਣੀਆਂ ਦੇ ਵਿਅਕਤੀਆਂ ਨੂੰ 50 ਫੀਸਦੀ, ਅਰਥਾਤ ਅੱਧੇ ਕਿਰਾਏ ਦੀ ਛੂਟ ਹਾਸਲ ਹੈ। ਇਹ ਸਹੂਲਤ 40 ਫੀਸਦੀ ਜਾਂ ਇਸ ਤੋਂ ਵੱਧ ਦਿਵਿਆਂਗਤਾ ਵਾਲੇ ਵਿਅਕਤੀਆਂ ਲਈ ਉਪਲਬਧ ਹੈ।

ਡਾ. ਬਲਜੀਤ ਕੌਰ ਨੇ ਦੱਸਿਆ ਕਿ ਸਾਲ 2025-26 ਲਈ ਇਸ ਯੋਜਨਾ ਹੇਠ ਕਰੋੜ 50 ਲੱਖ ਦਾ ਬਜਟ ਉਪਬੰਧ ਕੀਤਾ ਗਿਆ ਹੈ, ਜਿਸ ਵਿੱਚੋਂ ?2 ਕਰੋੜ 61 ਲੱਖ ਦੀ ਰਕਮ ਪਹਿਲਾਂ ਹੀ ਖਰਚ ਕੀਤੀ ਜਾ ਚੁੱਕੀ ਹੈ। ਹੁਣ ਸਰਕਾਰ ਵੱਲੋਂ 84.26 ਲੱਖ ਦੀ ਹੋਰ ਰਕਮ ਜਾਰੀ ਕੀਤੀ ਗਈ ਹੈ, ਤਾਂ ਜੋ ਯੋਗ ਲਾਭਪਾਤਰੀਆਂ ਨੂੰ ਇਹ ਸਹੂਲਤ ਨਿਰੰਤਰ ਮਿਲਦੀ ਰਹੇ।

ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦਿਵਿਆਂਗ ਵਿਅਕਤੀਆਂ ਦੇ ਜੀਵਨ ਨੂੰ ਸੁਖਾਲਾ, ਸੁਰੱਖਿਅਤ ਤੇ ਆਤਮ-ਨਿਰਭਰ ਬਣਾਉਣ ਲਈ ਵਚਨਬੱਧ ਹੈ। ਸਰਕਾਰ ਦਾ ਉਦੇਸ਼ ਹਰ ਨਾਗਰਿਕ ਨੂੰ ਬਰਾਬਰੀ ਦੇ ਮੌਕੇ ਪ੍ਰਦਾਨ ਕਰਨਾ ਹੈ ਤਾਂ ਜੋ ਕੋਈ ਵੀ ਸਮਾਜਕ ਤੌਰ 'ਤੇ ਪਿੱਛੇ ਨਾ ਰਹਿ ਜਾਵੇ।

ਡਾ. ਬਲਜੀਤ ਕੌਰ ਨੇ ਕਿਹਾ ਕਿ ਆਵਾਜਾਈ ਸਹੂਲਤਾਂ ਤੋਂ ਇਲਾਵਾ, ਦਿਵਿਆਂਗ ਵਿਅਕਤੀਆਂ ਦੀ ਸਿੱਖਿਆ, ਰੋਜ਼ਗਾਰ ਅਤੇ ਸਮਾਜਿਕ ਸਸ਼ਕਤੀਕਰਨ ਲਈ ਵੀ ਵਿਭਾਗ ਵੱਲੋਂ ਨਿਰੰਤਰ ਉਪਰਾਲੇ ਕੀਤੇ ਜਾ ਰਹੇ ਹਨ, ਤਾਂ ਜੋ ਉਹ ਆਤਮ-ਵਿਸ਼ਵਾਸ ਨਾਲ ਮੁੱਖ ਧਾਰਾ ਨਾਲ ਜੁੜ ਸਕਣ।

# ਵੱਡਿਆਂ ਨਾਲ ਸਾਂਝ ਪਾਉਣ 'ਚ ਮਾਹਿਰ ਹੈ ਕ੍ਰਿਸ਼ਨੂੰ

**ਨਾਭਾ, 19 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀ ਬੀ ਆਈ ਵੱਲੋਂ ਡੀ ਆਈ ਜੀ ਹਰਚਰਨ ਸਿੰਘ ਭੁੱਲਰ ਦੇ ਨਾਲ ਰਿਸ਼ਵਤ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਨਾਭਾ ਦਾ 29 ਸਾਲਾ ਨੌਜਵਾਨ ਕ੍ਰਿਸ਼ਨੂੰ ਸ਼ਾਰਦਾ ਚਰਚਾ 'ਚ ਹੈ। ਸੀ ਬੀ ਆਈ ਨੇ ਉਸ ਕੋਲੋਂ 21 ਲੱਖ ਰੁਪਏ ਵੀ ਬਰਾਮਦ ਕੀਤੇ ਹਨ। ਨਾਭਾ ਦੀ ਹਰੀਦਾਸ ਕਲੋਨੀ ਦਾ ਵਸਨੀਕ ਕ੍ਰਿਸ਼ਨੂੰ ਕੌਮੀ ਪੱਧਰ ਦਾ ਸਾਬਕਾ ਹਾਕੀ ਖਿਡਾਰੀ ਹੈ। ਸਾਲ 2018 ਤੋਂ 2022 ਤੱਕ ਉਸ ਨੇ ਮੰਡੀ ਗੋਬਿੰਦਗੜ੍ਹ ਦੇ ਫਾਇਰ ਬ੍ਰਿਗੇਡ ਵਿਭਾਗ ਵਿੱਚ ਆਊਟਸੋਰਸ ਮੁਲਾਜ਼ਮ ਵਜੋਂ ਕੰਮ ਕੀਤਾ।



ਇਸੇ ਦੌਰਾਨ ਸਾਬਕਾ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਅਤੇ ਨਵਜੋਤ ਸਿੰਘ ਸਿੱਧੂ ਨਾਲ ਉਸ ਦੀ ਨੇੜਤਾ ਹੋ ਗਈ। ਪੁਲੀਸ ਸੂਤਰਾਂ ਅਨੁਸਾਰ ਉਹ ਕੁਝ ਸਮਾਂ ਨਵਜੋਤ ਸਿੰਘ ਸਿੱਧੂ ਦਾ ਸੋਸ਼ਲ ਮੀਡੀਆ ਇੰਚਾਰਜ ਵੀ ਰਿਹਾ। ਉਸ ਦੀ ਫੇਸਬੁੱਕ ਪ੍ਰੋਫਾਈਲ 'ਤੇ ਸੀਨੀਅਰ ਆਈ ਏ ਐੱਸ ਤੇ ਆਈ ਪੀ ਐੱਸ ਅਧਿਕਾਰੀਆਂ ਨਾਲ ਤਸਵੀਰਾਂ ਆਮ ਦੇਖੀਆਂ ਜਾ ਸਕਦੀਆਂ ਹਨ। ਕ੍ਰਿਸ਼ਨੂੰ ਦੇ ਦੋਸਤਾਂ ਦਾ ਕਹਿਣਾ ਹੈ ਕਿ ਉਹ ਲੋਕਾਂ ਨਾਲ ਸੰਪਰਕ ਬਣਾਉਣ ਵਿੱਚ ਮਾਹਿਰ ਹੈ। ਉਹ ਉੱਚ-ਪੱਧਰੀ ਸਬੰਧਾਂ ਦਾ ਖੁੱਲ੍ਹ ਕੇ ਦਿਖਾਵਾ ਕਰਦਾ ਸੀ। ਨਾਭਾ ਦੇ ਮਸ਼ਹੂਰ ਲਿਬਰਲ ਹਾਕੀ ਟੂਰਨਾਮੈਂਟ ਦੌਰਾਨ ਵੀ ਉਹ ਖਿਡਾਰੀਆਂ ਨੂੰ ਨਗਦ ਇਨਾਮ ਦੇਣ ਦੇ ਐਲਾਨ ਕਰਕੇ ਚਰਚਾ ਵਿੱਚ ਰਹਿੰਦਾ ਸੀ। ਪੁਲੀਸ ਸੂਤਰਾਂ ਮੁਤਾਬਕ ਉਸ ਦਾ ਰਸੂਖ ਇੰਨਾ ਵੱਧ ਗਿਆ ਸੀ ਕਿ ਕਈ ਪ੍ਰਸ਼ਾਸਨਿਕ ਅਤੇ ਪੁਲੀਸ ਅਧਿਕਾਰੀ ਆਪਣੀਆਂ ਬਦਲੀਆਂ ਕਰਵਾਉਣ ਜਾਂ ਬਦਲੀਆਂ ਦੀਆਂ ਲਿਸਟਾਂ ਦੀ ਅਗਾਊਂ ਜਾਣਕਾਰੀ ਲੈਣ ਲਈ ਉਸ ਨਾਲ ਸੰਪਰਕ ਕਰਦੇ ਸਨ।

# ਦੀਵਾਲੀ ਦਾ ਬੰਪਰ ਤੋਹਫ਼ਾ: ਫਾਰਮਾ ਕੰਪਨੀ ਨੇ 51 ਕਰਮਚਾਰੀਆਂ ਨੂ ਤੋਹਫ਼ੇ ਵਿੱਚ ਦਿਤੀਆਂ ਕਾਰਾਂ !

**ਚੰਡੀਗੜ੍ਹ, 19 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦੀਵਾਲੀ ਤੇ ਆਪਣੀ ਕੰਪਨੀ ਦੇ ਵਲੋਂ ਦਿੱਤੇ ਜਾਣ ਵਾਲੇ ਤੋਹਫ਼ਿਆਂ ਦੀ ਉਡੀਕ ਤਾਂ ਹਰ ਕਰਮਚਾਰੀ ਨੂੰ ਹੁੰਦੀ ਹੈ ਪਰ ਉੱਥੇ ਹੀ ਚੰਡੀਗੜ੍ਹ ਦੀ ਇਸ ਫਾਰਮਾਂ ਕੰਪਨੀ ਨੇ ਤਾਂ ਕਮਾਲ ਹੀ ਕਰ ਦਿੱਤਾ, ਇਸ ਕੰਪਨੀ ਨੇ ਦੀਵਾਲੀ 'ਤੇ ਆਪਣੇ ਕਰਮਚਾਰੀਆਂ ਨੂੰ ਕਾਰਾਂ ਤੋਹਫ਼ੇ ਵਜੋਂ ਦਿੱਤੀਆਂ ਹਨ।



ਕੰਪਨੀ ਦੇ ਕੁੱਲ 51 ਕਰਮਚਾਰੀਆਂ ਨੂੰ ਕਾਰਾਂ ਦਿੱਤੀਆਂ ਗਈਆਂ ਹਨ। MITS ਚੰਡੀਗੜ੍ਹ ਦੀ ਪਹਿਲੀ ਕੰਪਨੀ ਹੈ ਜਿਸਨੇ ਆਪਣੇ ਕਰਮਚਾਰੀਆਂ ਨੂੰ ਕਾਰਾਂ ਦਿੱਤੀਆਂ ਹਨ। ਕੰਪਨੀ ਵਿੱਚ ਰੈਂਕ ਦੇ ਅਨੁਸਾਰ ਕਾਰਾਂ ਦਿੱਤੀਆਂ ਗਈਆਂ ਹਨ।ਉੱਚ ਅਹੁਦਿਆਂ 'ਤੇ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ SUV ਵੀ ਦਿੱਤੀਆਂ ਗਈਆਂ ਹਨ। ਇਸ ਦੌਰਾਨ ਕੰਪਨੀ ਦੇ ਮਾਲਕ ਐਮਕੇ ਭਾਟੀਆ ਨੇ ਕਿਹਾ ਕਿ ਉਸਨੇ ਪਿਛਲੇ ਸਾਲ ਦੀਵਾਲੀ ਦੇ ਮੌਕੇ 'ਤੇ ਕੰਪਨੀ ਦੇ ਕਰਮਚਾਰੀਆਂ ਨੂੰ ਕਾਰਾਂ ਤੋਹਫ਼ੇ ਵਜੋਂ ਦਿੱਤੀਆਂ ਸਨ। 2002 ਵਿੱਚ, ਉਹ ਇੱਕ ਮੈਡੀਕਲ ਸਟੋਰ ਚਲਾਉਂਦੇ ਸਮੇਂ ਦੀਵਾਲੀਆ ਹੋ ਗਿਆ। ਇਸ ਤੋਂ ਬਾਅਦ, ਉਸਨੇ 2015 ਵਿੱਚ ਚੰਡੀਗੜ੍ਹ ਵਿੱਚ ਇੱਕ ਦਵਾਈ ਕੰਪਨੀ ਖੋਲ੍ਹ ਕੇ ਸਫਲਤਾ ਪ੍ਰਾਪਤ ਕੀਤੀ। ਹੁਣ ਉਹ 12 ਕੰਪਨੀਆਂ ਚਲਾ ਰਿਹਾ ਹੈ। MITS ਦੇ ਸੀਈਓ ਮੂਲ ਰੂਪ ਵਿੱਚ ਉੱਤਰ ਪ੍ਰਦੇਸ਼ ਦੇ ਮੁਜ਼ੱਫਰਨਗਰ ਤੋਂ ਹਨ। ਉਹ ਉੱਥੇ ਇੱਕ ਮੈਡੀਕਲ ਸਟੋਰ ਚਲਾਉਂਦੇ ਸਨ। 2002 ਵਿੱਚ, ਕਾਰੋਬਾਰ ਵਿੱਚ ਗਿਰਾਵਟ ਆਈ, ਅਤੇ ਉਹ ਦੀਵਾਲੀਆਪਨ ਦੇ ਕੰਢੇ 'ਤੇ ਸੀ। ਫਿਰ ਉਨ੍ਹਾਂ 'ਤੇ ਕਰੋੜਾਂ ਰੁਪਏ ਦੇ ਕਰਜ਼ੇ ਦਾ ਬੋਝ ਸੀ। ਫਿਰ ਉਹ 2015 ਵਿੱਚ ਚੰਡੀਗੜ੍ਹ ਚਲੇ ਗਏ, ਜਿੱਥੇ ਉਨ੍ਹਾਂ ਨੇ ਇੱਕ ਫਾਰਮਾਸਿਊਟੀਕਲ ਕੰਪਨੀ ਸ਼ੁਰੂ ਕੀਤੀ। ਹੁਣ ਉਹ 12 ਕੰਪਨੀਆਂ ਚਲਾਉਂਦੇ ਹਨ।

# ਪੰਜਾਬ 'ਬਿੱਲ ਲਿਆਓ ਇਨਾਮ ਪਾਓ' ਯੋਜਨਾ ਤਹਿਤ 1 ਲੱਖ ਰੁਪਏ ਦਾ ਤਿਮਾਹੀ ਬੰਪਰ ਇਨਾਮ ਕਰੇਗਾ ਸ਼ੁਰੂ: ਹਰਪਾਲ ਸਿੰਘ ਚੀਮਾ

**ਚੰਡੀਗੜ੍ਹ, 19 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਰ ਪਾਲਣਾ ਵਿੱਚ ਪਾਰਦਰਸ਼ਤਾ ਅਤੇ ਨਾਗਰਿਕ ਹਿੱਸੇਦਾਰੀ ਨੂੰ ਉਤਸ਼ਾਹਿਤ ਕਰਨ ਲਈ ਇੱਕ ਵੱਡੇ ਯਤਨ ਵਜੋਂ, ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇਥੇ ਸੂਬੇ ਦੀ ਪ੍ਰਸਿੱਧ 'ਬਿੱਲ ਲਿਆਓ ਇਨਾਮ ਪਾਓ' ਸਕੀਮ ਵਿੱਚ ਮਹੱਤਵਪੂਰਨ ਵਾਧੇ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਇਸ ਸਕੀਮ ਵਿੱਚ ਹੁਣ ਇੱਕ ਤਿਮਾਹੀ ਬੰਪਰ ਡਰਾਅ ਸ਼ਾਮਲ ਹੋਵੇਗਾ, ਜਿਸ ਵਿੱਚ ਜਨਤਕ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਲਈ ਵੱਡੇ ਨਕਦ ਇਨਾਮ ਦਿੱਤੇ ਜਾਣਗੇ।



ਇੱਥੇ ਜਾਰੀ ਇੱਕ ਪ੍ਰੈਸ ਬਿਆਨ ਵਿੱਚ ਇਹ ਖੁਲਾਸਾ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਹਰੇਕ ਤਿਮਾਹੀ ਦੌਰਾਨ ਇਸ ਯੋਜਨਾ ਵਿੱਚ ਹਿੱਸਾ ਲੈਣ ਵਾਲਿਆਂ ਨੂੰ 1,00,000 ਰੁਪਏ ਦਾ ਪਹਿਲਾ ਇਨਾਮ, 50,000 ਰੁਪਏ ਦਾ ਦੂਜਾ ਇਨਾਮ ਅਤੇ 25,000 ਰੁਪਏ ਦਾ ਤੀਜਾ ਇਨਾਮ ਜਿੱਤਣ ਦਾ ਮੌਕਾ ਮਿਲੇਗਾ। ਉਨ੍ਹਾਂ ਕਿਹਾ ਕਿ ਕਰ ਪਾਲਣਾ ਨੂੰ ਹੋਰ ਸੁਚਾਰੂ ਬਣਾਉਣ ਲਈ ÷ਮੇਰਾ ਬਿੱਲ÷ ਐਪ ਰਾਹੀਂ ਸੇਵਾ ਖੇਤਰ, ਜਿਵੇਂ ਕਿ ਰੈਸਟੋਰੈਂਟ, ਸੈਲੂਨ ਅਤੇ ਬੁਟੀਕ ਨਾਲ ਸਬੰਧਤ ਬਿੱਲਾਂ ਲਈ ਇੱਕ ਸਮਰਪਿਤ ਬਿੱਲ ਅਪਲੋਡ ਕਰਨ ਦੀ ਸਹੂਲਤ ਅਤੇ ਇਨਾਮ ਵੰਡ ਵਿਧੀ ਵੀ ਪੇਸ਼ ਕੀਤੀ ਜਾਵੇਗੀ।

ਵਿੱਤ ਮੰਤਰੀ ਨੇ ਕਿਹਾ, ਇਸ ਤੋਂ ਇਲਾਵਾ ਖਪਤਕਾਰਾਂ ਦੇ ਸਵਾਲਾਂ ਦੇ ਜਵਾਬ ਲਈ ਇੱਕ ਰੀਅਲ-ਟਾਈਮ ਚੈਟਬੋਟ ਵੀ ਲਾਂਚ ਕੀਤਾ ਜਾਵੇਗਾ, ਅਤੇ ਐਪ ਹੁਣ ਅੰਗਰੇਜ਼ੀ ਦੇ ਨਾਲ-ਨਾਲ ਪੰਜਾਬੀ ਅਤੇ ਹਿੰਦੀ ਭਾਸ਼ਾ ਵਿੱਚ ਵੀ ਹੋਵੇਗੀ, ਤਾਂ ਜੋ ਆਮ ਲੋਕਾਂ ਲਈ ਵਿਆਪਕ ਪਹੁੰਚਯੋਗਤਾ ਨੂੰ ਯਕੀਨੀ ਬਣਾਇਆ ਜਾ ਸਕੇ।

ਬਿੱਲ ਲਿਆਓ ਇਨਾਮ ਪਾਓ ਸਕੀਮ ਦੀ ਸਫਲਤਾ ਨੂੰ ਉਜਾਗਰ ਕਰਦਿਆਂ ਵਿੱਤ ਮੰਤਰੀ ਚੀਮਾ ਨੇ ਦੱਸਿਆ ਕਿ ਅਪ੍ਰੈਲ ਤੋਂ ਅਗਸਤ 2025 ਤੱਕ ਕੁੱਲ 30,769 ਬਿੱਲ ਅਪਲੋਡ ਕੀਤੇ ਗਏ, ਨਤੀਜੇ ਵਜੋਂ 1,263 ਜੇਤੂਆਂ ਨੇ 78,13,715 ਰੁਪਏ ਇਨਾਮੀ ਰਾਸ਼ੀ ਜਿੱਤੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਾਰੇ ਅਪਲੋਡ ਕੀਤੇ ਬਿੱਲਾਂ ਦੀ ਕਰ ਵਿਭਾਗ ਦੁਆਰਾ ਸਖ਼ਤੀ ਨਾਲ ਤਸਦੀਕ ਕੀਤੀ ਜਾਂਦੀ ਹੈ, ਅਤੇ ਅਪਲੋਡ ਕੀਤੇ ਬਿੱਲਾਂ ਵਿੱਚ ਪਾਈਆਂ ਗਈਆਂ ਖਾਮੀਆਂ ਕਾਰਨ ਸਕੀਮ ਦੀ ਸ਼ੁਰੂਆਤ ਤੋਂ ਹੁਣ ਤੱਕ 9.07 ਕਰੋੜ ਰੁਪਏ ਦੇ ਜੁਰਮਾਨੇ ਲਗਾਏ ਗਏ ਜਿਨ੍ਹਾਂ ਵਿਚੋਂ 7.31 ਕਰੋੜ ਰੁਪਏ ਦੀ ਵਸੂਲੀ ਕੀਤੀ ਜਾ ਚੁੱਕੀ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੁਆਰਾ ਸਤੰਬਰ 2023 ਵਿੱਚ ਸ਼ੁਰੂ ਕੀਤੀ ਗਈ 'ਬਿੱਲ ਲਿਆਓ ਇਨਾਮ ਪਾਓ' ਸਕੀਮ ਅਤੇ ਇਸ ਲਈ ਜਾਰੀ 'ਮੇਰਾ ਬਿੱਲ' ਐਪ ਦਾ ਉਦੇਸ਼ ਜ਼ਿੰਮੇਵਾਰ ਖਪਤਕਾਰਾਂ ਅਤੇ ਕਰ ਪਾਲਣਾ ਦੀ ਸੰਸਕ੍ਰਿਤੀ ਨੂੰ ਉਤਸ਼ਾਹਿਤ ਕਰਨਾ ਹੈ। ਇਸ ਸਕੀਮ ਵਿੱਚ ਕੱਚਾ ਤੇਲ, ਪੈਟਰੋਲ, ਡੀਜ਼ਲ, ਹਵਾਬਾਜ਼ੀ ਟਰਬਾਈਨ ਬਾਲਣ, ਅਤੇ ਕੁਦਰਤੀ ਗੈਸ, ਸ਼ਰਾਬ, ਰਾਜ ਤੋਂ ਬਾਹਰ ਦੀਆਂ ਖਰੀਦਦਾਰੀ ਅਤੇ ਬਿਜ਼ਨਸ ਤੋਂ ਬਿਜ਼ਨਸ ਲੈਣ-ਦੇਣ ਸਮੇਤ ਪੈਟਰੋਲੀਅਮ ਉਤਪਾਦਾਂ ਨਾਲ ਸਬੰਧਤ ਬਿੱਲ ਸ਼ਾਮਲ ਨਹੀਂ ਹਨ। ਨਿਰਪੱਖਤਾ ਅਤੇ ਸੰਚਾਲਨ ਇਮਾਨਦਾਰੀ ਨੂੰ ਯਕੀਨੀ ਬਣਾਉਣ ਲਈ ਸਿਰਫ਼ ਪਿਛਲੇ ਮਹੀਨੇ ਦੌਰਾਨ ਕੀਤੀਆਂ ਗਈਆਂ ਖਰੀਦਾਂ ਦੇ ਬਿੱਲ ਹੀ ਡਰਾਅ ਲਈ ਯੋਗ ਹਨ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਨਵੀਨਤਾਕਾਰੀ, ਪਾਰਦਰਸ਼ੀ ਅਤੇ ਸਮਾਵੇਸ਼ੀ ਸ਼ਾਸਨ ਸਾਧਨਾਂ ਰਾਹੀਂ ਨਾਗਰਿਕਾਂ ਨੂੰ ਸਸ਼ਕਤ ਬਣਾਉਣ ਲਈ ਰਾਜ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਸੂਬਾ ਨਿਵਾਸੀਆਂ ਨੂੰ ਇਸ ਸਕੀਮ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ।

# ਘਰ ਵਿੱਚ ਪਸਰਿਆ ਮਾਤਮ; ਸਕੂਲ ਜਾਂਦੀਆਂ ਦੋ ਭੈਣਾਂ ਦੀ ਮੌਤ !

**ਮਾਨਸਾ, 19 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਨਸਾ ਜ਼ਿਲ੍ਹੇ ਦੇ ਕਸਬਾ ਝੁਨੀਰ ਵਿੱਖੇ ਸਵੇਰ ਸਮੇਂ ਐਕਟਿਵਾ 'ਤੇ ਆਪਣੇ ਪਿਤਾ ਨਾਲ ਸਕੂਲ ਜਾਂਦੀਆਂ ਦੋ ਸਕੀਆਂ ਭੈਣਾਂ ਦੀ ਪੀਆਰਟੀਸੀ ਬੱਸ ਹੇਠਾਂ ਆ ਕੇ ਮੌਤ ਹੋ ਗਈ ਹੈ ਜਦੋਂਕਿ ਪਿਓ ਅਤੇ ਭਰਾ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ। ਪੁਲੀਸ ਨੇ ਬੱਸ ਕਬਜੇ 'ਚ ਲੈ ਕੇ ਡਰਾਈਵਰ ਦੇ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਇਹ ਬੱਸ ਸਵੇਰ ਸਮੇਂ ਲੁਧਿਆਣਾ ਤੋਂ ਸਿਰਸਾ ਜਾ ਰਹੀ ਸੀ। ਬੱਚੀਆਂ ਬੱਸ ਹੇਠਾਂ ਆ ਕੇ ਬੁਰੀ ਤਰ੍ਹਾਂ ਦਰੜੀਆਂ ਗਈਆਂ।

ਜਾਣਕਾਰੀ ਅਨੁਸਾਰ ਝੁਨੀਰ-ਲਾਲਿਆਂਵਾਲੀ ਢਾਣੀ ਬਸਤੀ ਦੀਆਂ ਦੋ ਭੈਣਾਂ ਸੋਨੂੰ ਕੌਰ (12) ਅਤੇ ਮੀਨਾ ਕੌਰ (7) ਸਵੇਰ ਸਮੇਂ ਐਕਟਿਵਾ ਸਕੂਟਰੀ 'ਤੇ ਆਪਣੇ ਪਿਤਾ ਸ਼ਿੰਦਰ ਸਿੰਘ ਨਾਲ ਝੁਨੀਰ ਸਕੂਲ ਆ ਰਹੀਆਂ ਸਨ ਕਿ ਮੁੱਖ ਮਾਰਗ ਉਪਰ ਮਾਨਸਾ ਤੋਂ ਸਿਰਸਾ ਜਾਂਦੀ ਬੱਸ ਦੀ ਲਪੇਟ 'ਚ ਉਨ੍ਹਾਂ ਦੀ ਸਕੂਟਰੀ ਆ ਗਈ, ਜਿਸ ਕਾਰਨ ਦੋਵੇਂ ਭੈਣਾਂ ਦਰੜੀਆਂ ਗਈਆਂ ਤੇ ਉਨ੍ਹਾਂ ਦੀ ਮੌਕੇ ਤੇ ਹੀ ਮੌਤ ਹੋ ਗਈ।

ਇਹ ਬੱਚੀਆਂ ਝੁਨੀਰ ਦੇ ਸਰਕਾਰੀ ਸਕੂਲ ਵਿੱਚ ਤੀਜੀ ਤੇ ਸੱਤਵੀ ਕਲਾਸ 'ਚ ਪੜ੍ਹਦੀਆਂ ਸਨ।

ਥਾਣਾ ਝੁਨੀਰ ਦੇ ਮੁਖੀ ਲਖਵਿੰਦਰ ਸਿੰਘ ਨੇ ਦੱਸਿਆ ਕਿ ਪੁਲੀਸ ਨੇ ਪੀਆਰਟੀਸੀ ਦੀ ਬੱਸ ਕਬਜੇ ਵਿਚ ਲੈ ਕੇ ਡਰਾਈਵਰ ਰਣਜੀਤ ਸਿੰਘ ਪੁੱਤਰ ਕੌਰ ਸਿੰਘ ਵਾਸੀ ਉੱਭਾ ਦੇ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ।

ਮ੍ਰਿਤਕ ਬੱਚੀਆਂ ਦਾ ਪੋਸਟਮਾਰਟਮ ਕਰਵਾਉਣ ਲਈ ਲਾਸ਼ਾਂ ਸਰਦੂਲਗੜ੍ਹ ਹਸਪਤਾਲ ਭੇਜੀਆਂ ਗਈਆਂ ਹਨ।

# ਤਰਨ ਤਾਰਨ ਉਪ ਚੋਣ ਲਈ ਅੱਜ 12 ਉਮੀਦਵਾਰਾਂ ਦੇ ਆਪਣੇ ਨਾਮਜ਼ਦਗੀ ਪੱਤਰ ਦਾਖਲ ਕੀਤੇ

**ਤਰਨ ਤਾਰਨ,19 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ 021-ਤਰਨ ਤਾਰਨ ਦੀ ਹੋ ਰਹੀ ਉਪ ਚੋਣ ਲਈ ਅੱਜ 12 ਉਮੀਦਵਾਰਾਂ ਨੇ ਆਪਣੇ ਨਾਮਜ਼ਦਗੀ ਪੱਤਰ ਦਾਖਲ ਕੀਤੇ ਹਨ। ਰਿਟਰਨਿੰਗ ਅਫਸਰ-ਕਮ-ਐਸਡੀਐਮ ਤਰਨ ਤਾਰਨ ਕੋਲ ਅੱਜ ਅਖਿਲ ਭਾਰਤੀ ਸਿਵ ਸੈਨਾ ਰਾਸ਼ਟਰਵਾਦੀ ਦੇ ਉਮੀਦਵਾਰ ਅਰੁਨ ਕੁਮਾਰ ਖੁਰਮੀ, ਭਾਰਤੀ ਜਨਤਾ ਪਾਰਟੀ ਦੇ ਕਵਰਿੰਗ ਉਮੀਦਵਾਰ ਸੁੱਚਾ ਸਿੰਘ, ਇੰਡੀਅਨ ਨੈਸ਼ਨਲ ਕਾਂਗਰਸ ਦੇ ਕਵਰਿੰਗ ਉਮੀਦਵਾਰ ਲੀਨਾ ਸੰਧੂ, ਅਜ਼ਾਦ ਉਮੀਦਵਾਰ ਹਰਪਾਲ ਸਿੰਘ, ਅਜ਼ਾਦ ਉਮੀਦਵਾਰ ਹਰਬਰਿੰਦਰ ਕੌਰ, ਅਜ਼ਾਦ ਉਮੀਦਵਾਰ ਕੋਮਲਪ੍ਰੀਤ ਸਿੰਘ, ਆਜ਼ਾਦ ਉਮੀਦਵਾਰ ਨੀਟੂ, ਅਜ਼ਾਦ ਉਮੀਦਵਾਰ ਵਿਜੇ ਕੁਮਾਰ, ਅਜ਼ਾਦ ਉਮੀਦਵਾਰ ਮਨਦੀਪ ਸਿੰਘ, ਅਜ਼ਾਦ ਉਮੀਦਵਾਰ ਨਿਰਮਲ ਕੌਰ, ਅਜ਼ਾਦ ਉਮੀਦਵਾਰ ਜਸਵੰਤ ਸਿੰਘ ਅਤੇ ਨੈਸ਼ਨਲਿਸਟ ਜਸਟਿਸ ਪਾਰਟੀ ਦੇ ਉਮੀਦਵਾਰ ਨਾਇਬ ਸਿੰਘ ਨੇ ਆਪਣੇ ਨਾਮਜ਼ਦਗੀ ਪੱਤਰ ਦਾਖਲ ਕੀਤੇ।

ਇਸ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ, ਆਮ ਆਦਮੀ ਪਾਰਟੀ ਦੇ ਕਵਰਿੰਗ ਉਮੀਦਵਾਰ ਵਜੋਂ ਰਾਜੇਸ਼ ਵਾਲੀਆ, ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਹਰਜੀਤ ਸਿੰਘ ਸੰਧੂ, ਸੱਚੋ ਸੱਚ ਪਾਰਟੀ ਦੇ ਉਮੀਦਵਾਰ ਸ਼ਾਮ ਲਾਲ ਗਾਂਧੀ, ਕਾਂਗਰਸ ਪਾਰਟੀ ਦੇ ਉਮੀਦਵਾਰ ਕਰਨਬੀਰ ਸਿੰਘ, ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਸੁਖਵਿੰਦਰ ਕੌਰ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਕਵਰਿੰਗ ਉਮੀਦਵਾਰ ਵਜੋਂ ਕੰਚਨਪ੍ਰੀਤ ਕੌਰ ਵੀ ਆਪਣੇ ਨਾਮਜ਼ਦਗੀ ਪੱਤਰ ਭਰ ਚੁੱਕੇ ਹਨ।

ਰਿਟਰਨਿੰਗ ਅਫਸਰ ਗੁਰਮੀਤ ਸਿੰਘ ਨੇ ਦੱਸਿਆ ਕਿ ਵਿਧਾਨ ਸਭਾ ਹਲਕਾ ਤਰਨ ਤਾਰਨ ਦੀ ਜ਼ਿਮਨੀ ਚੋਣ ਲਈ 21 ਅਕਤੂਬਰ ਤੱਕ ਨਾਮਜ਼ਦਗੀ ਪੱਤਰ ਦਾਖਲ ਕੀਤੇ ਜਾ ਸਕਣਗੇ। ਉਨ੍ਹਾਂ ਦੱਸਿਆ ਕਿ 19 ਅਕਤੂਬਰ (ਐਤਵਾਰ) ਅਤੇ 20 ਅਕਤੂਬਰ (ਸੋਮਵਾਰ, ਦੀਵਾਲੀ) ਵਾਲੇ ਦਿਨ ਨੈਗੋਸ਼ੀਏਬਲ ਇੰਸਟਰੂਮੈਂਟ ਐਕਟ, 1881ਐਕਟ ਦੇ ਤਹਿਤ ਛੁੱਟੀਆਂ ਹਨ ਅਤੇ ਇਨ੍ਹਾਂ ਤਾਰੀਖਾਂ 'ਤੇ ਨਾਮਜ਼ਦਗੀ ਪੱਤਰ ਦਾਖਲ ਨਹੀਂ ਕੀਤੇ ਜਾ ਸਕਦੇ।

ਉਨ੍ਹਾਂ ਅੱਗੇ ਦੱਸਿਆ ਕਿ 22 ਅਕਤੂਬਰ ਨੂੰ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਕੀਤੀ ਜਾਵੇਗੀ ਜਦਕਿ 24 ਅਕਤੂਬਰ ਨਾਮਜ਼ਦਗੀ ਪੱਤਰ ਵਾਪਿਸ ਲੈਣ ਦੀ ਅੰਤਿਮ ਮਿਤੀ ਹੈ। ਉਨ੍ਹਾਂ ਦੱਸਿਆ ਕਿ ਵੋਟਾਂ 11 ਨਵੰਬਰ ਨੂੰ ਪੈਣਗੀਆਂ 'ਤੇ ਵੋਟਾਂ ਦੀ ਗਿਣਤੀ 14 ਨਵੰਬਰ ਨੂੰ ਹੋਵੇਗੀ। ਇਸ ਦੇ ਨਾਲ ਹੀ ਸਮੁੱਚੀ ਚੋਣ ਪ੍ਰਕਿਰਿਆ 16 ਨਵੰਬਰ, 2025 ਤੱਕ ਮੁਕੰਮਲ ਕਰ ਲਈ ਜਾਵੇਗੀ।


**ਸਾਰੇ ਹੀ ਭਾਰਤਵਾਸੀ ਵੀਰਾਂ ਨੂੰ ਬੇਨਤੀ ਕਰਦੇ ਹਾਂ ਕਿ ਦਿਵਾਲੀ ਪ੍ਰਕਾਸ਼ ਦਾ ਉਤਸਵ ਹੈ ਅਤੇ ਹਰ ਬੱਚੇ ਦੇ ਅੰਦਰ ਵਿਦਿਆ ਦੇ ਰਾਹੀਂ ਪ੍ਰਕਾਸ਼ ਕਰਨ ਦੀ ਲੋੜ ਹੈ। ਹਰ ਇੱਕ ਧਰਮ ਅਸਥਾਨ ਵਿੱਚ ਨਿਸ਼ੁਲਕ ਵਿੱਦਿਆ ਕੇਂਦਰ (ਫਰੀ ਟਿਊਸ਼ਨ ਸੈਂਟਰ ) ਹੋਣਾ ਚਾਹੀਦਾ ਹੈ ਜਿਸ ਵਿੱਚ ਗਰੀਬ ਬੱਚਿਆਂ ਨੂੰ ਨਿਸ਼ੁਲਕ ਵਿਦਿਆ ਦਾਨ ਮਿਲੇ। ਇਸ ਤਰ੍ਹਾਂ ਸਮਾਜ ਵਿਚੋਂ ਅਨਪੜ੍ਹਤਾ ਅਤੇ ਗਰੀਬੀ ਸਮਾਪਤ ਹੋਵੇਗੀ ।**



**ਠਾਕੁਰ ਦਲੀਪ ਸਿੰਘ**
**ਵਰਤਮਾਨ ਨਾਮਧਾਰੀ ਮੁੱਖੀ**


# ਪਾਕਿਸਤਾਨ ਨੇ ਅਫਗਾਨਿਸਤਾਨ ਵਿੱਚ ਅਤਿਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਕੇ ਕੀਤੇ ਹਵਾਈ ਹਮਲੇ

## ਪਾਕਿ ਹਮਲੇ ਵਿੱਚ 3 ਕ੍ਰਿਕਟ ਖਿਡਾਰੀਆਂ ਦੀ ਮੌਤ ਤੋਂ ਬਾਅਦ ਅਫਗਾਨਿਸਤਾਨ ਨੇ ਤਿਕੋਣੀ ਲੜੀ ਤੋਂ ਨਾਂ ਵਾਪਸ ਲਿਆ

**ਇਸਲਾਮਾਬਾਦ, 19 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਕਿਸਤਾਨ ਨੇ ਅਫਗਾਨਿਸਤਾਨ ਵਿੱਚ ਅਤਿਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਕੇ ਤਾਜ਼ਾ ਹਵਾਈ ਹਮਲੇ ਕੀਤੇ, ਜਿਸ ਨਾਲ ਦੋਵਾਂ ਧਿਰਾਂ ਵਿਚਕਾਰ ਹੋਈ ਨਾਜ਼ੁਕ ਜੰਗਬੰਦੀ ਦੇ ਦੌਰਾਨ ਹੋਣ ਵਾਲੀ ਗੱਲਬਾਤ 'ਤੇ ਸ਼ੰਕਾ ਪੈਦਾ ਹੋ ਗਿਆ ਹੈ।









ਡਾਨ ਨੇ ਸ਼ਨਿਚਰਵਾਰ ਨੂੰ ਰਿਪੋਰਟ ਦਿੱਤੀ ਕਿ ਇਹ ਹਮਲੇ ਉੱਤਰੀ ਵਜ਼ੀਰਿਸਤਾਨ ਵਿੱਚ ਅਤਿਵਾਦੀਆਂ ਵੱਲੋਂ ਫੌਜੀ ਟਿਕਾਣੇ 'ਤੇ ਹਮਲੇ ਤੋਂ ਬਾਅਦ ਕੀਤੇ ਗਏ। ਇਹ ਸਭ ਇਸਲਾਮਾਬਾਦ ਅਤੇ ਕਾਬੁਲ ਵੱਲੋਂ ਆਪਣੀ ਦੋ-ਦਿਨ ਦੀ ਜੰਗਬੰਦੀ ਨੂੰ ਵਧਾਉਣ ਦੇ ਕੁਝ ਘੰਟਿਆਂ ਬਾਅਦ ਵਾਪਰਿਆ ਹੈ।

ਹਾਲਾਂਕਿ ਇਸ ਸਬੰਧੀ ਪਾਕਿਸਤਾਨ ਦੀ ਫੌਜ ਵੱਲੋਂ ਕੋਈ ਬਿਆਨ ਨਹੀਂ ਆਇਆ, ਪਰ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ (ਟੀ.ਟੀ.ਪੀ.) ਦੇ ਹਾਫਿਜ਼ ਗੁਲ ਬਹਾਦਰ ਸਮੂਹ ਨੇ ਮੀਰ ਅਲੀ ਦੇ ਖੱਡੀ ਕਿਲ੍ਹੇ 'ਤੇ ਸ਼ੁੱਕਰਵਾਰ ਸਵੇਰ ਦੇ ਹਮਲੇ ਦੀ ਜ਼ਿੰਮੇਵਾਰੀ ਲਈ ਸੀ।

ਸੁਰੱਖਿਆ ਸੂਤਰਾਂ ਨੇ ਦੱਸਿਆ ਕਿ ਉਨ੍ਹਾਂ ਨੇ ਬਿਨਾਂ ਕਿਸੇ ਨੁਕਸਾਨ ਦੇ ਸਾਰੇ ਚਾਰ ਹਮਲਾਵਰਾਂ ਨੂੰ ਖਤਮ ਕਰਕੇ ਹਮਲੇ ਨੂੰ ਨਾਕਾਮ ਕਰ ਦਿੱਤਾ।

ਅਖਬਾਰ ਨੇ ਦੱਸਿਆ ਕਿ ਪਾਕਿਸਤਾਨ ਨੇ ਸ਼ੁੱਕਰਵਾਰ ਦੇਰ ਰਾਤ ਅੰਗੂਰ ਅੱਡਾ ਖੇਤਰ ਅਤੇ ਅਫਗਾਨਿਸਤਾਨ ਦੇ ਪਕਤਿਕਾ ਸੂਬੇ ਦੇ ਉਰਗੁਨ ਅਤੇ ਬਰਮਲ ਜ਼ਿਲ੍ਹਿਆਂ ਵਿੱਚ ਵੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ, ਜਿਸ ਵਿੱਚ ਕਥਿਤ ਤੌਰ 'ਤੇ ਦਰਜਨਾਂ ਲੜਾਕੂ ਮਾਰੇ ਗਏ।

ਇਹ ਤਾਜ਼ਾ ਹਮਲੇ ਉਦੋਂ ਹੋਏ ਸਾਹਮਣੇ ਆਏ ਹਨ ਜਦੋਂ ਦੋਵਾਂ ਦੇਸ਼ਾਂ ਦੇ ਨੁਮਾਇੰਦਿਆਂ ਦੇ ਦੋਹਾ ਵਿੱਚ ਮਿਲਣ ਦੀ ਉਮੀਦ ਸੀ, ਜਿੱਥੇ ਕਤਰ ਸਰਕਾਰ ਵੱਲੋਂ ਵਿਚੋਲਗੀ ਲਈ ਯਤਨ ਕੀਤੇ ਜਾਣੇ ਹਨ। ਪਾਕਿਸਤਾਨ ਦੇ ਵਿਦੇਸ਼ ਦਫਤਰ ਨੇ ਇਸ ਮਾਮਲੇ 'ਤੇ ਕੋਈ ਟਿੱਪਣੀ ਨਹੀਂ ਕੀਤੀ, ਪਰ ਕੌਮੀ ਸੁਰੱਖਿਆ ਸਲਾਹਕਾਰ ਅਤੇ ਆਈ.ਐੱਸ.ਆਈ. ਮੁਖੀ ਲੈਫਟੀਨੈਂਟ ਜਨਰਲ ਅਸੀਮ ਮਲਿਕ ਅਤੇ ਵਿਦੇਸ਼ ਮੰਤਰੀ ਇਸਹਾਕ ਡਾਰ ਵਿਚਕਾਰ ਦੇਰ ਸ਼ਾਮ ਹੋਈ ਮੀਟਿੰਗ ਨੇ ਸੰਕੇਤ ਦਿੱਤਾ ਕਿ ਜਨਰਲ ਮਲਿਕ ਦੋਹਾ ਦੀ ਯਾਤਰਾ ਕਰ ਸਕਦੇ ਹਨ।

ਅਫਗਾਨਿਸਤਾਨ ਕ੍ਰਿਕਟ ਬੋਰਡ (ਏ.ਸੀ.ਬੀ.) ਨੇ ਸ਼ਨਿਚਰਵਾਰ ਨੂੰ ਪਕਤਿਕਾ ਸੂਬੇ ਵਿੱਚ ਪਾਕਿਸਤਾਨੀ ਹਵਾਈ ਹਮਲੇ ਵਿੱਚ ਤਿੰਨ ਅਫਗਾਨ ਕ੍ਰਿਕਟਰਾਂ ਦੇ ਮਾਰੇ ਜਾਣ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਪਾਕਿਸਤਾਨ ਨੂੰ ਸ਼ਾਮਲ ਕਰਦੇ ਹੋਏ ਆਗਾਮੀ ਟੀ-20 ਆਈ ਸੀਰੀਜ਼ ਤੋਂ ਹਟਣ ਦਾ ਐਲਾਨ ਕੀਤਾ।

ਐਕਸ 'ਤੇ ਪੋਸਟ ਕੀਤੇ ਇੱਕ ਬਿਆਨ ਵਿੱਚ ਏ.ਸੀ.ਬੀ. ਨੇ ਕਿਹਾ, ਅਫਗਾਨਿਸਤਾਨ ਕ੍ਰਿਕਟ ਬੋਰਡ ਉਰਗੁਨ ਜ਼ਿਲ੍ਹਾ, ਪਕਤਿਕਾ ਸੂਬੇ ਦੇ ਬਹਾਦਰ ਕ੍ਰਿਕਟਰਾਂ ਦੀ ਦੁਖਦਾਈ ਸ਼ਹਾਦਤ 'ਤੇ ਆਪਣਾ ਡੂੰਘਾ ਦੁੱਖ ਅਤੇ ਸੋਗ ਪ੍ਰਗਟ ਕਰਦਾ ਹੈ, ਜਿਨ੍ਹਾਂ ਨੂੰ ਅੱਜ ਸ਼ਾਮ ਪਾਕਿਸਤਾਨੀ ਸ਼ਾਸਨ ਦੁਆਰਾ ਕੀਤੇ ਗਏ ਕਾਇਰਤਾਪੂਰਨ ਹਮਲੇ ਵਿੱਚ ਨਿਸ਼ਾਨਾ ਬਣਾਇਆ ਗਿਆ ਸੀ।

ਬੋਰਡ ਨੇ ਪੁਸ਼ਟੀ ਕੀਤੀ ਕਿ ਕਬੀਰ, ਸਿਬਘਤੁੱਲਾ ਅਤੇ ਹਾਰੂਨ ਵਜੋਂ ਪਛਾਣੇ ਗਏ ਖਿਡਾਰੀ ਉਰਗੁਨ ਜ਼ਿਲ੍ਹੇ ਵਿੱਚ ਹਵਾਈ ਹਮਲੇ ਵਿੱਚ ਮਾਰੇ ਗਏ ਅੱਠ ਲੋਕਾਂ ਵਿੱਚ ਸ਼ਾਮਲ ਸਨ। ਸੱਤ ਹੋਰ ਜ਼ਖਮੀ ਹੋਣ ਦੀ ਖ਼ਬਰ ਹੈ। ਏ.ਸੀ.ਬੀ. ਦੇ ਅਨੁਸਾਰ ਖਿਡਾਰੀ ਇਸ ਤੋਂ ਪਹਿਲਾਂ ਇੱਕ ਦੋਸਤਾਨਾ ਕ੍ਰਿਕਟ ਮੈਚ ਵਿੱਚ ਹਿੱਸਾ ਲੈਣ ਲਈ ਪਕਤਿਕਾ ਦੀ ਸੂਬਾਈ ਰਾਜਧਾਨੀ ਸ਼ਰਾਨਾ ਗਏ ਸਨ। ਉਰਗੁਨ ਵਿੱਚ ਘਰ ਪਰਤਣ ਤੋਂ ਬਾਅਦ ਇੱਕ ਸਥਾਨਕ ਇਕੱਠ ਦੌਰਾਨ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਗਿਆ।

ਘਟਨਾ ਦੇ ਜਵਾਬ ਵਿੱਚ, ਏ.ਸੀ.ਬੀ. ਨੇ ਐਲਾਨ ਕੀਤਾ ਕਿ ਉਹ ਨਵੰਬਰ ਦੇ ਅਖੀਰ ਵਿੱਚ ਹੋਣ ਵਾਲੀ ਟੀ-20 ਆਈ ਸੀਰੀਜ਼ ਵਿੱਚ ਹਿੱਸਾ ਨਹੀਂ ਲਵੇਗਾ। ਇਸ ਲੜੀ ਵਿੱਚ ਜਿਸ ਵਿੱਚ ਅਫਗਾਨਿਸਤਾਨ, ਪਾਕਿਸਤਾਨ ਅਤੇ ਸ਼੍ਰੀਲੰਕਾ ਸ਼ਾਮਲ ਸਨ। ਜਿਵੇਂ ਕਿ ਟੋਲੋ ਨਿਊਜ਼ ਦੁਆਰਾ ਰਿਪੋਰਟ ਕੀਤੀ ਗਈ ਹੈ, ਇਸ ਤੋਂ ਪਹਿਲਾਂ ਸ਼ੁੱਕਰਵਾਰ ਨੂੰ ਪਾਕਿਸਤਾਨ ਨੇ ਅਫਗਾਨਿਸਤਾਨ ਦੇ ਦੱਖਣ-ਪੂਰਬੀ ਪਕਤਿਕਾ ਸੂਬੇ ਵਿੱਚ ਕਈ ਹਵਾਈ ਹਮਲੇ ਕੀਤੇ, ਜੋ ਕਿ ਦੋ ਗੁਆਂਢੀ ਦੇਸ਼ਾਂ ਦਰਮਿਆਨ ਹਾਲ ਹੀ ਵਿੱਚ ਹੋਏ ਜੰਗਬੰਦੀ ਸਮਝੌਤੇ ਦੀ ਉਲੰਘਣਾ ਨੂੰ ਦਰਸਾਉਂਦਾ ਹੈ।

# ਅੰਮ੍ਰਿਤਸਰ-ਸਹਰਸਾ ਜਾ ਰਹੀ ਗੱਡੀ ਦੇ ਏਸੀ ਕੋਚ ਵਿੱਚ ਅੱਗ ਲੱਗੀ, 1 ਜ਼ਖਮੀ



**ਫਤਹਿਗੜ੍ਹ ਸਾਹਿਬ, 19 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਮ੍ਰਿਤਸਰ-ਸਹਰਸਾ ਗੱਡੀ ਨੰਬਰ 12204 ਨੂੰ ਅੱਜ ਸਰਹਿੰਦ ਰੇਲਵੇ ਸਟੇਸਨ ਨਜਦੀਕ ਸਵੇਰੇ 7.22 ਉਪਰ ਗੰਭੀਰ ਹਾਦਸਾ ਵਾਪਰਿਆ ਜਦੋ ਇਸ ਗੱਡੀ ਦੇ ਬੋਗੀ ਨੰਬਰ ਜੀ-19 ਨੂੰ ਅਚਾਨਕ ਅੱਗ ਲੱਗ ਗਈ।

ਰੇਲਵੇ ਵਿਭਾਗ ਦੇ ਸਟਾਫ਼ ਨੇ ਤੁਰੰਤ ਉਪਰਾਲਾ ਕਰਦੇ ਹੋਏ ਸਵਾਰੀਆਂ ਨੂੰ ਦੂਸਰੇ ਡੱਬਿਆਂ ਵਿਚ ਸ਼ਿਫਟ ਕੀਤਾ। ਇਸ ਦੌਰਾਨ ਇਕ ਔਰਤ ਦੇ ਜ਼ਖਮੀ ਹੋਣ ਦੀ ਸੂਚਨਾ ਮਿਲੀ ਹੈ ਜਿਸ ਨੂੰ ਸਿਵਲ ਹਸਪਤਾਲ ਫ਼ਤਹਿਗੜ੍ਹ ਸਾਹਿਬ ਦਾਖਲ ਕਰਵਾਇਆ ਗਿਆ, ਜਿੱਥੇ ਉਸ ਦੀ ਹਾਲਤ ਖਤਰੇ ਤੋਂ ਬਾਹਰ ਦਸੀ ਜਾ ਰਹੀ ਹੈ।

ਘਟਨਾ ਦੀ ਸੂਚਨਾ ਮਿਲਦੇ ਹੀ ਫ਼ਤਹਿਗੜ੍ਹ ਸਾਹਿਬ ਹਲਕੇ ਦੇ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਸਮੇਤ ਵੱਖ-ਵੱਖ ਸਿਆਸੀ, ਧਾਰਮਿਕ ਅਤੇ ਸਮਾਜਿਕ ਸੰਗਠਨਾਂ ਦੇ ਕਾਰਕੁੰਨ ਮੌਕੇ ਤੇ ਪਹੁੰਚ ਗਏ। ਰੇਲਵੇ ਅਧਿਕਾਰੀਆਂ ਨੇ ਜਿਥੇ ਯਾਤਰੀਆਂ ਨੂੰ ਦੂਸਰੇ ਡੱਬਿਆਂ ਵਿਚ ਭੇਜ ਦਿੱਤਾ ਅਤੇ ਜਲਦੀ ਹੀ ਅੱਗ ਉਪਰ ਕਾਬੂ ਪਾ ਲਿਆ। ਇਸ ਦੌਰਾਨ ਕਿਸੇ ਤਰ੍ਹਾਂ ਦਾ ਜਾਨੀ ਨੁਕਸਾਨ ਹੋਣ ਤੋਂ ਬਚਾਅ ਰਿਹਾ।

ਅਧਿਕਾਰੀਆਂ ਨੇ ਮੌਕੇ 'ਤੇ ਪਹੁੰਚ ਕੇ ਘਟਨਾ ਦੀ ਜਾਂਚ ਸ਼ੁਰੂ ਕਰ ਦਿਤੀ ਹੈ। ਉਨ੍ਹਾਂ ਕਿਹਾ ਕਿ ਪਟਾਕੇ ਆਦਿ ਨਾਲ ਅੱਗ ਲੱਗਣ ਦੀ ਘਟਨਾ ਨਹੀਂ ਵਾਪਰੀ ਕਿਉਂਕਿ ਕੋਈ ਵੀ ਧਮਾਕਾ ਨਹੀਂ ਹੋਇਆ ਪਰੰਤੂ ਸ਼ਾਰਟ ਸਰਕਟ ਹੋਣ ਕਾਰਣ ਅੱਗ ਲਗਣ ਦੀ ਸੰਭਾਵਨਾ ਹੈ।

# ਖੇਤੀਬਾੜੀ ਵਿਭਾਗ ਨੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਲਈ ਕੀਤਾ ਜਾਗਰੂਕ

**ਖਡੂਰ ਸਾਹਿਬ/ਤਰਨ ਤਾਰਨ, 19 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਤਰਨ ਤਾਰਨ ਵੱਲੋਂ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਸਾੜਨ ਦੀ ਥਾਂ ਉਸ ਦੇ ਸੁਚੱਜੇ ਪ੍ਰਬੰਧਾਂ ਸਬੰਧੀ ਜਾਣਕਾਰੀ ਦੇਣ ਲਈ ਕਲੱਸਟਰ ਅਫਸਰ ਡਾ. ਯਾਦਵਿੰਦਰ ਸਿੰਘ ਦੀ ਅਗਵਾਈ ਹੇਠ ਖਡੂਰ ਸਾਹਿਬ ਦੇ ਪੈਟਰੋਲ ਪੰਪ ਤੇ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਸਬੰਧੀ ਜਾਗਰੂਕਤਾ ਅਭਿਆਨ ਚਲਾਇਆ ਗਿਆ। ਇਹ ਜਾਗਰੂਕਤਾ ਅਭਿਆਨ ਤਰਨਤਾਰਨ ਦੇ ਡਿਪਟੀ ਕਮਿਸ਼ਨਰ ਸ੍ਰੀ ਰਾਹੁਲ, ਆਈ.ਏ.ਐੱਸ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਉਪ ਮੰਡਲ ਮਜਿਸਟਰੇਟ ਸਾਹਿਬ ਸ਼੍ਰੀ ਖੁਸ਼ਪ੍ਰੀਤ ਸਿੰਘ ਦੀ ਅਗਵਾਈ ਹੇਠ ਖੇਤੀਬਾੜੀ ਵਿਭਾਗ ਦੀ ਖਡੂਰ ਸਾਹਿਬ ਦੀ ਟੀਮ ਵੱਲੋਂ ਚਲਾਇਆ ਗਿਆ।

ਇਸ ਮੌਕੇ ਡਾ: ਯਾਦਵਿੰਦਰ ਸਿੰਘ ਕਲੱਸਟਰ ਅਫ਼ਸਰ ਨੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਸਬੰਧੀ ਅਪੀਲ ਕਰਦਿਆਂ ਕਿਹਾ ਕਿ ਪਰਾਲੀ ਨੂੰ ਅੱਗ ਲਾਉਣ ਨਾਲ ਮਿੱਤਰ ਕੀੜੇ ਮਰ ਜਾਂਦੇ ਹਨ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਘੱਟਦੀ ਹੈ। ਪਰਾਲੀ ਨੂੰ ਅੱਗ ਲਾਉਣ ਨਾਲ ਸੜਕੀ ਹਾਦਸੇ ਵਾਪਰਦੇ ਹਨ। ਉਹਨਾਂ ਨੇ ਦੱਸਿਆ ਕਿ ਜਿੰਨਾਂ ਕਿਸਾਨਾਂ ਨੇ ਆਲੂ ਅਤੇ ਮਟਰ ਦੀ ਬਿਜਾਈ ਕਰਨੀ ਹੈ, ਉਹ ਬੇਲਰ ਨਾਲ ਪਰਾਲੀ ਦੀਆਂ ਗੰਢਾਂ ਬਣਾ ਸਕਦੇ ਹਨ ਜਾਂ ਫਿਰ ਝੋਨੇ ਦੀ ਕਟਾਈ ਤੋਂ ਬਾਅਦ ਪਰਾਲੀ ਨੂੰ ਮਲਚਰ ਨਾਲ ਕੁਤਰਾ ਕਰਨ ਤੋਂ ਬਾਅਦ ਰਿਵਰਸੀਬਲ ਪਲੋਅ ਨਾਲ ਪਰਾਲੀ ਨੂੰ ਜ਼ਮੀਨ ਵਿੱਚ ਦਬਾਇਆ ਜਾ ਸਕਦਾ ਹੈ।

ਉਹਨਾਂ ਕਿਹਾ ਕਿ ਪਰਾਲੀ ਨੂੰ ਅੱਗ ਲਾਉਣ ਨਾਲ ਨਾਈਟ੍ਰੋਜਨ, ਫਾਸਫੋਰਸ, ਸਲਫਰ, ਪੋਟਾਸ਼ ਅਤੇ ਜੈਵਿਕ ਮਾਦੇ ਵਰਗੇ ਜ਼ਰੂਰੀ ਤੱਤ ਨਸ਼ਟ ਹੋ ਜਾਂਦੇ ਹਨ ਅਤੇ ਫਿਰ ਸਾਨੂੰ ਕੈਮੀਕਲ ਖਾਦਾਂ ਦੀ ਵਰਤੋਂ ਕਰਨੀ ਪੈਂਦੀ ਹੈ, ਜਿਸ ਨਾਲ ਖੇਤੀ ਖਰਚੇ ਵਧ ਜਾਂਦੇ ਹਨ। ਉਹਨਾਂ ਦੱਸਿਆ ਕਿ ਇਕ ਏਕੜ ਦੀ ਪਰਾਲੀ ਨੂੰ ਅੱਗ ਲਾਉਣ ਨਾਲ ਸਾਡਾ ਤਕਰੀਬਨ ਤਿੰਨ ਹਜ਼ਾਰ ਰੁਪਏ ਦਾ ਨੁਕਸਾਨ ਹੋ ਜਾਂਦਾ ਹੈ। ਦਸ ਕੁਇੰਟਲ ਜਾਂ ਇਕ ਟਨ ਪਰਾਲੀ ਨੂੰ ਅੱਗ ਲਾਉਣ ਨਾਲ 400 ਕਿਲੋ ਜੈਵਿਕ ਮਾਦਾ 5.5 ਕਿਲੋ ਨਾਈਟਰੋਜਨ 2.3 ਕਿਲੋ ਫਾਸਫੋਰਸ, 25 ਕਿਲੋ ਪੋਟਾਸ਼,1.2 ਕਿਲੋ ਗੰਧਕ ਦਾ ਨੁਕਸਾਨ ਹੋ ਜਾਂਦਾ ਹੈ। ਉਹਨਾਂ ਕਿਹਾ ਕਿ ਇਹ ਸਭ ਨੂੰ ਧਿਆਨ ਵਿੱਚ ਰੱਖਦੇ ਹੋਏ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਬਿਲਕੁਲ ਨਹੀਂ ਲਗਾਉਣੀ ਚਾਹੀਦੀ। ਉਹਨਾਂ ਕਿਹਾ ਕਿ ਪਰਾਲੀ ਪ੍ਰਬੰਧਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਤਕਨੀਕੀ ਸਹਾਇਤਾ ਜਾਂ ਜਾਣਕਾਰੀ ਲੈਣ ਲਈ ਖੇਤੀਬਾੜੀ ਵਿਭਾਗ ਨਾਲ ਰਾਬਤਾ ਕੀਤਾ ਜਾ ਸਕਦਾ ਹੈ। ਇਸ ਮੌਕੇ ਤੇ ਪੰਚਾਇਤ ਸਕੱਤਰ ਕਿਰਨਦੀਪ ਸਿੰਘ, ਦੀਪਕ ਕੁਮਾਰ ਲਵਪ੍ਰੀਤ ਕੌਰ, ਦਿਲਬਾਗ ਸਿੰਘ, ਪ੍ਰਿਪਾਲ ਸਿੰਘ, ਸੁਖਵਿੰਦਰ ਸਿੰਘ, ਹਰਦਿਆਲ ਸਿੰਘ ਅਤੇ ਹੋਰ ਅਗਾਂਹਵਧੂ ਕਿਸਾਨ ਹਾਜ਼ਰ ਸਨ।

ਕੌਮੀ ਪਤ੍ਰਿਕਾ



# ਬੁੱਢੇ ਨਹੀਂ ਬਜ਼ੁਰਗ ਬਣੋ

ਜ਼ਿੰਦਗੀ ਦੇ ਉੱਚੇ ਨੀਵੇਂ ਧਰਾਤਲ ਨੂੰ ਤਹਿ ਕਰਦਿਆਂ, ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਕਾਫੀ ਹੱਦ ਤਕ ਸੁਰਖ਼ਰੂ ਹੋਣ ਤੋਂ ਬਾਅਦ, ਵਿਅਕਤੀ ਜੀਵਨ ਦੀ ਇਕ ਅਜਿਹੀ ਅਵਸਥਾ ਵਿਚ ਦਾਖ਼ਲ ਹੁੰਦਾ ਹੈ ਜਿੱਥੇ ਪਹੁੰਚ ਕੇ ਉਸ ਨੂੰ ਸਕੂਨ ਅਤੇ ਸੁਰੱਖਿਆ ਦੀ ਤਾਲਾਸ਼ ਹੁੰਦੀ ਹੈ। ਇਹ ਅਵਸਥਾ ਬੁਢਾਪੇ ਦੀ ਹੁੰਦੀ ਹੈ। ਅਕਸਰ ਇਹ ਸਮਝਿਆ ਜਾਂਦਾ ਹੈ ਕਿ ਇਸ ਅਵਸਥਾ ਵਿਚ ਪਹੁੰਚਦਿਆਂ ਵਿਅਕਤੀ ਕੋਲ ਜ਼ਿੰਦਗੀ ਦੇ ਤਜਰਬਿਆਂ ਦੀ ਕਾਫ਼ੀ ਪੂੰਜੀ ਜਮ੍ਹਾਂ ਹੋ ਜਾਣ ਕਾਰਨ ਉਹ ਵਧੇਰੇ ਸਹਿਣਸ਼ੀਲ, ਆਪਣੇ ਬੋਲਾਂ ਨਾਲ ਦੂਸਰਿਆਂ ਨੂੰ ਮਾਨਸਿਕ ਸਕੂਨ ਦੇਣ ਅਤੇ ਉਨ੍ਹਾਂ ਦੀ ਹਰ ਸਮੱਸਿਆ ਦਾ ਸਮਾਧਾਨ ਕਰਨ ਲਈ ਪਰਪੱਕ ਹੋ ਜਾਂਦਾ ਹੈ।

ਬਜ਼ੁਰਗ ਅਤੇ ਬੁੱਢਾ, ਬੁਢਾਪੇ ਦੀ ਹੀ ਅਵਸਥਾ ਹੈ ਪਰ ਫਿਰ ਵੀ ਇਨ੍ਹਾਂ ਵਿਚ ਉਸੇ ਤਰ੍ਹਾਂ ਦਾ ਅੰਤਰ ਹੈ ਜਿਵੇਂ ਕਿਸੇ ਵਿਅਕਤੀ ਨੂੰ ਜਾਨਵਰ ਕਿਹਾ ਜਾਵੇ ਤਾਂ ਉਹ ਬੁਰਾ ਮਹਿਸੂਸ ਕਰਦਾ ਹੈ ਪਰ ਜੇ ਸ਼ੇਰ ਕਿਹਾ ਜਾਵੇ ਤਾਂ ਮੁਸਕਾਨ ਉਸ ਦੇ ਚਿਹਰੇ ’ਤੇ ਆਪਣੀ ਹੋਂਦ ਵਿਖਾ ਦਿੰਦੀ ਹੈ। ਵੇਖਣ ਵਿਚ ਅਕਸਰ ਆਉਂਦਾ ਹੈ ਕਿ ਕਈ ਵਿਅਕਤੀ ਇਸ ਅਵਸਥਾ ਤਕ ਪਹੁੰਚ ਕੇ ਵੀ ਆਪਣੇ ਨਿਭਾਏ ਜਾਣ ਵਾਲੇ ਕਿਰਦਾਰਾਂ ਤੋਂ ਜ਼ਿੰਮੇਵਾਰ ਦਿਖਾਈ ਨਹੀਂ ਦਿੰਦੇ। ਅਜਿਹੇ ਲੋਕਾਂ ਬਾਰੇ ਇਹੀ ਸੁਣਨ ਨੂੰ ਮਿਲਦਾ ਹੈ ਕਿ ਇਸ ਨੂੰ ਤਾਂ ਧੁੱਪੇ ਹੀ ਧੌਲੇ ਆਏ ਹਨ।

### ਤਾਲਮੇਲ ਬਿਠਾਓ

ਬੁਢਾਪੇ ਦੀ ਅਵਸਥਾ ਵਿਚ ਵਿਅਕਤੀ ਨੂੰ ਬਜ਼ੁਰਗ ਕਹਿ ਕੇ ਸਤਿਕਾਰਿਆ ਜਾਂਦਾ ਹੈ ਪਰ ਜੋ ਵਿਅਕਤੀ ਇਸ ਅਵਸਥਾ ਵਿਚ ਨਿਭਾਏ ਜਾਣ ਵਾਲੇ ਕਿਰਦਾਰਾਂ ਦੀਆਂ ਨਿਸ਼ਾਨੀਆਂ ਤੋਂ ਵਾਂਝੇ ਰਹਿ ਜਾਂਦੇ ਹਨ, ਉਨ੍ਹਾਂ ਨੂੰ ਬੁੱਢੇ ਹੀ ਕਿਹਾ ਜਾਂਦਾ ਹੈ। ਅਜਿਹੇ ਬੁੱਢੇ ਲੋਕ ਇਸ ਉਮਰ ਵਿਚ ਵੀ ਆਪਣੇ ਪਰਿਵਾਰ ਦੇ ਜੀਆਂ ਨਾਲ ਤਾਲਮੇਲ ਬਣਾਉਣ ਵਿਚ ਅਸਮਰਥ ਹੁੰਦੇ ਹਨ ਜਿਸ ਕਰਕੇ ਉਨ੍ਹਾਂ ਦੀ ਜ਼ਿੰਦਗੀ ਨਰਕ ਬਣ ਜਾਂਦੀ ਹੈ। ਇਸ ਲਈ ਲੋੜ ਹੈ, ਇਸ ਅਵਸਥਾ ਵਿਚ ਬੱਚਿਆਂ ਦੀ ਸੋਚ ਦੇ ਹਾਣੀ ਬਣਦੇ ਹੋਏ, ਆਪਣੀਆਂ ਪ੍ਰਾਪਤੀਆਂ ਦਾ ਢੰਡੋਰਾ ਪਿੱਟਣ ਦੀ ਬਜਾਏ, ਬੱਚਿਆਂ ਦੀਆਂ ਤਰੱਕੀਆਂ ’ਤੇ ਖ਼ੁਸ਼ ਹੁੰਦੇ ਹੋਏ, ਉਨ੍ਹਾਂ ਨੂੰ ਉਤਸ਼ਾਹਿਤ ਕਰਨ ਦੀ ਤਾਂ ਹੀ ਬਜ਼ੁਰਗਾਂ ਵਾਲਾ ਸਤਿਕਾਰ ਪਾ ਸਕਦੇ ਹਾਂ।

ਗੁਣਾਂ ਦੇ ਸਹਾਰੇ ਹੀ ਵਿਅਕਤੀ ਸਫਲ ਹੋ ਸਕਦਾ ਹੈ। ਵਿਵੇਕ ਤੇ ਨਿਮਰਤਾ ਨਾਲ ਸਿਖ਼ਰ ਨੂੰ ਛੂਹ ਜਾਂਦਾ ਹੈ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਨਵੇਂ ਜ਼ਮਾਨੇ ਅਨੁਸਾਰ ਬੱਚਿਆਂ ਦੀ ਸਮਰਥਾ ਅਤੇ ਸਮਝ ਸਾਡੇ ਨਾਲੋਂ ਕਿਤੇ ਜ਼ਿਆਦਾ ਹੈ। ਖਾਹ-ਮਖਾਹ ਉਨ੍ਹਾਂ ਦੇ ਕੰਮਾਂ ਵਿਚ ਦਖ਼ਲ ਦੇਣ ਵਾਲੇ ਲੋਕ ਬੁੱਢੇ ਹੀ ਰਹਿ ਜਾਂਦੇ ਹਨ ਬਜ਼ੁਰਗ ਨਹੀਂ ਬਣਦੇ। ਬੱਚਿਆਂ ਨੂੰ ਆਪਣਾ ਜੀਵਨ ਜਿਊਣ ਦਿਓ ਅਤੇ ਤੁਸੀਂ ਆਪਣਾ ਜੀਵਨ ਜੀਓ ਤਾਂ ਹੀ ਬਜ਼ੁਰਗਾਂ ਵਾਲਾ ਸਤਿਕਾਰ ਮਿਲ ਸਕਦਾ ਹੈ।

### ਵਿਕਾਰਾਂ ਤੋਂ ਪਾਓ ਛੁਟਕਾਰਾ

ਮਨੁੱਖੀ ਮਨ ਦੇ ਧਰਾਤਲ ’ਤੇ ਅਕਸਰ ਵਿਕਾਰ ਪੁੰਗਰਦੇ ਹਨ ਜੋ ਉਸ ਦਾ ਪੂਰਨ ਵਿਕਾਸ ਨਹੀਂ ਹੋਣ ਦਿੰਦੇ। ਇਨ੍ਹਾਂ ਦਾ ਤਿਆਗ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ। ਜੋ ਵਿਅਕਤੀ ਬੁਢਾਪੇ ਦੀ ਅਵਸਥਾ ਵਿਚ ਪਹੁੰਚ ਕੇ ਵੀ ਇਨ੍ਹਾਂ ਤੋਂ ਛੁਟਕਾਰਾ ਨਹੀਂ ਪਾ ਸਕਦੇ ਉਹ ਬੁੱਢੇ ਹੀ ਹੁੰਦੇ ਹਨ। ਅਜਿਹੇ ਵਿਅਕਤੀ ਆਪਣੇ ਜੀਆਂ ਵਿਚ ਵੀ ਵਿਸ਼ਵਾਸ ਦੀ ਗੰਢ ਨੂੰ ਮਜ਼ਬੂਤ ਨਹੀਂ ਰੱਖ ਸਕਦੇ ਜੋ ਉਨ੍ਹਾਂ ਲਈ ਘਾਤਕ ਸਿੱਧ ਹੁੰਦਾ ਹੈ। ਅਜਿਹੇ ਵਿਅਕਤੀਆਂ ਦੇ ਮਨ ਵਿਚ ਅਜੇ ਵੀ ਇੰਨੀਆਂ ਉਮੀਦਾਂ ਪਲਦੀਆਂ ਰਹਿੰਦੀਆਂ ਹਨ ਕਿ ਉਹ ਇਕਾਗਰ ਹੋਣ ਵਿਚ ਨਾਕਾਮ ਰਹਿੰਦੇ ਹਨ ਜਿਸ ਕਰਕੇ ਪਰਿਵਾਰ ਦੇ ਜੀਆਂ ਦੀ ਆਲੋਚਨਾ ਅਤੇ ਨਿੰਦਾ ਕਰਦੇ ਰਹਿਣ ਕਾਰਨ ਬਣਦੇ ਸਨਮਾਨ ਤੋਂ ਵਾਂਝੇ ਰਹਿ ਜਾਂਦੇ ਹਨ। ਆਤਮ-ਸੰਜਮ ਦੀ ਕਮੀ ਕਾਰਨ ਆਪਣੀ ਪ੍ਰਤਿਭਾ ਗੁਆ ਬੈਠਦੇ ਹਨ ਅਤੇ ਨਦੀ ਦੇ ਵਗਦੇ ਵਹਾਅ ਦੀ ਤਰ੍ਹਾਂ ਇਸ ਅਵਸਥਾ ਵਿਚ ਵੀ ਅਨੇਕਾਂ ਔਕੜਾਂ ਦਾ ਸਾਹਮਣਾ ਕਰਦੇ ਰਹਿੰਦੇ ਹਨ। ਉਹ ਮਹਿਸੂਸ ਕਰਨ ਲੱਗ ਪੈਂਦੇ ਹਨ ਕਿ ਹੁਣ ਬੇਕਾਰ ਹੋ ਚੁੱਕੇ ਹਨ ਅਤੇ ਉਨ੍ਹਾਂ ਦਾ ਜੀਵਨ ਕਿਸੇ ਕੰਮ ਦਾ ਨਹੀਂ ਰਿਹਾ।

ਆਪਣੇ-ਆਪ ਨੂੰ ਦੂਜਿਆਂ ਤੋਂ ਵੱਧ ਸਿਆਣਾ ਅਤੇ ਦੂਜੇ ਨੂੰ ਹੀਣਾ ਸਮਝਦੇ ਹੋਏ ਪਰਿਵਾਰ ਦੇ ਜੀਆਂ ਅਤੇ ਰਿਸ਼ਤੇਦਾਰਾਂ ਦੀ ਬੁਰਿਆਈ ਕਰੀ ਜਾਣਾ ਉਨ੍ਹਾਂ ਨੂੰ ਬਜ਼ੁਰਗ ਨਹੀਂ ਬਣਨ ਦਿੰਦਾ। ਚੰਗੀ ਸੋਚ ਵਾਲੇ ਮਨੁੱਖ ਉਮਰ ਦੇ ਹਰ ਪੜਾਅ ’ਤੇ ਚੰਗਾ ਹੀ ਸੋਚਦੇ ਹਨ। ਸੰਜਮ, ਨਿਯਮ, ਸਬਰ-ਸੰਤੋਖ, ਸਕਾਰਾਤਮਕ ਸੋਚ ਅਤੇ ਮਨ ਨੂੰ ਨਿਯੰਤਰਣ ਕਰਨ ਵਾਲੇ ਵਿਅਕਤੀ ਬਜ਼ੁਰਗ ਹੁੰਦੇ ਹਨ। ਅਜਿਹੇ ਲੋਕਾਂ ਵਿਚ ਪਵਿੱਤਰਤਾ, ਦ੍ਰਿੜ੍ਹਤਾ ਅਤੇ ਉੱਦਮ ਵਾਲੇ ਗੁਣ ਕਦੇ ਵੀ ਆਪਣੀ ਹੋਂਦ ਨਹੀਂ ਗੁਆਉਂਦੇ। ਇਸੇ ਕਾਰਨ ਗੂੜ੍ਹ ਹਨੇਰਿਆਂ ਵਾਂਗ ਕਦੇ ਨਾ ਮੁੱਕਣ ਵਾਲੀ ਭਟਕਣ ਵੀ ਉਨ੍ਹਾਂ ਦਾ ਕੁਝ ਨਹੀਂ ਵਿਗਾੜ ਸਕਦੀ।



• ਕੈਲਾਸ਼ ਚੰਦਰ ਸ਼ਰਮਾ
8054016816

*ਮਨੁੱਖੀ ਮਨ ’ਚ ਅਕਸਰ ਵਿਕਾਰ ਪੁੰਗਰਦੇ ਹਨ ਜੋ ਉਸ ਦਾ ਵਿਕਾਸ ਨਹੀਂ ਹੋਣ ਦਿੰਦੇ। ਇਨ੍ਹਾਂ ਦਾ ਤਿਆਗ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ। ਜੋ ਵਿਅਕਤੀ ਬੁਢਾਪੇ ਵਿਚ ਪਹੁੰਚ ਕੇ ਵੀ ਇਨ੍ਹਾਂ ਤੋਂ ਛੁਟਕਾਰਾ ਨਹੀਂ ਪਾ ਸਕਦੇ ਉਹ ਬੁੱਢੇ ਹੁੰਦੇ ਹਨ ਸਿਆਣੇ ਨਹੀਂ। ਅਜਿਹੇ ਵਿਅਕਤੀ ਆਪਣੇ ਜੀਆਂ ਵਿਚ ਵੀ ਵਿਸ਼ਵਾਸ ਦੀ ਗੰਢ ਨੂੰ ਮਜ਼ਬੂਤ ਨਹੀਂ ਰੱਖ ਸਕਦੇ।*

### ਜੜ੍ਹਾਂ ਨਾਲ ਜੁੜੇ ਰਹੋ

ਆਪਣੀ ਸ਼ਖ਼ਸੀਅਤ ਵਿਚ ਗਹਿਰਾਈ ਅਤੇ ਵਿਚਾਰਾਂ ਵਿਚ ਸ਼ੁੱਧਤਾ ਬਣਾਈ ਰੱਖੋ। ਕਦੇ ਵੀ ਆਪਣੀਆਂ ਜੜ੍ਹਾਂ ਨਾਲੋਂ ਨਾ ਟੁੱਟੋ। ਇਨਸਾਨ ਉਦੋਂ ਬੁਰੀ ਤਰ੍ਹਾਂ ਹਾਰ ਜਾਂਦਾ ਹੈ ਜਦੋਂ ਉਸ ਨੂੰ ਪਤਾ ਲੱਗਦਾ ਹੈ ਕਿ ਜਿਨ੍ਹਾਂ ਨੂੰ ਤੁਸੀਂ ਸਭ ਕੁਝ ਮੰਨਦੇ ਹੋ ਉਨ੍ਹਾਂ ਲਈ ਤੁਸੀਂ ਕੁਝ ਵੀ ਨਹੀਂ ਹੋ। ਜੇ ਆਪਣਿਆਂ ਦੇ ਨਜ਼ਦੀਕ ਰਹਿਣਾ ਹੈ ਤਾਂ ਖ਼ਾਮੋਸ਼ ਰਹੋ ਅਤੇ ਜੇ ਆਪਣਿਆਂ ਨੂੰ ਨਜ਼ਦੀਕ ਰੱਖਣਾ ਹੈ ਤਾਂ ਕੋਈ ਵੀ ਗੱਲ ਦਿਲ ’ਤੇ ਨਾ ਲਗਾਓ। ਹਾਸਾ ਤਣਾਅ ਨੂੰ ਖ਼ਤਮ ਕਰਦਾ ਹੈ ਅਤੇ ਮੁਸਕਾਨ ਨਾਲ ਖ਼ੁਸ਼ੀ ਮਿਲਦੀ ਹੈ। ਸੋ ਇਸ ਅਵਸਥਾ ਵਿਚ ਖ਼ੁਸ਼ ਰਹਿਣ ਦੀ ਆਦਤ ਪਾ ਲਓ। ਸਿਆਣੇ ਕਹਿੰਦੇ ਹਨ ਕਿ “ਖ਼ੁਸ਼ੀ ਦੇ ਵਿਚਾਰ ਉਨ੍ਹਾਂ ਤਰੇਲ ਦੀਆਂ ਬੂੰਦਾਂ ਵਰਗੇ ਹੁੰਦੇ ਹਨ ਜੋ ਸਾਡੇ ਤਣਾਅ ਨੂੰ ਖ਼ਤਮ ਕਰਦੇ ਹੋਏ ਦੁੱਖਾਂ ਨੂੰ ਧੋ ਦਿੰਦੇ ਹਨ।” ਇਸ ਲਈ ਖ਼ੁਸ਼ ਰਹਿਣਾ ਸਿੱਖੋ।

### ਬਣੋ ਰਾਹ ਦਸੇਰੇ

ਜ਼ਿੰਦਗੀ ਦੀ ਤ੍ਰਾਸਦੀ ਹੈ ਕਿ ਅਸੀਂ ਬੁੱਢੇ ਜਲਦੀ ਹੋ ਜਾਂਦੇ ਹਾਂ ਪਰ ਸਿਆਣੇ ਦੇਰ ਨਾਲ ਬਣਦੇ ਹਾਂ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਮਨੁੱਖ ਦੇ ਦੁੱਖਾਂ-ਸੁੱਖਾਂ ਦੀ ਸਾਥੀ ਉਸ ਦੀ ਆਪਣੀ ਔਲਾਦ ਹੀ ਹੁੰਦੀ ਹੈ ਅਤੇ ਸਾਡਾ ਕੰਮ ਉਨ੍ਹਾਂ ਲਈ ਰਾਹ ਦਸੇਰਾ ਬਣਨਾ ਹੈ। ਮੋਮਬੱਤੀ ਕਦੇ ਵੀ ਨਹੀਂ ਬੋਲਦੀ ਪਰ ਉਸ ਦੀ ਰੋਸ਼ਨੀ ਹੀ ਉਸ ਦੀ ਪਛਾਣ ਦੱਸ ਦਿੰਦੀ ਹੈ। ਇਸੇ ਤਰ੍ਹਾਂ ਚੁੱਪ ਰਹਿ ਕੇ ਆਪਣੇ ਵਿਵਹਾਰ ਰਾਹੀਂ ਹੀ ਆਪਣੇ ਬਜ਼ੁਰਗ ਹੋਣ ਦਾ ਅਹਿਸਾਸ ਦੂਜਿਆਂ ਤਕ ਜਾਣ ਦਿਓ। ਦੂਜਿਆਂ ਵੱਲੋਂ ਕੀਤੀ ਕੇਅਰ ਨੂੰ ਖੁਲ੍ਹਦਿਲੀ ਨਾਲ ਪ੍ਰਵਾਨ ਕਰਦੇ ਹੋਏ ਉਨ੍ਹਾਂ ਦੀ ਪ੍ਰਸੰਸਾ ਕਰੋ। ਆਪਣੀ ਆਲੋਚਨਾ ਸੁਣ ਕੇ ਕਦੇ ਨਾ ਭੜਕੋ ਬਲਕਿ ਬਰਦਾਸ਼ਤ ਕਰੋ। ਦੋਗਲਾਪਣ ਨਾ ਰੱਖੋ। ਇਸ ਨਾਲ ਸ਼ਾਂਤੀ ਅਤੇ ਅੰਦਰੂਨੀ ਤਾਲਮੇਲ ਰੱਖਣਾ ਮੁਸ਼ਕਲ ਹੋ ਜਾਂਦਾ ਹੈ ਜਿਸ ਕਾਰਨ ਨਿਰਾਸ਼ਾ ਮਿਲਦੀ ਹੈ। ਇਸ ਅਵਸਥਾ ਵਿਚ ਖ਼ੁਦ ਦੇ ਆਚਰਣ ਰਾਹੀਂ ਸਮਾਜ ਵਿਚ ਇਮਾਨਦਾਰੀ, ਨਿਯਮ-ਪਾਲਣ ਅਤੇ ਕਦਰਾਂ-ਕੀਮਤਾਂ ਸਥਾਪਤ ਕਰਨ ਦੀ ਕੋਸ਼ਿਸ਼ ਕਰੋ। ਨਿਮਰ ਬਣ ਕੇ ਰਹੋ। ਚੰਗਾ ਯਾਦ ਰੱਖੋ ਅਤੇ ਬੁਰਾ ਭੁੱਲ ਜਾਓ। ਦੂਸਰੇ ਕਿਸੇ ਵੀ ਨਜ਼ਰੀਏ ਨਾਲ ਵੇਖਦੇ ਹੋਣ, ਆਪਣੀ ਜ਼ਿੰਦਗੀ ਨੂੰ ਇਸ ਤਰ੍ਹਾਂ ਜੀਓ ਕਿ ਉਨ੍ਹਾਂ ’ਤੇ ਪ੍ਰਭਾਵ ਪਾਇਆ ਜਾ ਸਕੇ।



### ਚੁੱਪ ਹੈ ਖ਼ੁਸ਼ੀ ਦਾ ਰਾਜ਼

ਕਹਿੰਦੇ ਹਨ ਕਿ ਇਕ ਬਜ਼ੁਰਗ ਜੋੜਾ ਬੁਢਾਪੇ ਦੀ ਅਵਸਥਾ ਵਿਚ ਵੀ ਬਹੁਤ ਖ਼ੁਸ਼ ਰਹਿੰਦਾ ਸੀ। ਕਿਸੇ ਨਿਰਾਸ਼ ਰਹਿਣ ਵਾਲੇ ਬਜ਼ੁਰਗ ਨੇ ਉਨ੍ਹਾਂ ਕੋਲੋਂ ਖ਼ੁਸ਼ ਰਹਿਣ ਦਾ ਭੇਦ ਜਾਣਨਾ ਚਾਹਿਆ। ਬਜ਼ੁਰਗ ਨੇ ਉੱਤਰ ਦਿੱਤਾ ਕਿ ਜੀਵਨ ਦੇ ਇਸ ਮੋੜ ’ਤੇ ਇਕੋ ਨੀਤੀ ਅਪਣਾਈ ਹੈ ਕਿ ਦੂਜਿਆਂ ਤੋਂ ਜ਼ਿਆਦਾ ਆਸ ਨਾ ਰੱਖੋ ਅਤੇ ਜੋ ਮਿਲੇ ਉਸ ਵਿਚ ਸੰਤੁਸ਼ਟ ਰਹੋ। ਮੈਂ ਤੇ ਮੇਰੀ ਪਤਨੀ ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਆਪਣੇ ਬੇਟਿਆਂ-ਨੂੰਹਾਂ ਨੂੰ ਸੌਂਪ ਕੇ ਬੇਫ਼ਿਕਰੀ ਨਾਲ ਰਹਿੰਦੇ ਹਾਂ। ਹੁਣ ਉਹ ਜੋ ਕਹਿੰਦੇ ਹਨ, ਉਹ ਅਸੀਂ ਕਰ ਦਿੰਦੇ ਹਾਂ ਅਤੇ ਜੋ ਕੁਝ ਵੀ ਖੁਆਉਂਦੇ ਹਨ, ਖਾ ਲੈਂਦੇ ਹਾਂ। ਆਪਣੇ ਪੋਤਰੇ-ਪੋਤਰੀਆਂ ਨਾਲ ਹੱਸਦੇ-ਖੇਡਦੇ ਰਹਿੰਦੇ ਹਾਂ।’

‘ਸਾਡੇ ਬੱਚੇ ਜਦੋਂ ਕੋਈ ਭੁੱਲ ਕਰਦੇ ਹਨ ਤਾਂ ਵੀ ਅਸੀਂ ਚੁੱਪ ਰਹਿੰਦੇ ਹਾਂ। ਅਸੀਂ ਉਨ੍ਹਾਂ ਦੇ ਕਿਸੇ ਕੰਮ ਵਿਚ ਵੀ ਅੜਿਕਾ ਨਹੀਂ ਬਣਦੇ। ਜਦੋਂ ਕਦੇ ਉਹ ਸਾਡੇ ਕੋਲ ਸਲਾਹ-ਮਸ਼ਵਰੇ ਲਈ ਆਉਂਦੇ ਹਨ ਤਾਂ ਅਸੀਂ ਆਪਣੇ ਜੀਵਨ ਦੇ ਸਾਰੇ ਤਜਰਬੇ ਉਨ੍ਹਾਂ ਸਾਹਮਣੇ ਰੱਖਦਿਆਂ ਉਨ੍ਹਾਂ ਵੱਲੋਂ ਕੀਤੀ ਗਈ ਭੁੱਲ ਨਾਲ ਪੈਦਾ ਮਾੜੇ ਨਤੀਜਿਆਂ ਪ੍ਰਤੀ ਸੁਚੇਤ ਕਰ ਦਿੰਦੇ ਹਾਂ। ਹੁਣ ਉਹ ਸਾਡੀ ਸਲਾਹ ’ਤੇ ਕਿੰਨਾ ਅਮਲ ਕਰਦੇ ਹਨ ਜਾਂ ਨਹੀਂ ਕਰਦੇ ਉਹ ਦੇਖਣਾ ਅਤੇ ਆਪਣਾ ਮਨ ਦੁਖੀ ਕਰਨਾ ਸਾਡਾ ਕੰਮ ਨਹੀਂ। ਉਹ ਸਾਡੀਆਂ ਹਦਾਇਤਾਂ ਅਨੁਸਾਰ ਜ਼ਰੂਰ ਚੱਲਣ, ਇਹ ਸਾਡੀ ਇੱਛਾ ਨਹੀਂ ਹੁੰਦੀ। ਸਲਾਹ ਦੇਣ ਤੋਂ ਬਾਅਦ ਵੀ ਜੇ ਉਹ ਭੁੱਲ ਕਰਦੇ ਹਨ ਤਾਂ ਅਸੀਂ ਫ਼ਿਕਰ ਨਹੀਂ ਕਰਦੇ। ਉਸ ’ਤੇ ਵੀ ਜੇ ਉਹ ਮੁੜ ਸਾਡੇ ਕੋਲ ਆਉਂਦੇ ਹਨ ਤਾਂ ਅਸੀਂ ਫਿਰ ਨੇਕ ਸਲਾਹ ਦੇ ਕੇ ਉਨ੍ਹਾਂ ਨੂੰ ਵਿਦਾ ਕਰਦੇ ਹਾਂ। ਇਹੀ ਸਾਡੇ ਖ਼ੁਸ਼ ਰਹਿਣ ਦਾ ਕਾਰਨ ਹੈ।’

ਇਸ ਲਈ ਦੋਸਤੋ, ਬੁਢਾਪੇ ਦੀ ਅਵਸਥਾ ਵਿਚ ਪਹੁੰਚ ਕੇ ਆਪਣੇ-ਆਪ ਨੂੰ ਖ਼ੁਸ਼ ਰੱਖਣ, ਪਰਿਵਾਰ ਵਿਚ ਰਾਤ ਦੀ ਰਾਣੀ ਵਾਂਗ ਮਹਿਕਾਂ ਖਿਲਾਰਣ ਅਤੇ ਆਨੰਦਿਤ ਰਹਿਣ ਲਈ, ਆਪਣੇ ਵਿਚ ਲੋੜੀਂਦੀਆਂ ਤਬਦੀਲੀਆਂ ਲਿਆ ਕੇ ਬਜ਼ੁਰਗ ਅਖਵਾਈਏ, ਬੁੱਢੇ ਨਹੀਂ। •

*ਜੋ ਬੀਤ ਗਿਆ ਉਹ ਵਾਪਸ ਨਹੀਂ ਆਉਣਾ। ਇਸ ਲਈ ਸਾਨੂੰ ਹਰ ਪਲ ਨੂੰ ਖੁੱਲ੍ਹ ਕੇ ਜਿਊਣਾ ਚਾਹੀਦਾ ਹੈ। ਇਹ ਤਾਂ ਹੀ ਹੋ ਸਕਦਾ ਹੈ ਜੇ ਰਿਣਾਤਮਕ ਸੋਚਣੀ ਨੂੰ ਤਿਆਗ ਕੇ ਸਕਾਰਾਤਮਿਕਤਾ ਗ੍ਰਹਿਣ ਕਰੀਏ...*

# ਆਓ ਭੁੱਲਣ ਦੀ ਕਲਾ ਸਿੱਖੀਏ



ਜ਼ਿੰਦਗੀ ਬਹੁਤ ਖ਼ੂਬਸੂਰਤ ਗੁਲਦਸਤਾ ਹੈ। ਪਰ ਅਸੀਂ ਇਸ ਗੁਲਦਸਤੇ ਨੂੰ ਕੰਡਿਆਂ ਨਾਲ ਭਾਵ ਕੁਝ ਅਜਿਹੀਆਂ ਯਾਦਾਂ ਨਾਲ ਸਜਾ ਕੇ ਰੱਖਿਆ ਹੋਇਆ ਹੈ ਜੋ ਜ਼ਿੰਦਗੀ ਨੂੰ ਨੀਰਸ ਤੇ ਬਦ-ਅਸੀਸ ਬਣਾ ਰਹੀਆਂ ਹਨ। ਇਸ ਦਾ ਇਕ ਹੋਰ ਕਾਰਨ ਇਹ ਵੀ ਹੈ ਕਿ ਲੋਕ ਉਨ੍ਹਾਂ ਘਟਨਾਵਾਂ ਤੇ ਅਨੁਭਵਾਂ ਨੂੰ ਯਾਦ ਕਰਨਾ ਪੰਸਦ ਨਹੀਂ ਕਰ ਰਹੇ ਜਿਨ੍ਹਾਂ ਦੁਆਰਾ ਜੀਵਨ ਨੂੰ ਖ਼ੁਸ਼ਹਾਲ ਤੇ ਆਨੰਦਤ ਬਣਾਇਆ ਜਾ ਸਕੇ, ਬਲਕਿ ਉਨ੍ਹਾਂ ਪਲਾਂ ਨੂੰ ਯਾਦ ਕਰਦੇ ਹਨ ਜਿਸ ਨਾਲ ਤੁਸੀਂ ਆਪ ਤਾਂ ਦੁੱਖ ਵਿਚ ਹੁੰਦੇ ਹੀ ਹੋ ਨਾਲ ਦੂਜਿਆਂ ਨੂੰ ਵੀ ਉਸ ਵਿਚ ਧਕੇਲਣ ਦੀ ਕੋਸ਼ਿਸ਼ ਕਰਦੇ ਹੋ। ਅਜਿਹੀ ਸੋਚਣੀ ਦੇ ਮਾਲਕ ਲੋਕ ਕਦੇ ਵੀ ਪ੍ਰੰਸਨਤਾ ਪ੍ਰਾਪਤ ਨਹੀਂ ਕਰ ਸਕਦੇ। ਬੁਰੇ ਸਮੇਂ ਦੇ ਭੱਦੇ ਖ਼ਿਆਲਾਂ ਨੂੰ ਫੜ ਕੇ ਬੈਠੇ ਰਹਿਣਾ ਹੀ ਸਭ ਤੋਂ ਵੱਡੀ ਤ੍ਰਾਸਦੀ ਦਾ ਕਾਰਨ ਬਣ ਜਾਂਦੀ ਹੈ। ਮਨੁੱਖ ਅੱਜ ਕੈਦੀ ਬਣਿਆ ਹੋਏ ਹੈ ਆਪਣੇ ਖ਼ੁਆਬਾਂ ਤੇ ਖਵਾਹਿਸ਼ਾਂ ਦਾ ਪਰ ਜੇ ਇਹ ਸਾਰਥਿਕ ਨਹੀਂ ਤਾਂ ਉਨ੍ਹਾਂ ਨੂੰ ਆਪਣੀਆਂ ਯਾਦਾਂ ’ਚੋਂ ਬਾਹਰ ਕੱਢ ਕੇ ਨਵੇਂ ਦੀ ਤਲਾਸ਼ ਕਰਨੀ ਚਾਹੀਦੀ ਹੈ। ਮਨੁੱਖ ਗ਼ਲਤੀਆਂ ਦਾ ਪੁਤਲਾ ਹੈ ਤੇ ਗ਼ਲਤੀ ਹੋ ਜਾਣਾ ਕੁਦਰਤੀ ਵੀ ਹੈ ਤੇ ਜੋ ਉਸ ਗ਼ਲਤੀ ਨੂੰ ਮੰਨ ਕੇ, ਉਸ ਨੂੰ ਸੁਧਾਰ ਲੈਂਦੇ ਹਨ ਸਫਲਤਾ ਉਨਾਂ ਦੇ ਹੀ ਕਦਮ ਚੁੰਮਦੀ ਹੈ। ਸਮਝਦਾਰੀ ਵੀ ਇਸੇ ਵਿਚ ਹੈ ਕਿ ਪ੍ਰਾਪਤ ਹੋਏ ਅਨੁਭਵ ਨੂੰ ਪੱਲੇ ਬੰਨ੍ਹ ਕੇ ਸਹੀ ਚੋਣ ਦੀ ਸੋਝੀ ਦਾ ਪ੍ਰਾਪਤ ਹੋਣਾ ਹੈ ਨਾ ਕਿ ਉਸ ਗ਼ਲਤੀ ਨੂੰ ਦੁਹਰਾ ਕੇ ਬੇਵਕੂਫ਼ੀ ਕਰਨਾ। ਇਸ ਤਰ੍ਹਾਂ ਤੁਸੀਂ ਜਦੋਂ ਕੁਝ ਬੁਰਾ ਭੁੱਲਣਾ ਸ਼ੁਰੂ ਕਰਦੇ ਹੋ ਤਾਂ ਉਸ ਨਾਲ ਆਪਣੇ ਤੇ ਦੂਜਿਆਂ ਨੂੰ ਵੀ ਸੁੱਖਮਈ ਜੀਵਨ ਜਿਊਣ ਦਾ ਮੌਕਾ ਦਿੰਦੇ ਹੋ।

ਸਾਡੇ ਨੇਤਾ ਹੀ ਦੇਖ ਲੋ ਜੋ ਕਿ ਆਏ ਦਿਨ ਪ੍ਰਚਾਰ ਤੰਤਰ ਦੇ ਨਾਂ ’ਤੇ ਭੜਕਾਊ ਭਾਸ਼ਣ ਦਿੰਦੇ ਹਨ। ਜਿਸ ਨਾਲ ਬੀਤੀਆਂ ਸੰਪ੍ਰਦਾਇਕ ਘਟਨਾਵਾਂ ਨੂੰ ਮੁੜ-ਮੁੜ ਕੇ ਤਾਜ਼ਾ ਕੀਤਾ ਜਾਂਦਾ ਹੈ ਤੇ ਦੇਸ਼ ਵਿਚ ਅਰਾਜਕਤਾ ਦਾ ਮਾਹੌਲ ਪੈਦਾ ਕਰ ਦਿੱਤਾ ਜਾਂਦਾ ਹੈ। ਜੇਕਰ ਨੇਤਾ ਬੀਤੀਆਂ ਘਟਨਾਵਾਂ ਨੂੰ ਭੁੱਲਾ ਕੇ ਨਵੇਂ ਵਿਚਾਰਾਂ ਤੇ ਨਵੀਆਂ ਨੀਤੀਆਂ ਬਣਾ ਕੇ ਨਵ-ਸਿਰਜਣਾ ਕਰੇ ਤਾਂ ਹੀ ਸਾਡਾ ਸਮਾਜ ਤਰੱਕੀ ਕਰ ਸਕੇਗਾ।

ਭਾਰਤ-ਪਾਕਿ ਵਿਚ ਹੋ ਚੁੱਕੀਆਂ ਲੜਾਈਆਂ ਦੇ ਕਾਰਨ ਭਾਵੇਂ ਜੋ ਵੀ ਸੀ। ਉਹ ਉਸ ਸਮੇਂ ਦੀਆਂ ਸਥਿਤੀਆਂ ਦੀ ਪੈਦਾਵਾਰ ਸਨ ਪਰ ਜੇ ਅਜੋਕੇ ਸਮੇਂ ਦੇ ਨੇਤਾ ਉਨ੍ਹਾਂ ਹਾਦਸਿਆਂ ਨੂੰ ਆਧਾਰ ਬਣਾ ਕੇ ਸੱਤਾ ਤੇ ਰਾਜ ਕਰਦੇ ਹਨ ਤਾਂ ਇਸ ਵਿਚ ਕੋਈ ਸਿਆਣਪ ਨਹੀਂ ਰਹਿ ਜਾਂਦੀ। ਜੇਕਰ ਉਨ੍ਹਾਂ ਗੱਲਾਂ ਨੂੰ ਭੁੱਲਾ ਕੇ ਕੋਈ ਨੇਤਾ ਦੂਜੇ ਦੇਸ਼ ਨਾਲ ਮੁੜ ਸਾਂਝ ਕਾਇਮ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਸਾਨੂੰ ਉਸ ਨਾਲ ਸਹਿਮਤੀ ਪ੍ਰਗਟਾਉਣੀ ਚਾਹੀਦੀ ਹੈ ਨਾ ਕਿ ਪਿਛਲਝਾਤ ਮਾਰਨੀ ਚਾਹੀਦੀ ਹੈ। ਦੋਵੇਂ ਦੇਸ਼ਾਂ ਨੂੰ ਅਮਨ ਤੇ ਸ਼ਾਂਤੀ ਨਾਲ ਹਰ ਗੱਲ ਦਾ ਨਿਪਟਾਰਾ ਕਰਨਾ ਚਾਹੀਦਾ ਹੈ ਪਰ ਜੇ ਪਿੱਛਲਝਾਤ ਹੀ ਰੱਖੀ ਤਾਂ ਤੁਸੀਂ ਕਦੇ ਵੀ ਅਗਾਂਹ ਵਧੂ ਸੋਚ ਦੇ ਧਾਰਨੀ ਨਹੀਂ ਬਣ ਸਕਦੇ। ਇਸ ਬਾਰੇ ਇਕ ਕਥਾ ਸੁਣਾਉਂਦੀ ਹਾਂ, ਇਕ ਵਾਰ ਦੋ ਭਿਖਸ਼ੂ ਯਾਤਰਾ ’ਤੇ ਸਨ। ਅੱਗੇ ਇਕ ਬਰਸਾਤੀ ਨਾਲ਼ਾ ਬੜੇ ਉਫ਼ਾਨ ’ਤੇ ਸੀ। ਵਰਖਾ ਸੀ ਕਿ ਰੁਕਣ ਦਾ ਨਾਂ ਹੀ ਨਹੀਂ ਸੀ ਲੈ ਰਹੀ। ਦੋਹਾਂ ਭਿਖਸ਼ੂਆਂ ਨੇ ਕਿਨਾਰੇ ’ਤੇ ਖੜ੍ਹੀ, ਪੂਰੀ ਤਰ੍ਹਾਂ ਭਿੱਜੀ ਹੋਈ ਕੰਨਿਆਂ ਨੂੰ ਦੇਖਿਆ ਜੋ ਨਾਲ਼ਾ ਪਾਰ ਕਰਨ ਦੀ ਉਡੀਕ ਕਰ ਰਹੀ ਸੀ। ਉਸ ਦੇ ਇਕ ਹੱਥ ਵਿਚ ਚੌਲਾਂ ਦੀ ਪੋਟਲੀ ਫੜੀ ਸੀ। ਉਮਰ ਵਿਚ ਛੋਟੇ ਭਿਖਸ਼ੂ ਨੇ ਕਿਹਾ, ‘ਆ ਮੇਰੀ ਪਿੱਠ ’ਤੇ ਬਹਿ ਜਾ। ਮੈਂ ਤੈਨੂੰ ਨਾਲ਼ਾ ਪਾਰ ਕਰਵਾ ਦਿੰਦਾ ਹਾਂ। ਕੰਨਿਆਂ ਪਹਿਲਾਂ ਤਾਂ ਝਿਜਕੀ ਪਰ ਫਿਰ ਕੁਝ ਸੋਚ ਕੇ ਭਿਖਸ਼ੂ ਦੀ ਪਿੱਠ ’ਤੇ ਬਹਿ ਗਈ। ਨਾਲ਼ਾ ਪਾਰ ਕਰਨ ਤੋਂ ਬਾਅਦ ਉਹ ਭਿਖਸ਼ੂ ਦਾ ਧੰਨਵਾਦ ਕਰ ਕੇ ਆਪਣੇ ਪਿੰਡ ਨੂੰ ਤੁਰ ਗਈ। ਦੂਜੀ ਸਵੇਰ ਵੱਡੇ ਭਿਖਸ਼ੂ ਨੇ ਪੁੱਛਿਆ, ‘ਕੱਲ੍ਹ ਤੂੰ ਉਸ ਕੁੜੀ ਨੂੰ ਛੋਹਿਆ। ਤੂੰ ਸੰਨਿਆਸੀ ਹੋ ਕੇ ਅਜਿਹਾ ਕਿਉਂ ਕੀਤਾ। ਛੋਟਾ ਭਿਖਸ਼ੂ ਇਹ ਸੁਣ ਕੇ ਜ਼ੋਰ ਦੀ ਹੱਸਿਆ ਤੇ ਬੋਲਿਆ, ‘ਮੈਂ ਤਾਂ ਕੱਲ੍ਹ ਜੋ ਵਾਪਰਿਆ ਸੀ, ਭੁੱਲ ਵੀ ਗਿਆ ਹਾਂ ਪਰ ਤੂੰ ਉਹ ਵਿਚਾਰੀ ਅਬਲਾ ਨੂੰ ਆਪਣੇ ਅਵਚੇਤਨ ਵਿਚ ਅਜੇ ਵੀ ਚੁੱਕਿਆ ਹੋਇਆ ਏ। ਧੰਨ ਹੋ ਤੁਸੀਂ ਭੰਤੇ! ਮੈਂ ਤਾਂ ਉਸ ਨੂੰ ਕਦੋਂ ਦਾ ਭੁੱਲ ਚੁੱਕਿਆਂ। ‘ਸੋ ਕੁਝ ਇਹੋ ਹਾਲ ਸਾਡੇ ਸਮਾਜ ਦੇ ਲੋਕਾਂ ਦਾ ਵੀ ਹੈ। ਵਰਤਮਾਨ ਵਿਚ ਤਾਂ ਅਸੀਂ ਜਿਉਂ ਹੀ ਨਹੀਂ ਰਹੇਂ। ਪੁਰਾਣੀਆਂ ਯਾਦਾਂ ਵਿਚ ਹੀ ਪਿਸ ਰਹੇਂ ਹਾਂ।



• ਜੋਤੀ



ਪਰਿਵਾਰਕ ਰਿਸ਼ਤੇ, ਸਾਕ-ਸਬੰਧੀਆਂ ਤੇ ਮਿੱਤਰਾਂ ਨਾਲ ਪੈਦਾ ਹੋ ਰਹੀ ਖੱਟਾਸ ਦਾ ਕਾਰਨ ਵੀ ਇਕ ਦੂਜੇ ਤੋਂ ਹੋਈਆਂ ਗ਼ਲਤੀ ਨੂੰ ਨਾ ਭੁੱਲਣਾ ਹੀ ਹੈ। ਅੰਮ੍ਰਿਤਾ ਪ੍ਰੀਤਮ ਦਾ ਇਕ ਨਾਵਲ ਹੈ ‘ਪਿੰਜਰ’ ਜਿਸ ਵਿਚ ਪੂਰੋ ਨਾਂ ਦੀ ਕੁੜੀ ਨੂੰ ਰਸ਼ੀਦਾ ਨਾਂ ਦਾ ਲੜਕਾ ਉਧਾਲ ਕੇ ਲੈ ਜਾਂਦਾ ਹੈ। ਉਸ ਨੂੰ ਲੈ ਜਾਣ ਦਾ ਕਾਰਨ ਪੁਸ਼ਤਾਨੀ ਦੁਸ਼ਮਣੀ ਸੀ ਪਰ ਬਾਅਦ ਵਿਚ ਉਹ ਆਪਣੀ ਇਸ ਗ਼ਲਤੀ ਲਈ ਸਾਰੀ ਉਮਰ ਪਛਤਾਉਂਦਾ ਹੈ ਉਨ੍ਹਾਂ ਦੀ ਉਸ ਦੁਸ਼ਮਣੀ ਨੇ ਪੂਰੋ ਦੀ ਜ਼ਿੰਦਗੀ ਬਰਬਾਦ ਕਰ ਦਿੱਤੀ। ਹੁਣ ਗੱਲ ਇਹ ਹੈ ਕਿ ਜੇ ਰਸ਼ੀਦਾ ਉਸ ਦੁਸ਼ਮਣੀ ਨੂੰ ਭੁੱਲ ਚੁੱਕਾ ਹੁੰਦਾ ਤਾਂ ਸ਼ਾਇਦ ਪੂਰੋ ਆਪਣੇ ਘਰ ਸੁਖੀ ਵਸਦੀ ਹੁੰਦੀ ਤੇ ਰਸ਼ੀਦਾ ਵੀ।

ਕੁਝ ਅਜਿਹੀਆਂ ਘਟਨਾਵਾਂ ਜੋ ਸਾਡੇ ਤਨ ਤੇ ਮਨ ਦੋਵਾਂ ਨੂੰ ਦੂਸ਼ਿਤ ਕਰਦੀਆਂ ਹਨ ਉਨ੍ਹਾਂ ਦਾ ਤਿਆਗ ਕਰਨਾ ਹੀ ਬਿਹਤਰ ਹੈ। ਜਦੋਂ ਅਸੀਂ ਕੁਝ ਗੱਲਾਂ ਨੂੰ ਨਹੀਂ ਭੁੱਲਦੇ ਫਿਰ ਉਸ ਨਾਲ ਸਾਡਾ ਤਨ ਤੇ ਮਨ ਦੋਨੋਂ ਹੀ ਕਸ਼ਟ ਵਿੱਚੋਂ ਗੁਜ਼ਰ ਰਹੇ ਹੁੰਦੇ ਹਨ ਤੇ ਇਸ ਪੀੜਾ ਤੋਂ ਮੁਕਤੀ ਲਈ ਲੋਕ ਨਸ਼ੀਲੀਆਂ ਦਵਾਈਆਂ, ਨਸ਼ਿਆਂ ਤੇ ਕਈ ਮੈਡੀਟੇਸ਼ਨ ਦਾ ਪ੍ਰਯੋਗ ਕਰਨ ਲੱਗ ਜਾਂਦੇ ਹਨ। ਲੋਕ ਆਪਣੀ ਜ਼ਿੰਦਗੀ ਨੂੰ ਭਰਮ ਵਿਚ ਗੁਜ਼ਾਰ ਰਹੇ ਹਨ। ਅਜਿਹੇ ਭਰਮ ਜੋ ਸਾਡੇ ਖ਼ੁਦ ਦੇ ਸਿਰਜੇ ਹੋਏ ਹਨ। ਅਸੀਂ ਇਨ੍ਹਾਂ ਭਰਮਾਂ ਵਿੱਚੋਂ ਬਾਹਾਰ ਨਹੀਂ ਆਉਂਦੇ। ਅਸੀਂ ਇਨ੍ਹਾਂ ਭਰਮਾਂ ਵਿਚ ਹੀ ਪਲ-ਪਲ ਤਿਲ-ਤਿਲ ਕਰ ਕੇ ਦਮ ਤੋੜ ਦਿੰਦੇ ਹਾਂ।

ਜ਼ਿੰਦਗੀ ਬਹੁਤ ਛੋਟੀ ਹੈ, ਸਮਾਂ ਬਹੁਤ ਤੇਜ਼ ਚਾਲ ਚੱਲ ਰਿਹਾ ਹੈ। ਜੋ ਬੀਤ ਗਿਆ ਉਹ ਵਾਪਸ ਨਹੀਂ ਆਉਣਾ। ਇਸ ਲਈ ਸਾਨੂੰ ਹਰ ਪਲ ਨੂੰ ਖੁੱਲ੍ਹ ਕੇ ਜਿਊਣਾ ਚਾਹੀਦਾ ਹੈ। ਇਹ ਤਾਂ ਹੀ ਹੋ ਸਕਦਾ ਹੈ ਜੇ ਰਿਣਾਤਮਕ ਸੋਚਣੀ ਨੂੰ ਤਿਆਗ ਕੇ ਸਕਾਰਾਤਮਿਕਤਾ ਗ੍ਰਹਿਣ ਕਰੀਏ। ਸੁਰਜੀਤ ਪਾਤਰ ਦੀ ਇਕ ਕਵਿਤਾ ਹੈ :

ਦੂਰ ਜੇਕਰ ਅਜੇ ਸਵੇਰਾ ਹੈ,  
ਇਸ ’ਚ ਕਾਫ਼ੀ ਕਸੂਰ ਮੇਰਾ ਹੈ,  
ਮੈਂ ਕਿਵੇਂ ਕਾਲੀ ਰਾਤ ਨੂੰ ਕੋਸਾਂ,  
ਮੇਰੇ ਦਿਲ ਵਿਚ ਹੀ ਜਦ ਹਨੇਰਾ ਹੈ...

ਦੋਸਤੋ ਆਪਣੇ ਮਨ ’ਚ ਪਏ ਨ੍ਹੇਰੇ ਨੂੰ ਦੂਰ ਕਰੀਏ ਤੇ ਇਕ ਨਵੀਂ ਸਵੇਰ ਸਿਰਜੀਏ। ਆਓ ਭੁੱਲਣ ਦੀ ਕਲਾ ਸਿੱਖੀਏ ਤੇ ਜੀਵਨ ਨੂੰ ਖ਼ੁਸ਼ੀਆਂ ਭਰੇ ਰਾਹ ਵੱਲ ਲੈ ਜਾਈਏ •

## ਕਲਮਾਂ ਦਾ ਕਾਫ਼ਲਾ

# ਸਭ ਤੋਂ ਪੁਰਾਣੀ ਅਤੇ ਸਰਗਰਮ
# ਪੰਜਾਬੀ ਸਾਹਿਤ ਸਭਾ ਗੁਰਦਾਸਪੁਰ

*ਜਿੱਥੇ ਦੁਨੀਆ ਅਹੁਦਿਆਂ ਦੀ ਦੌੜ ਵਿਚ ਇਕ ਦੂਜੇ ਨੂੰ ਪਛਾੜਨ ਦੀ ਕੋਸ਼ਿਸ਼ ਕਰਦੀ ਹੈ ਉੱਥੇ ਪ੍ਰੋਫੈਸਰ ਕਿਰਪਾਲ ਸਿੰਘ ਯੋਗੀ ਅਤੇ ਪ੍ਰੀਤਮ ਸਿੰਘ ਦਰਦੀ ਨੇ ਸਭਾ ਦੇ ਹੋਰ ਮੈਂਬਰਾਂ ਨਾਲ ਸਲਾਹ ਕਰ ਕੇ 1971 ਵਿਚ ਸਹਿਮਤੀ ਨਾਲ ਪ੍ਰਿੰਸੀਪਲ ਸੁਜਾਨ ਸਿੰਘ ਨੂੰ ਸਭਾ ਦਾ ਪ੍ਰਧਾਨ ਚੁਣ ਲਿਆ...*



• ਤਰਸੇਮ ਸਿੰਘ ਭੰਗੂ
94656-56214

ਇਹ ਸਭਾ ਜ਼ਿਲ੍ਹਾ ਗੁਰਦਾਸਪੁਰ ਦੀਆਂ ਸਮੂਹ ਸਾਹਿਤ ਸਭਾਵਾਂ ਵਿੱਚੋਂ ਸਭ ਤੋਂ ਪੁਰਾਣੀ ਅਤੇ ਸਰਗਰਮ ਸਭਾ ਰਹੀ ਹੈ। ਇਸ ਸਭਾ ਦੀ ਸਥਾਪਨਾ ਪ੍ਰੀਤਮ ਸਿੰਘ ਦਰਦੀ ਨੇ ਉਸਤਾਦ ਬਰਕਤ ਰਾਮ ਯੁਮਨ ਦੀ ਸਰਪ੍ਰਸਤੀ ਹੇਠ 1965 ਵਿਚ ਕੀਤੀ ਸੀ। 1966 ਵਿਚ ਪੰਜਾਬੀ ਸੂਬਾ ਬਣਿਆ, ਉਸ ਵੇਲੇ ਪ੍ਰੋਫੈਸਰ ਕਿਰਪਾਲ ਸਿੰਘ ਯੋਗੀ ਸ਼ਿਮਲੇ ਪੜ੍ਹਾਉਂਦੇ ਸਨ। 1967 ਵਿਚ ਕਿਰਪਾਲ ਸਿੰਘ ਯੋਗੀ ਦੀ ਬਤੌਰ ਪ੍ਰੋਫੈਸਰ ਸਰਕਾਰੀ ਕਾਲਜ ਗੁਰਦਾਸਪੁਰ ਵਿਚ ਨਿਯੁਕਤੀ ਹੋ ਗਈ। ਉਨ੍ਹਾਂ ਨੇ ਪ੍ਰੀਤਮ ਸਿੰਘ ਦਰਦੀ ਜੀ ਨਾਲ ਮਿਲ ਕੇ ਇਸ ਸਭਾ ਦੀਆਂ ਸਰਗਰਮੀਆਂ ਨੂੰ ਹੋਰ ਤੇਜ਼ ਕੀਤਾ ਤੇ ਬਕਾਇਦਾ ਮਾਸਿਕ ਇਕੱਤਰਤਾਵਾਂ ਸ਼ੁਰੂ ਹੋ ਗਈਆਂ।

1970 ਵਿਚ ਪੰਜਾਬੀ ਕਹਾਣੀ ਦੇ ਪਿਤਾਮਾ ਪ੍ਰਿੰਸੀਪਲ ਸੁਜਾਨ ਸਿੰਘ ਜੀ ਨਵੇਂ ਖੁੱਲ੍ਹੇ ਗੁਰੂ ਨਾਨਕ ਕਾਲਜ ਗੁਰਦਾਸਪੁਰ ਵਿਚ ਬਤੌਰ ਪ੍ਰਿੰਸੀਪਲ ਆ ਗਏ। ਜਿੱਥੇ ਦੁਨੀਆ ਅਹੁਦਿਆਂ ਦੀ ਦੌੜ ਵਿਚ ਇਕ ਦੂਜੇ ਨੂੰ ਪਛਾੜਨ ਦੀ ਕੋਸ਼ਿਸ਼ ਕਰਦੀ ਹੈ ਉੱਥੇ ਪ੍ਰੋਫੈਸਰ ਕਿਰਪਾਲ ਸਿੰਘ ਯੋਗੀ ਅਤੇ ਪ੍ਰੀਤਮ ਸਿੰਘ ਦਰਦੀ ਨੇ ਸਭਾ ਦੇ ਹੋਰ ਮੈਂਬਰਾਂ ਨਾਲ ਸਲਾਹ ਕਰ ਕੇ 1971 ਵਿਚ ਸਹਿਮਤੀ ਨਾਲ ਪ੍ਰਿੰਸੀਪਲ ਸੁਜਾਨ ਸਿੰਘ ਨੂੰ ਸਭਾ ਦਾ ਪ੍ਰਧਾਨ ਚੁਣ ਲਿਆ। ਪ੍ਰਿੰਸੀਪਲ ਸਾਹਿਬ ਜੀ ਦੀ ਸ਼ਖ਼ਸੀਅਤ ਦਾ ਪ੍ਰਭਾਵ ਹੀ ਸੀ ਜੋ ਤਾਉਮਰ ਸਭਾ ਦੇ ਪ੍ਰਧਾਨ ਰਹੇ। ਉਨ੍ਹਾਂ ਦੀ ਅਗਵਾਈ ਵਿਚ ਮੈਂਬਰਾਂ ਦੀ ਗਿਣਤੀ ’ਚ ਚੋਖਾ ਵਾਧਾ ਹੋਇਆ। ਇਸ ਸਭਾ ਵਿਚ ਉਰਦੂ ਅਤੇ ਹਿੰਦੀ ਦੇ ਲੇਖਕ ਵੀ ਜੁੜੇ ਜੋ ਦੂਰੋਂ-ਦੂਰੋਂ ਪਹੁੰਚ ਕੇ ਸਭਾ ਦੇ ਸਮਾਗਮਾਂ ਵਿਚ ਸ਼ਿਰਕਤ ਕਰਦੇ ਸਨ। ਉਨ੍ਹਾਂ ਇਕ ਸੁਝਾਅ ਰਖਿਆ ਕਿ ‘ਪੰਜਾਬੀ ਸਾਹਿਤ ਸਭਾ ਗੁਰਦਾਸਪੁਰ’ ਦੀ ਜਗ੍ਹਾ ਸਭਾ ਦਾ ਨਾਂ ‘ਸਾਹਿਤ ਸਭਾ ਗੁਰਦਾਸਪੁਰ’ ਹੋਣਾ ਚਾਹੀਦਾ ਹੈ। ਕਿਉਂਕਿ ਦੂਸਰੀਆਂ ਭਾਸ਼ਾਵਾਂ ਦੇ ਲੇਖਕ ਵੀ ਜੁੜੇ ਹੋਏ ਹਨ। ਇਹ ਸੁਝਾਅ ਸਰਬਸੰਮਤੀ ਨਾਲ ਮੰਨ ਲਿਆ ਗਿਆ।

ਪ੍ਰਿੰਸੀਪਲ ਜੀ ਦੇ ਸੁਝਾਅ ਨਾਲ ਸਭਾ ਦੀ ਰਜਿਸਟ੍ਰੇਸ਼ਨ ‘ਸਾਹਿਤ ਸਭਾ ਗੁਰਦਾਸਪੁਰ’ ਦੇ ਨਾਂ ’ਤੇ ਕਰਵਾਈ ਗਈ ਜੋ ਉਦੋਂ ਬਹੁਤ ਜ਼ਰੂਰੀ ਸੀ। ਉਦੋਂ ਤਕ ਜ਼ਿਲ੍ਹੇ ਦੇ ਪ੍ਰਮੁੱਖ ਲੇਖਕਾਂ ਤੋਂ ਇਲਾਵਾ ਭੁਪਿੰਦਰ ਸਿੰਘ ਪੀ.ਸੀ.ਐੱਸ., ਐੱਸ. ਕੇ.ਰਾਮ ਪਾਲ (ਦੋ ਆਂਖੇਂ ਬਾਰ੍ਹਾਂ ਹਾਥ’ ਫਿਲਮ ਦੀ ਕਹਾਣੀ ਦੇ ਲੇਖਕ), ਮਨਮੋਹਨ ਅਨੰਦ (ਫਿਲਮੀ ਐਕਟਰ ਦੇਵ ਆਨੰਦ ਦੇ ਭਰਾ), ਕਾਮਰੇਡ ਰਤਨ ਲਾਲ ਐਮ. ਐਲ.ਏ., ਧਿਆਨ ਸਿੰਘ ਸ਼ਾਹ ਸਿਕੰਦਰ, ਜਸਵੰਤ ਸਿੰਘ ਰਾਹੀ, ਮੇਦਨ ਸਿੰਘ ਮੇਦਨ (ਤੇਜਾ ਸਿੰਘ ਸੁਤੰਤਰ ਦੇ ਭਰਾ), ਜਨਕ ਰਾਜ ਕੰਵਲ, ਪੂਰਨ ਚੰਦ ਆਸਿਮ, ਡਾ. ਅਸ਼ੋਕ ਹਸਤੀਰ, ਵਿਸ਼ਨੂੰ ਗੁਰਦਾਸਪੁਰੀ, ਪੀ.ਸੀ. ਵਫ਼ਾ ਅਤੇ ਕਈ ਹੋਰ ਨਾਮੀ ਗ੍ਰਾਮੀ ਸਾਹਿਤਕ ਹਸਤੀਆਂ ਸਭਾ ਨਾਲ ਜੁੜ ਚੁੱਕੀਆਂ ਸਨ। ਅਹੁਦੇਦਾਰਾਂ ਵਿੱਚੋਂ ਪ੍ਰਿੰ. ਸੁਜਾਨ ਸਿੰਘ ਜੀ ਤੋਂ ਇਲਾਵਾ ਪ੍ਰੀਤਮ ਸਿੰਘ ਦਰਦੀ, ਪ੍ਰੋ. ਕਿਰਪਾਲ ਸਿੰਘ ਯੋਗੀ, ਬੀਬਾ ਬਲਵੰਤ, ਆਰ ਨੀਲਮ, ਬਲਵੰਤ ਸਿੰਘ ਸਬਜ਼ਾ, ਅਵਤਾਰ ਸਿੰਘ ਸਿੱਧੂ, ਕਮਲਜੀਤ ਕਮਲ ਅਤੇ ਕਾਮਰੇਡ ਮੁਲਖ਼ ਰਾਜ ਦੁਆਰਾ ਸਭਾ ਦੀਆਂ ਗਤੀਵਿਧੀਆਂ ਤੇਜ਼ ਕਰਨ ਵਿਚ ਵਿਸ਼ੇਸ਼ ਯੋਗਦਾਨ ਪਾਇਆ ਗਿਆ।

### ਸਭਾ ਦੇ ਵਿਸ਼ੇਸ਼ ਸਮਾਗਮ

10 ਮਈ 1975 ਨੂੰ ਪ੍ਰਿੰਸੀਪਲ ਸੁਜਾਨ ਸਿੰਘ ਜੀ ਦੀ ਅਗਵਾਈ ਹੇਠ ਆਲ ਇੰਡੀਆ ਉਰਦੂ-ਪੰਜਾਬੀ ਮੁਸ਼ਾਇਰਾ ਲੇਡੀਜ਼ ਕਲੱਬ ਗੁਰਦਾਸਪੁਰ ਦੀ ਵਿਸ਼ਾਲ ਗਰਾਊਂਡ ਵਿਚ ਆਯੋਜਿਤ ਕੀਤਾ ਗਿਆ। ਜਿਸ ਵਿਚ ਹੋਰਨਾਂ ਤੋਂ ਇਲਾਵਾ ਉਰਦੂ ਦੇ ਨਾਮਵਰ ਸ਼ਾਇਰ ਡਾ. ਬਸ਼ੀਰ ਬਦਰ, ਸਾਹਿਰ ਹੁਸ਼ਿਆਰਪੁਰੀ ਅਤੇ ਪੰਜਾਬੀ ਦੇ ਉੱਚ ਕੋਟੀ ਦੇ ਕਵੀ ਪ੍ਰੋ. ਮੋਹਨ ਸਿੰਘ ਤੇ ਐੱਸ. ਐੱਸ. ਮੀਸ਼ਾ ਸ਼ਾਮਿਲ ਹੋਏ। ਰਜਵੰਤ ਸਿੰਘ ਕੰਗ ਡਿਪਟੀ ਕਮਿਸ਼ਨਰ ਨੇ ਪ੍ਰਧਾਨਗੀ ਕੀਤੀ ਅਤੇ ਡਿਪਟੀ ਉਦਯੋਗ ਮੰਤਰੀ ਖੁਸ਼ਹਾਲ ਬਹਿਲ ਨੇ ਉਦਘਾਟਨ ਕੀਤਾ। ਮੁਸ਼ਾਇਰੇ ਦੀ ਸਮੁੱਚੀ ਕਾਰਵਾਈ ਆਲ ਇੰਡੀਆ ਰੇਡੀਓ ਤੋਂ ਨਸ਼ਰ ਕੀਤੀ ਗਈ। 12 ਫਰਵਰੀ 1978 ਨੂੰ ਸਾਹਿਤ ਅਕਾਦਮੀ ਪੁਰਸਕਾਰ ਵਿਜੇਤਾ ਐੱਸ. ਐੱਸ. ਮੀਸ਼ਾ ਦਾ ਸਨਮਾਨ ਕੀਤਾ ਗਿਆ। ਜਿਸ ਦੀ ਪ੍ਰਧਾਨਗੀ ਪ੍ਰਿੰ. ਸੁਜਾਨ ਸਿੰਘ ਨੇ ਕੀਤੀ। 16-17 ਸਤੰਬਰ 1978 ਨੂੰ ਦੋ ਦਿਨਾ ਕਵੀ ਦਰਬਾਰ ਅਤੇ ਕਹਾਣੀ ਦਰਬਾਰ ਕਰਵਾਇਆ ਗਿਆ। ਜਿਸ ਵਿਚ ਉਰਦੂ ਦੇ ਨਾਮਵਰ ਕਹਾਣੀਕਾਰ ਐੱਸ. ਕੇ. ਰਾਮਪਾਲ ਨੂੰ ਸਨਮਾਨਿਤ ਕੀਤਾ ਗਿਆ। ਪ੍ਰੋ. ਪ੍ਰੀਤਮ ਸਿੰਘ ਇਸ ਸਮਾਗਮ ਦੇ ਮੁੱਖ ਮਹਿਮਾਨ ਸਨ।

10-11 ਨਵੰਬਰ 1979 ਨੂੰ ਬੀਬਾ ਬਲਵੰਤ ਦੇ ਉੱਦਮ ਨਾਲ ਜ਼ਿਲ੍ਹਾ ਪ੍ਰੀਸ਼ਦ ਹਾਲ ਵਿਚ ਦੋ ਦਿਨਾ ਕਹਾਣੀ ਗੋਸ਼ਟੀ ਦਾ ਪ੍ਰਬੰਧ ਕੀਤਾ ਗਿਆ। ਜਿਸ ਵਿਚ ਕਿਰਪਾਲ ਕਜ਼ਾਕ, ਜਸਬੀਰ ਭੁੱਲਰ, ਜੁਗਿੰਦਰ ਕੈਰੋਂ, ਦਲਬੀਰ ਚੇਤਨ, ਪ੍ਰੇਮ ਗੋਰਖੀ, ਵਰਿਆਮ ਸੰਧੂ, ਮੁਖਤਾਰ ਗਿੱਲ ਅਤੇ ਹੋਰ ਕਈ ਕਹਾਣੀਕਾਰ ਸ਼ਾਮਲ ਹੋਏ। ਪ੍ਰਿੰ. ਸੁਜਾਨ ਸਿੰਘ ਨੇ ਪ੍ਰਧਾਨਗੀ ਕੀਤੀ ਅਤੇ ਜਸਵੰਤ ਸਿੰਘ ਵਿਰਦੀ ਇਸ ਸਮਾਗਮ ਦੇ ਮੁੱਖ ਮਹਿਮਾਨ ਸਨ। 25 ਅਗਸਤ 1985 ਨੂੰ ਪ੍ਰਿੰ. ਐੱਸ. ਐੱਸ. ਅਮੋਲ ਦੀ ਪ੍ਰਧਾਨਗੀ ਹੇਠ ਸੈਣੀ ਗੈਸਟ ਹਾਊਸ ਵਿਖੇ ਪ੍ਰਿੰ. ਸੁਜਾਨ ਸਿੰਘ ਨੂੰ ਸਨਮਾਨਿਤ ਕੀਤਾ ਗਿਆ। 19-11-1995 ਨੂੰ ਇਕ ਵਿਸ਼ੇਸ਼ ਸਨਮਾਨ ਸਮਾਰੋਹ ਆਯੋਜਿਤ ਕਰ ਕੇ ਉਰਦੂ ਦੇ ਨਾਮਵਰ ਸ਼ਾਇਰ ਜਨਕ ਰਾਜ ਕੰਵਲ, ਹਿੰਦੀ ਸੰਸਕ੍ਰਿਤ ਦੇ ਵਿਦਵਾਨ ਡਾਕਟਰ ਸੀ. ਡੀ. ਸ਼ਾਸਤਰੀ ਅਤੇ ਪੰਜਾਬੀ ਦੇ ਉੱਘੇ ਸ਼ਾਇਰ ਪ੍ਰੀਤਮ ਸਿੰਘ ਦਰਦੀ ਨੂੰ ਪ੍ਰਿੰ. ਐੱਸ.ਕੇ. ਖੰਨਾ ਅਤੇ ਖੁਸ਼ਹਾਲ ਬਹਿਲ ਦੁਆਰਾ ਸਨਮਾਨਿਤ ਕੀਤਾ ਗਿਆ। ਸਭਾ ਦੇ ਮੈਂਬਰਾਂ ਦੀ ਗਿਣਤੀ ਵੀ ਬਹੁਤ ਹੋ ਗਈ ਸੀ।

ਪ੍ਰਿੰਸੀਪਲ ਸੁਜਾਨ ਸਿੰਘ ਨੂੰ ਕੇਂਦਰੀ ਪੰਜਾਬੀ ਲੇਖਕ ਸਭਾ ਵਿਚ ਸੀਨੀਅਰ ਮੀਤ ਪ੍ਰਧਾਨ ਦਾ ਅਹੁਦਾ ਵੀ ਮਿਲ ਗਿਆ। ਉਹ ਦੋਵੇਂ ਅਹੁਦਿਆਂ ’ਤੇ ਨਾਲੋ-ਨਾਲ ਕੰਮ ਕਰਦੇ ਰਹੇ। ਉਨ੍ਹਾਂ ਦੀ ਪ੍ਰਧਾਨਗੀ ਸਮੇਂ ਸਭਾ ਦੇ ਅਹੁਦੇਦਾਰਾਂ ਦੀ ਚੋਣ ਹਮੇਸ਼ਾ ਸਰਬਸੰਮਤੀ ਨਾਲ ਹੀ ਹੁੰਦੀ ਰਹੀ। ਉਨ੍ਹਾਂ ਦੇ ਅਕਾਲ ਚਲਾਣੇ ਤੋਂ ਬਾਅਦ ਇਕ ਮੈਂਬਰ ਨੇ ਸਭਾ ਵਿਚ ਖ਼ਾਸ ਅਹੁਦੇ ਦੀ ਮੰਗ ਰੱਖ ਦਿੱਤੀ, ਜੋ ਕਾਫ਼ੀ ਜੂਨੀਅਰ ਸੀ। ਉਸ ਮੈਂਬਰ ਦੀ ਮੰਗ ਨਾਲ ਸਭਾ ਦੇ ਬਾਕੀ ਮੈਂਬਰਾਂ ਦੀ ਸਹਿਮਤੀ ਨਾ ਬਣੀ। ਸੋ ਉਸ ਮੈਂਬਰ ਨੇ ਸਭਾ ਦੇ ਤਿੰਨ ਹੋਰ ਮੈਂਬਰ ਆਪਣੇ ਨਾਲ ਗੰਢ ਕੇ ਵੱਖਰੀ ਸਭਾ ਬਣਾ ਲਈ ਜਿਸ ਨਾਲ ‘ਸਾਹਿਤ ਸਭਾ ਗੁਰਦਾਸਪੁਰ’(ਰਜਿ) ਲਿਖਣਾ ਸ਼ੁਰੂ ਕਰ ਦਿੱਤਾ ਕਿਉਂਕਿ ਸਭਾ ਦਾ ਰਜਿਸਟ੍ਰੇਸ਼ਨ ਸਰਟੀਫ਼ਿਕੇਟ ਉਕਤ ਮੈਂਬਰ ਨਾਲ ਗਏ ਇਕ ਮੈਂਬਰ ਦੇ ਕਬਜ਼ੇ ਵਿਚ ਸੀ।

ਕੁਝ ਸਮਾਂ ਕੇਂਦਰੀ ਪੰਜਾਬੀ ਲੇਖਕ ਸਭਾ ਕੋਲ ਹਰ ਸਾਲ ਮੈਂਬਰ ਸੂਚੀ ‘ਸਾਹਿਤ ਸਭਾ ਗੁਰਦਾਸਪੁਰ ਰਜਿ’ 1 ਅਤੇ 2 ਦੇ ਨਾਵਾਂ ਹੇਠ ਛਪਦੀ ਰਹੀ। ਉਸ ਵੇਲੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਡਾ. ਐੱਸ. ਤਰਸੇਮ ਸਨ। ਜਦੋਂ ਉਨ੍ਹਾਂ ਪੁੱਛਿਆ ਕਿ ਤੁਸੀਂ ਇਕ ਨਾਂ ਦੋ ਸਭਾਵਾਂ ਲਈ ਕਿਉਂ ਵਰਤ ਰਹੇ ਹੋ? ਤਾਂ ਉਸ ਵੇਲੇ ਸਭਾ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਯੋਗੀ ਦਾ ਜੁਆਬ ਸੀ ਕਿ ‘ਦਰਅਸਲ ਰਜਿਸਟ੍ਰੇਸ਼ਨ ਸਰਟੀਫ਼ਿਕੇਟ ਸਾਡੇ ਕੋਲ ਨਹੀਂ ਹੈ।’ ਉਨ੍ਹਾਂ ਕਿਹਾ,‘ ਛੱਡੋ ਪਰਾਂ, ਤੁਸੀਂ ਆਪਣੀ ਸਭਾ ਦਾ ਨਾਂ ਬਦਲ ਲਓ’। ਉਸ ਵੇਲੇ ਫਿਰ ਸਭਾ ਦਾ ਨਾਂ ‘ਪੰਜਾਬੀ ਸਾਹਿਤ ਸਭਾ ਗੁਰਦਾਸਪੁਰ’ ਰੱਖ ਕੇ ਪੂਰੇ ਵਰਵੇ ਸਹਿਤ ਅਖ਼ਬਾਰਾਂ ’ਚ ਖ਼ਬਰ ਦਿੱਤੀ ਕਿ ਸਭਾ ਦਾ ਨਾਂ ਇਸ ਲਈ ਬਦਲਿਆ ਹੈ ਕਿ ਰਜਿਸਟ੍ਰੇਸ਼ਨ ਵੱਖ ਹੋ ਕੇ ਬਣੀ ਸਭਾ ਕੋਲ ਹੈ। ਅਗਲੇ ਦਿਨ ਉਕਤ ਸਭਾ ਦੇ ਮੁਖੀ ਪ੍ਰੋ. ਕਿਰਪਾਲ ਸਿੰਘ ਯੋਗੀ ਦੇ ਘਰ ਆ ਕੇ ਕਾਫ਼ੀ ਖ਼ਫਾ ਹੋਏ ਕਿ ਰਜਿਸਟ੍ਰੇਸ਼ਨ ਸਰਟੀਫ਼ਿਕੇਟ ਮੇਰੇ ਕੋਲ ਨਹੀਂ ਹੈ, ਤੁਸੀਂ ਇਹ ਖ਼ਬਰ ਕਿਉਂ ਲਵਾਈ ਹੈ? ਤਾਂ ਯੋਗੀ ਜੀ ਨੇ ਬੜੇ ਠਰ੍ਹੰਮੇ ਨਾਲ ਕਿਹਾ ਕਿ ਜੇ ਤੁਹਾਡੇ ਕੋਲ ਨਹੀਂ ਹੈ ਤਾਂ ਫਿਰ ਤੁਸੀਂ ਰਜਿਸਟਰਡ ਕਿਉਂ ਲਿਖਦੇ ਹੋ? ਜੋ ਕਾਨੂੰਨਨ ਵੀ ਤੇ ਨੈਤਿਕ ਆਧਾਰ ’ਤੇ ਵੀ ਗ਼ਲਤ ਹੈ। ਇਸ ਦਾ ਜੁਆਬ ਦਿੱਤੇ ਬਗ਼ੈਰ ਉਹ ਸ਼ਖ਼ਸ ਚੁੱਪ ਕਰ ਕੇ ਚਲੇ ਗਏ। ਉਸ ਤੋਂ ਬਾਅਦ ਹੁਣ ਤਕ ‘ਪੰਜਾਬੀ ਸਾਹਿਤ ਸਭਾ ਗੁਰਦਾਸਪੁਰ’ ਦੇ ਨਾਂ ਹੇਠ ਇਹ ਸਭਾ ਸਰਗਰਮ ਹੈ। ਉਸ ਤੋਂ ਬਾਅਦ ਹੋਰ ਵੀ ਕਈ ਸਭਾਵਾਂ ਹੋਂਦ ਵਿਚ ਆ ਗਈਆਂ। ਹੁਣ ਵੀ ਪੰਜਾਬੀ ਸਾਹਿਤ ਸਭਾ ਗੁਰਦਾਸਪੁਰ ਦੀਆਂ ਅਹੁਦੇਦਾਰੀਆਂ ਸਰਬਸੰਮਤੀ ਨਾਲ ਹੀ ਹੁੰਦੀਆਂ ਹਨ। ਸਮੇਂ-ਸਮੇਂ ਸਿਰ ਹੋਰ ਪ੍ਰੋਗਰਾਮਾਂ ਤੋਂ ਇਲਾਵਾ ਸਭਾ 2010 ਤੋਂ ਲੈ ਕੇ ਹੁਣ ਤਕ ਸੁਭਾਸ਼ ਦੀਵਾਨਾ ਦੀਆਂ ਸੱਤ ਕਾਵਿ ਪੁਸਤਕਾਂ ਅਤੇ ਤਰਸੇਮ ਸਿੰਘ ‘ਭੰਗੂ’ ਦੇ ਤਿੰਨ ਕਹਾਣੀ ਸੰਗ੍ਰਹਿ ਲੋਕ ਅਰਪਣ ਕਰ ਚੁੱਕੀ ਹੈ।

ਇਸ ਵਕਤ ਸਭਾ ਦੇ ਸਰਪ੍ਰਸਤ ਪ੍ਰਿੰਸੀਪਲ ਨਿਸ਼ਾਨ ਸਿੰਘ ਢਿੱਲੋਂ, ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਯੋਗੀ, ਜਨਰਲ ਸਕੱਤਰ ਸੁਭਾਸ਼ ਦੀਵਾਨਾ, ਸਹਿ ਸਕੱਤਰ ਤਰਸੇਮ ਸਿੰਘ ਭੰਗੂ, ਸੀਨੀਅਰ ਮੀਤ ਪ੍ਰਧਾਨ ਕਾਮਰੇਡ ਮੁਲਖ਼ ਰਾਜ, ਉਰਦੂ ਦੇ ਨਾਮਵਰ ਸ਼ਾਇਰ ਜਨਕ ਰਾਜ ਕੰਵਲ, ਮੀਤ ਪ੍ਰਧਾਨ ਡਾ. ਅਸ਼ੋਕ ਹਸਤੀਰ, ਪ੍ਰੈੱਸ ਸਕੱਤਰ ਅਸ਼ਵਨੀ ਕੁਮਾਰ ਹਨ। ਬਾਲ ਕਹਾਣੀਕਾਰ ਰਾਜਨ ਤਰੇੜੀਆ, ਨਾਵਲਕਾਰ ਨਿਰਮਲ ਨਿੰਮਾ ਲੰਗਾਹ, ਕਾਮਰੇਡ ਅਵਤਾਰ ਸਿੰਘ, ਕਾਮਰੇਡ ਦਲਜੀਤ ਸਿੰਘ, ਰਜਨੀਸ਼ ਵਿਸ਼ਿਸ਼ਟ, ਅਜਮੇਰ ਪਾਹੜਾ, ਕੇ. ਪੀ. ਸਿੰਘ, ਕੁਲਦੀਪ ਰਿਆੜ, ਰਜਿੰਦਰ ਸਿੰਘ ਤੱਗੜ, ਸੁਨੀਲ ਕੁਮਾਰ, ਜਨਕ ਰਾਜ ਮਹਾਜਨ, ਐੱਨ. ਕੇ. ਸੋਈ, ਜਗਦੀਸ਼ ਕਲਾਨੌਰ ਆਦਿ ਮੈਂਬਰ ਹਨ। ਹਰ ਮਹੀਨੇ ਬਕਾਇਦਾ ਮੀਟਿੰਗ ਕੀਤੀ ਜਾਂਦੀ ਹੈ। ਕੇਂਦਰੀ ਪੰਜਾਬੀ ਲੇਖਕ ਸਭਾ, ਸਾਹਿਤ ਅਕਾਦਮੀ ਦੇ ਸਮਾਗਮਾਂ ਅਤੇ ਸਾਹਿਤ ਕੇਂਦਰ ਗੁਰਦਾਸਪੁਰ ਦੇ ਸਮਾਗਮਾਂ ’ਚ ਸਭਾ ਅਪਣਾ ਯੋਗਦਾਨ ਵਧ ਚੜ੍ਹ ਕੇ ਪਾਉਂਦੀ ਹੈ। •



ਅਸ਼ੋਕ ਹਸਤੀਰ



ਕਿਰਪਾਲ ਸਿੰਘ ਯੋਗੀ



ਮੁਲਖ ਰਾਜ



ਨਿਰਮਲ ਸਿੰਘ ਲੰਗਾਹ



ਸੁਭਾਸ਼ ਦੀਵਾਨਾ

# ਜਦੋਂ ਬੇਟੀਆਂ ਪੜ੍ਹਦੀਆਂ ਹਨ ਤਾਂ ਪੂਰਾ ਪਰਿਵਾਰ, ਸਮਾਜ ਅਤੇ ਦੇਸ਼ ਵੱਧਦਾ ਹੈ ਅੱਗੇ : ਮੁੱਖ ਮੰਤਰੀ ਨਾਇਬ ਸਿੰਘ ਸੈਣੀ

**ਚੰਡੀਗੜ੍ਹ, 19 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਿਖਿਆ ਕਿਸੇ ਵੀ ਦੇਸ਼ ਤੇ ਸਮਾਜ ਦੀ ਸੱਚੀ ਸ਼ਕਤੀ ਹੁੰਦੀ ਹੈ। ਜਦੋਂ ਬੇਟੀਆਂ ਪੜ੍ਹਦੀਆਂ ਹਨ ਤਾਂ ਪੂਰਾ ਪਰਿਵਾਰ, ਪੂਰਾ ਸਮਾਜ ਅਤੇ ਪੂਰਾ ਦੇਸ਼ ਅੱਗੇ ਵੱਧਦਾ ਹੈ। ਇਸ ਲਈ ਹੀ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਰਾਸ਼ਟਰਵਿਆਪੀ ਬੇਟੀ ਬਚਾਓ-ਬੇਟੀ ਪੜਾਓ ਮੁਹਿੰਮ ਸ਼ੁਰੂ ਕੀਤੀ ਸੀ। ਸੇਠ ਨਵਰੰਗ ਰਾਏ ਲੋਹਿਆ ਜੈਯਰਾਮ ਕੰਨਿਆ ਕਾਲਜ ਵਰਗੀ ਸੰਸਥਾਵਾਂ ਪ੍ਰਧਾਨ ਮੰਤਰੀ ਦੇ ਇਸੀ ਵਿਜਨ ਨੂੰ ਅੱਗੇ ਵਧਾਉਣ ਦਾ ਕੰਮ ਕਰ ਰਹੀ ਹੈ।

ਮੁੱਖ ਮੰਤਰੀ ਮੰਗਲਵਾਰ ਨੂੰ ਸੇਠ ਨਵਰੰਗ ਰਾਏ ਲੋਹਿਆ ਜੈਯਰਾਮ ਕੰਨਿਆ ਕਾਲਜ ਲੋਹਾਰ ਮਾਜਰਾ, ਕੁਰੂਕਸ਼ੇਤਰ ਦੀ ਰਜਟ ਜੈਯੰਤੀ ਸਮਾਰੋਹ ਵਿੱਚ ਬਤੌਰ ਮੁੱਖ ਮਹਿਮਾਨ ਬੋਲ ਰਹੇ ਸਨ। ਇਸ ਤੋਂ ਪਹਿਲਾਂ ਮੁੱਖ ਮੰਤਰੀ ਦੀਪ ਸ਼ਿਪਾ ਪ੍ਰਜਵਲਿਤ ਕਰ ਪ੍ਰੋਗਰਾਮ ਦਾ ਵਿਧੀਵਤ ਰੂਪ ਨਾਲ ਸ਼ੁਰੂਆਤ ਕੀਤੀ। ਇਸ ਦੌਰਾਨ ਮੁੱਖ ਮੰਤਰੀ ਤੇ ਹਰ ਮਹਿਮਾਨਾਂ ਨੇ ਸ੍ਰੀ ਜੈਯਰਾਮ ਵਿਦਿਅਕ ਸੰਸਥਾਨ ਦੇ 25 ਸਾਲਾਂ ਦੀ ਗਤੀਵਿਧੀਆਂ 'ਤੇ ਅਧਾਰਿਤ ਸਮਾਰਿਕਾ ਦਾ ਵਿਮੋਚਨ ਕੀਤਾ। ਸ੍ਰੀ ਨਾਇਬ ਸਿੰਘ ਸੈਣੀ ਨੂੰ ਜੈਯਰਾਮ ਵਿਦਿਅਕ ਸੰਸਥਾਨਾਂ ਦੇ ਚੇਅਰਮੈਨ ਪਰਲ ਪੂਜਨੀਕ ਬ੍ਰਹਮ ਸਵਰੂਪ ਬ੍ਰਹਮਚਾਰੀ ਮਹਾਰਾਜ ਨੇ ਯਾਦਗਾਰ ਚਿੰਨ੍ਹ ਅਤੇ ਸ਼ਾਲ ਭੇਟ ਕਰ ਸਨਮਾਨਿਤ ਕੀਤਾ। ਇਸ ਮੌਕੇ 'ਤੇ ਮੁੱਖ ਮੰਤਰੀ ਨੇ ਸੇਠ ਨਵਰੰਗ ਰਾਏ ਲੋਹਿਆ ਜੈਯਰਾਮ ਕੰਨਿਆ ਕਾਲਜ ਸੰਸਥਾਨ ਨੂੰ 21 ਲੱਖ ਰੁਪਏ ਦੇਣ ਦਾ ਐਲਾਨ ਕੀਤਾ।

ਮੁੱਖ ਮੰਤਰੀ ਨੇ ਕਿਹਾ ਕਿ ਅੱਜ ਉਹ ਅਜਿਹੇ ਸਰਸਵਤੀ ਮੰਦਿਰ ਵਿੱਚ ਆਏ ਹਨ, ਜੋ 25 ਸਾਲਾਂ ਤੋਂ ਗ੍ਰਾਮੀਣ ਖੇਤਰ ਦੀ ਬੇਟੀਆਂ ਨੂੰ ਸਿਖਿਆ ਅਤੇ ਸਵਾਵਲੰਬੀ ਬਨਾਉਣ ਦਾ ਕੰਮ ਕਰ ਰਿਹਾ ਹੈ। ਵਿਦਿਅਕ ਸੰਸਥਾ ਦੇ ਜੀਵਨ ਵਿੱਚ 25 ਸਾਲ ਸਿਰਫ ਇੱਕ ਗਿਣਤੀ ਨਹੀਂ, ਸਗੋ ਸੰਘਰਸ਼, ਸਮਰਪਣ ਅਤੇ ਸਫਲਤਾ ਦਾ ਇੱਕ ਲੰਬਾ ਇਤਿਹਾਸ ਹੈ। ਉਨ੍ਹਾਂ ਨੇ ਕਿਹਾ ਕਿ ਪਰਮ ਪੂਜਨੀਕ ਬ੍ਰਹਮਲੀਨ ਦੇਵੇਂਦਰ ਸਵਰੂਪ ਬ੍ਰਹਮਚਾਰੀ ਦੀ ਹੀ ਪ੍ਰੇਰਣਾ ਨਾਲ ਸੁਰਗਵਾਸੀ ਮੋਹਨ ਲਾਲ ਲੋਹਿਆ ਨੇ ਇਸ ਜਮੀਨ 'ਤੇ ਆਪਣੇ ਪਿਤਾ ਦੀ ਯਾਦ ਵਿੱਚ ਇਹ ਕਾਲਜ ਬਣਵਾਇਆ ਸੀ। ਜਿਸ ਸਮੇਂ ਇਸ ਕਾਲਜ ਦੀ ਨੀਂਹ ਰੱਖੀ ਗਈ ਸੀ, ਉਸ ਸਮੇਂ ਪਿੰਡਾਂ ਵਿੱਚ ਬੇਟੀਆਂ ਦੀ ਸਿਖਿਆ ਦੇ ਪ੍ਰਤੀ ਜਾਗਰੁਕਤਾ ਨਹੀਂ ਸੀ, ਇਹ ਕਾਲਜ ਅੱਜ ਨੇੜੇ ਦੇ ਗ੍ਰਾਮੀਣ ਖੇਤਰਾਂ ਦੀ ਹਜਾਰਾਂ ਬੇਟੀਆਂ ਦੇ ਉਜਵਲ ਭਵਿੱਖ ਦਾ ਨੀਂਹ ਪੱਥਰ ਹੈ।

ਉਨ੍ਹਾਂ ਨੇ ਕਿਹਾ ਕਿ ਇੱਥੇ ਦੀ ਕੁੜੀਆਂ ਨੇ ਸਿਖਿਆ ਦੇ ਖੇਤਰ ਦੇ ਨਾਲ-ਨਾਲ ਖੇਡ, ਸਭਿਆਚਾਰਕ ਗਤੀਵਿਧੀਆਂ, ਸਮਾਜਿਕ ਜਿਮੇਵਾਰੀਆਂ ਅਤੇ ਖੋਜ ਦੇ ਖੇਤਰ ਵਿੱਚ ਵੀ ਵਰਨਣਯੋਗ ਉਪਲਬਧੀਆਂ ਪ੍ਰਾਪਤ ਕੀਤੀਆਂ ਹਨ। ਇੱਥੋਂ ਪੜੀ ਲਿਖੀ ਬੇਟੀਆਂ ਅੱਜ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਖਿਆਤੀ ਪ੍ਰਾਪਤ ਕਰ ਚੁੱਕੀਆਂ ਹਨ।

ਉਨ੍ਹਾਂ ਨੇ ਕਿਹਾ ਕਿ ਸੇਠ ਨਵਰੰਗ ਰਾਏ ਲੋਹਿਆ ਜੈਯਰਾਮ ਗਲਰਸ ਕਾਲਜ ਵਰਗੀ ਸੰਸਥਾਵਾਂ ਹਰਿਆਣਾ ਸੂਬੇ ਅਤੇ ਸਾਡੇ ਸਮਾਜ ਦੀ ਸੱਚੀ ਧਰੋਹਰ ਹਨ, ਜੋ ਵਿਕਸਿਤ ਹਰਿਆਣਾ ਦੇ ਨਿਰਮਾਣ ਵਿੱਚ ਮਹਾਨ ਯੋਗਦਾਨ ਦੇ ਰਹੀਆਂ ਹਨ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਬੇਟੀਆਂ ਦੀ ਸਿਖਿਆ ਦੇ ਮਾਰਗ ਵਿੱਚ ਸੱਭ ਤੋਂ ਵੱਡੀ ਰੁਕਾਵਟ ਵਿਦਿਅਕ ਸੰਸਥਾਨਾਂ ਦਾ ਘਰ ਤੋਂ ਕਾਫੀ ਦੂਰ ਹੋਣਾ ਰਿਹਾ ਹੈ। ਸਰਕਾਰ ਨੇ ਇਹ ਯਕੀਨੀ ਕੀਤਾ ਹੈ ਕਿ ਬੇਟੀਆਂ ਨੂੰ ਹਰ 20 ਕਿਲੋਮੀਟਰ ਦੇ ਘੇਰੇ ਵਿੱਚ ਕਾਲਜ ਜਰੂਰ ਮਿਲੇ।

ਇਸ ਦੇ ਲਈ ਪਿਛਲੇ 11 ਸਾਲਾਂ ਵਿੱਚ ਸੂਬੇ ਵਿੱਚ ਕੁੱਲ 80 ਨਵੇਂ ਸਰਕਾਰੀ ਕਾਲਜ ਖੋਲੇ ਗਏ ਹਨ। ਇੰਨ੍ਹਾਂ ਵਿੱਚੋਂ 30 ਸਿਰਫ ਕੁੜੀਆਂ ਦੇ ਹਨ। ਉਨ੍ਹਾਂ ਨੇ ਕਿਹਾ ਕਿ ਬੇਟੀਆਂ ਨੂੰ ਆਪਣੇ ਘਰਾਂ ਤੋਂ ਵਿਦਿਅਕ ਸੰਸਥਾਨਾਂ ਤੱਕ ਆਉਣ-ਜਾਣ ਲਈ 150 ਕਿਲੋਮੀਟਰ ਦੀ ਦੂਰੀ ਤੱਕ ਰੋਡਵੇਜ ਦੀ ਬੱਸਾਂ ਵਿੱਚ ਮੁਫਤ ਯਾਤਰਾ ਸਹੂਲਤ ਵੀ ਪ੍ਰਦਾਨ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਬੇਟੀਆਂ ਨੂੰ ਤਕਨੀਕੀ ਸਿਖਿਆ ਪ੍ਰਦਾਨ ਕਰਨ ਲਈ ਵੀ ਸੂਬੇ ਵਿੱਚ 29 ਕੰਨਿਆ ਆਈਟੀਆਈ ਚੱਲ ਰਹੀਆਂ ਹਨ। ਇੰਨ੍ਹਾਂ ਆਈਟੀਆਈ ਵਿੱਚ ਪੜਨ ਵਾਲੀ ਕੁੜੀਆਂ ਨੂੰ ਪ੍ਰਤੀਮਹੀਨਾ 500 ਰੁਪਏ ਦਾ ਵਜੀਫਾ ਦੇਣ ਦਾ ਪ੍ਰਾਵਧਾਨ ਕੀਤਾ ਹੈ। ਹਰਿਆਣਾ ਸੂਬੇ ਨਵੀਂ ਕੌਮੀ ਸਿਖਿਆ ਨੀਤੀ ਨੂੰ ਲਾਗੂ ਕਰਨ ਵਾਲਾ ਪਹਿਲਾ ਸੂਬਾ ਹੈ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਿਖਿਆ ਦੇ ਮਾਮਲੇ ਵਿੱਚ ਗਰੀਬੀ ਆੜੇ ਨਾ ਆਵੇ, ਇਸ ਦੇ ਲਈ ਸੂਬੇ ਵਿੱਚ ਇੱਕ ਲੱਖ 80 ਹਜਾਰ ਰੁਪਏ ਤੱਕ ਦੀ ਸਾਲਾਨਾ ਆਮਦਨ ਵਾਲੇ ਪਰਿਵਾਰ ਦੀ ਬੇਟੀਆਂ ਨੂੰ ਪੋਸਟ ਗਰੈਜੂਏਟ ਤੱਕ ਮੁਫਤ ਸਿਖਿਆ ਦਿੱਤੀ ਜਾਂਦੀ ਹੈ। ਪੋਸਟ ਗਰੈਜੂਏਟ ਟੀਚਰ ਦੀ ਭਰਤੀ ਵਿੱਚ ਵੀ ਬੇਟੀਆਂ ਨੂੰ 33 ਫੀਸਦੀ ਰਾਖਵਾਂ ਦਿੱਤਾ ਜਾਂਦਾ ਹੈ। ਉਨ੍ਹਾਂ ਨੇ ਕਿਹਾ ਕਿ ਜਿਸ ਹਰਿਆਣਾ ਨੂੰ ਘੱਟ ਲਿੰਗਨਾਪ੍ਰਾਤ ਵਾਲੇ ਸੂਬਿਆਂ ਵਿੱਚ ਗਿਨਿਆ ਜਾਂਦਾ ਸੀ, ਉਸ ਨੇ ਇਸ ਦਾਗ ਨੂੰ ਧੌਣ ਦੇ ਨਾਲ-ਨਾਲ ਹੋਰ ਸੂਬਿਆਂ ਲਹੀ ਵੀ ਮਿਸਾਲੀ ਉਦਾਹਰਣ ਪੇਸ਼ ਕੀਤਾ ਹੈ। ਬੇਟੀ ਬਚਾਓ-ਬੇਟੀ ਪੜਾਓ ਪ੍ਰੋਗਰਾਮ ਦੇ ਨਤੀਜੇਵਜੋ ਸੂਬੇ ਵਿੱਚ ਜਨਮ ਦੇ ਸਮੇਂ ਲਿੰਗਨੁਪਾਤ ਦੀ ਦਰ ਸਾਲ 2014 ਵਿੱਚ 871 ਤੋਂ ਸੁਧਰ ਕੇ ਹੁਣ 909 ਹੋ ਗਈ ਹੈ।

ਉਨ੍ਹਾਂ ਨੇ ਕਿਹਾ ਕਿ ਹੁਣ ਵੀ ਕਿਸੇ ਵੀ ਪ੍ਰੀਖਿਆਵਾਂ ਦੇ ਨਤੀਜੇ ਆਉਂਦੇ ਹਨ ਤਾਂ ਹਰ ਚਾਰ ਬੇਟੀਆਂ ਅਵੱਲ ਰਹਿੰਦੀਆਂ ਹਨ। ਇਸ ਤੋਂ ਇਲਾਵਾ ਪ੍ਰਸਾਸ਼ਨ, ਪੁਲਿਸ ਸੇਨਾ, ਖੋਜ, ਸਪੇਸ ਵਰਗੇ ਖੇਤਰਾਂ ਵਿੱਚ ਵੀ ਬੇਟੀਆਂ ਨੇ ਵਰਨਣਯੋਗ ਉਪਲਬਧੀਆਂ ਹਾਸਲ ਕੀਤੀਆਂ ਹਨ। ਵੱਖ-ਵੱਖ ਪ੍ਰਵੇਸ਼ ਪ੍ਰੀਖਿਆਵਾਂ ਵਿੱਚ ਵੀ ਕੁੜੀਆਂ ਦਾ ਚੋਣ ਦਾ ਫੀਸਦੀ ਲਗਾਤਾਰ ਵੱਧ ਰਿਹਾ ਹੈ। ਰਾਜਨੀਤੀ, ਲੇਖਨ, ਖੇਡ, ਫਿਲਮ, ਫੈਸ਼ਨ, ਸੰਗੀਤ, ਸਾਹਿਤ, ਉਦਯੋਗ, ਵਪਾਰ, ਮੈਡੀਕਲ, ਸਮਾਜ ਸੇਵਾ, ਨਿਆਂਇਕ ਸੇਵਾ ਆਦਿ ਹਰ ਖੇਤਰ ਵਿੱਚ ਬੇਟੀਆਂ ਅੱਗੇ ਹਨ।

ਇਸ ਨਾਲ ਇਹ ਸਾਬਤ ਹੁੰਦਾ ਹੈ ਕਿ ਬੇਟੀਆਂ ਕਿਸੇ 'ਤੇ ਬੋਝ ਨਹੀਂ ਹਨ।ਇਸ ਮੌਕੇ 'ਤੇ ਜੈਯਰਾਮ ਵਿਅਿਕ ਸੰਸਥਾਨਾਂ ਦੇ ਚੇਅਰਮੈਨ ਪਰਮ ਪੂਜਨੀਕ ਬ੍ਰਹਮਾ ਸਵਰੁਪ ਬ੍ਰਹਮਚਾਰੀ ਮਹਾਰਾਜ, ਸਾਬਕਾ ਰਾਜਮੰਤਰੀ ਸੁਭਾਸ਼ ਸੁਧਾ, ਚੇਅਰਮੈਨ ਧਰਮਵੀਰ ਮਿਰਜਾਪੁਰ ਸਮੇਤ ਹੋਰ ਮਾਣਯੋਗ ਵਿਅਕਤੀ ਮੌਜੂਦ ਰਹੇ।

# ਕੈਂਸਰ ਏ ਆਈ-ਡਿਜੀਟਲ ਰਾਹੀਂ ਕੀਤੀ ਜਾ ਰਹੀ ਹੈ ਬਰੈਸਟ ਕੈਂਸਰ ਦੀ ਜਾਂਚ : ਸਿਵਲ ਸਰਜਨ



**ਬਠਿੰਡਾ, 19 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਅਤੇ ਸਿਵਲ ਸਰਜਨ ਡਾ ਤਪਿੰਦਰਜੋਤ ਦੇ ਦਿਸ਼ਾ-ਨਿਰਦੇਸ਼ਾ ਤਹਿਤ ਅਤੇ ਸੀਨੀਅਰ ਮੈਡੀਕਲ ਅਫ਼ਸਰ ਸਿਵਲ ਹਸਪਤਾਲ ਡਾ ਸੋਨੀਆ ਗੁਪਤਾ ਦੀ ਅਗਵਾਈ ਹੇਠ ਤੇ ਨੋਡਲ ਅਫ਼ਸਰ ਡਾ ਕਰਨ ਅਬਰੋਲ ਦੀ ਦੇਖ-ਰੇਖ ਹੇਠ ਸਿਵਲ ਹਸਪਤਾਲ ਦੀ ਓ.ਪੀ.ਡੀ ਵਿਖੇ ਬਰੈਸਟ ਕੈਂਸਰ ਜਾਗਰੂਕਤਾ ਮਹੀਨੇ ਸਬੰਧੀ ਜਾਣੂ ਕਰਵਾਇਆ ਗਿਆ। ਇਸ ਮੌਕੇ ਕੈਂਸਰ ਦੇ ਮਾਹਿਰ ਡਾ. ਵੰਦਨਾ ਮਿੱਡਾ ਨੇ ਦੱਸਿਆ ਕਿ ਅਕਤੂਬਰ ਮਹੀਨਾ ਹਰ ਸਾਲ ਬਰੈਸਟ ਕੈਂਸਰ ਜਾਗਰੂਕਤਾ ਮਹੀਨੇ ਵਜੋਂ ਮਨਾਇਆ ਜਾਂਦਾ ਹੈ। ਇਸ ਮੁਹਿੰਮ ਦਾ ਮੁੱਖ ਉਦੇਸ਼ ਮਹਿਲਾਵਾਂ ਨੂੰ ਬਰੈਸਟ ਕੈਂਸਰ ਬਾਰੇ ਜਾਗਰੂਕਤਾ ਪੈਦਾ ਕਰਨਾ, ਸ਼ੁਰੂਆਤੀ ਪਛਾਣ ਦੀ ਮਹੱਤਤਾ, ਉਭਾਰਨਾ ਅਤੇ ਇਲਾਜ ਲਈ ਉਪਲਬਧ ਸੁਵਿਧਾਵਾਂ ਬਾਰੇ ਜਾਣੂ ਕਰਵਾਉਣਾ ਹੈ।

ਉਨ੍ਹਾਂ ਦੱਸਿਆ ਕਿ ਬਰੈਸਟ ਕੈਂਸਰ ਮਹਿਲਾਵਾਂ ਵਿੱਚ ਸਭ ਤੋਂ ਆਮ ਕੈਂਸਰਾਂ ਵਿੱਚੋਂ ਇੱਕ ਹੈ। ਪੰਜਾਬ ਹੀ ਨਹੀਂ, ਸਾਰੇ ਦੇਸ਼ ਵਿੱਚ ਹਰ ਸਾਲ ਲੱਖਾਂ ਮਹਿਲਾਵਾਂ ਇਸ ਬਿਮਾਰੀ ਨਾਲ ਪੀੜਤ ਹੋ ਰਹੀਆਂ ਹਨ।

ਜੇਕਰ ਇਸ ਦੀ ਪਛਾਣ ਸ਼ੁਰੂਆਤੀ ਪੜਾਅ 'ਤੇ ਹੀ ਕਰ ਲਈ ਜਾਵੇ ਤਾਂ ਇਸ ਦਾ ਇਲਾਜ ਪੂਰੀ ਤਰ੍ਹਾਂ ਸੰਭਵ ਹੈ। ਉਨ੍ਹਾਂ ਕਿਹਾ ਕਿ ਬਰੈਸਟ ਕੈਂਸਰ ਦੇ ਸ਼ੁਰੂਆਤੀ ਪੜਾਅ 'ਚ ਛਾਤੀ ਵਿੱਚ ਗੰਢ ਜਾਂ ਸੁਜਨ ਦਾ ਅਹਿਸਾਸ, ਛਾਤੀ ਦੇ ਆਕਾਰ ਜਾਂ ਆਕਾਰ ਵਿੱਚ ਬਦਲਾਅ, ਚਮੜੀ ਦਾ ਸੁੱਕਣਾ ਜਾਂ ਖਿੱਚਣਾ, ਨਿੱਪਲ ਤੋਂ ਕਿਸੇ ਤਰ੍ਹਾਂ ਦਾ ਸ੍ਰਾਵ ਜਾਂ ਖਾਰਿਸ਼ ਦਾ ਪੈਦਾ ਹੋਣਾ ਹੈ। ਉਨ੍ਹਾਂ ਦੱਸਿਆ ਕਿ ਮਹੀਨੇ ਵਿੱਚ ਇੱਕ ਵਾਰ ਸਵੈ ਜਾਂਚ ਜ਼ਰੂਰ ਕਰਨੀ ਚਾਹੀਦੀ ਹੈ ਅਤੇ 40 ਸਾਲ ਦੀ ਉਮਰ ਤੋਂ ਬਾਅਦ ਮੈਮੋਗ੍ਰਾਫੀ ਜਾਂਚ ਨਿਯਮਤ ਤੌਰ 'ਤੇ ਕਰਵਾਉਣੀ ਚਾਹੀਦੀ ਹੈ।

ਡਾ. ਕਿਰਨ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਸਿਹਤ ਕੇਂਦਰਾਂ ਅਤੇ ਹਸਪਤਾਲਾਂ ਵਿੱਚ ਜਾਗਰੂਕਤਾ ਕੈਂਪ, ਸਕ੍ਰੀਨਿੰਗ ਪ੍ਰੋਗਰਾਮ ਅਤੇ ਸਲਾਹ ਕੈਂਪ ਲਗਾਏ ਜਾ ਰਹੇ ਹਨ। ਇਨ੍ਹਾਂ ਕੈਂਪਾਂ ਵਿੱਚ ਮਹਿਲਾਵਾਂ ਨੂੰ ਮੁਫ਼ਤ ਜਾਂ ਘੱਟ ਦਰਾਂ 'ਤੇ ਜਾਂਚ ਦੀ ਸਹੂਲਤ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਜੱਚਾ-ਬੱਚਾ ਹਸਪਤਾਲ ਬਠਿੰਡਾ ਵਿਖੇ ਹਰੇਕ ਬੁੱਧਵਾਰ ਸਵੇਰੇ 11 ਤੋਂ ਦੁਪਹਿਰ 1 ਵਜੇ ਤੱਕ ਕਮਰਾ ਨੰਬਰ 108 ਵਿਖੇ ਬੱਚੇਦਾਨੀ ਦੇ ਮੂੰਹ ਦੇ ਕੈਂਸਰ ਦੀ ਜਾਂਚ ਮੁਫ਼ਤ ਕੀਤੀ ਜਾਂਦੀ ਹੈ।

ਡਿਪਟੀ ਮਾਸ ਮੀਡੀਆ ਅਫ਼ਸਰ ਰੋਹਿਤ ਜਿੰਦਲ ਅਤੇ ਜਿਲ੍ਹਾ ਬੀ.ਸੀ.ਸੀ ਨਰਿੰਦਰ ਕੁਮਾਰ ਨੇ ਮਹਿਲਾਵਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੀ ਸਿਹਤ ਨੂੰ ਅਣਦੇਖਾ ਨਾ ਕਰਨ ਅਤੇ ਜੇਕਰ ਕੋਈ ਲੱਛਣ ਮਹਿਸੂਸ ਹੋਣ ਤਾਂ ਤੁਰੰਤ ਡਾਕਟਰੀ ਸਲਾਹ ਲੈਣ। ਬਰੈਸਟ ਕੈਂਸਰ ਤੋਂ ਬਚਾਅ ਲਈ ਸਿਹਤਮੰਦ ਖ਼ੁਰਾਕ ਅਤੇ ਕਸਰਤ ਬਹੁਤ ਜ਼ਰੂਰੀ ਹੈ। ਸਿਹਤ ਵਿਭਾਗ ਵੱਲੋਂ ਸਭ ਮਹਿਲਾਵਾਂ ਅਤੇ ਪਰਿਵਾਰਾਂ ਨੂੰ ਅਪੀਲ ਕੀਤੀ ਗਈ ਕਿ ਉਹ ਇਸ ਜਾਗਰੂਕਤਾ ਮਹੀਨੇ ਦੌਰਾਨ ਆਪਣੇ ਆਲੇ-ਦੁਆਲੇ ਦੀਆਂ ਮਹਿਲਾਵਾਂ ਨੂੰ ਜਾਂਚ ਲਈ ਪ੍ਰੇਰਿਤ ਕਰਨ ਅਤੇ ਬਰੈਸਟ ਕੈਂਸਰ ਵਿਰੁੱਧ ਲੜਾਈ ਵਿੱਚ ਆਪਣਾ ਯੋਗਦਾਨ ਪਾਉਣ।

ਇਸ ਮੌਕੇ ਬੀ.ਈ.ਈ ਗਗਨਦੀਪ ਸਿੰਘ ਭੁੱਲਰ, ਸੁਖਵਿੰਦਰ ਸਿੰਘ ਅਤੇ ਕਰਨ ਐਨ.ਸੀ.ਡੀ ਆਦਿ ਹਾਜ਼ਰ ਸਨ।

# ਪੰਜਾਬ ਸਰਕਾਰ ਦਾ ਸਿੱਖਿਆ ਸੁਧਾਰ ਨੂੰ ਪ੍ਰਫੁੱਲਿਤ ਕਰਨ ਦਾ ਜਿਕਰਯੋਗ ਉਪਰਾਲਾ




**ਸ੍ਰੀ ਆਨੰਦਪੁਰ ਸਾਹਿਬ, 19 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ.ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ ਪੰਜਾਬ ਦੀ ਦੂਰ ਅੰਦੇਸ਼ੀ ਸੋਚ ਕਾਰਨ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਨਵੀਆ ਪੁਲਾਘਾ ਪੁੱਟ ਰਹੇ ਹਨ। ਵਿੱਦਿਆ ਦੇ ਖੇਤਰ ਵਿੱਚ ਵੀ ਜਿਕਰਯੋਗ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀ ਆਪਣੇ ਸੁਨਹਿਰੇ ਭਵਿੱਖ ਵੱਲ ਵੱਧ ਰਹੇ ਹਨ।

ਲਾ ਸਿੱਖਿਆ ਅਫਸਰ ਪ੍ਰੇਮ ਕੁਮਾਰ ਮਿੱਤਲ ਦੀ ਅਗਵਾਈ ਅਧੀਨ ਸਰਕਾਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਲੋਧੀਪੁਰ ਵਿੱਚ ਵਿਦਿਆਰਥੀਆਂ ਵੱਲੋਂ ਵਿਗਿਆਨ, ਗਣਿਤ, ਅੰਗਰੇਜ਼ੀ ਅਤੇ ਸਮਾਜਿਕ ਅਧਿਐਨ ਵਿਸ਼ਿਆਂ ਅਧਾਰਤ ਮੇਲਾ ਲਗਾਇਆ ਗਿਆ। ਮੇਲੇ ਦੀ ਅਗਵਾਈ ਪ੍ਰਿੰਸੀਪਲ ਨੀਰਜ ਕੁਮਾਰ ਵਰਮਾ ਵਲੋਂ ਕੀਤੀ ਗਈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਹੋਇਆ ਸਕੂਲ ਇੰਚਾਰਜ ਸ. ਚਰਨਜੀਤ ਸਿੰਘ ਨੇ ਦੱਸਿਆ ਕਿ ਵਿਦਿਆਰਥੀਆਂ ਨੇ ਇਸ ਮੇਲੇ ਵਿੱਚ ਵੱਖ-ਵੱਖ ਵਿਸ਼ਿਆਂ ਨਾਲ ਸਬੰਧਿਤ ਮਾਡਲ, ਚਾਰਟ ਅਤੇ ਪ੍ਰੋਜੈਕਟ ਪ੍ਰਦਰਸ਼ਿਤ ਕੀਤੇ, ਜਿਨ੍ਹਾਂ ਰਾਹੀਂ ਉਹਨਾਂ ਨੇ ਆਪਣੀ ਵਿਗਿਆਨਕ ਸੋਚ, ਗਣਿਤਕ ਕਾਬਲੀਅਤ ਅਤੇ ਰਚਨਾਤਮਕਤਾ ਦਾ ਪ੍ਰਦਰਸ਼ਨ ਕੀਤਾ। ਇਸ ਮੌਕੇ ਤੇ ਸਕੂਲ ਪ੍ਰਬੰਧਕਾਂ ਨੇ ਵਿਦਿਆਰਥੀਆਂ ਦੀ ਮਿਹਨਤ ਅਤੇ ਉਤਸ਼ਾਹ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੇ ਮੇਲੇ ਵਿਦਿਆਰਥੀਆਂ ਵਿੱਚ ਵਿਗਿਆਨ ਪ੍ਰਤੀ ਰੁਚੀ ਤੇ ਅਧਿਐਨ ਪ੍ਰਤੀ ਜੋਸ਼ ਪੈਦਾ ਕਰਦੇ ਹਨ। ਮੇਲੇ ਦੌਰਾਨ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਸਰਗਰਮ ਹਿੱਸਾ ਲਿਆ ਅਤੇ ਸਕੂਲ ਵਿੱਚ ਉਤਸ਼ਾਹਪੂਰਨ ਮਾਹੌਲ ਬਣਿਆ ਰਿਹਾ।

ਇਸ ਮੌਕੇ ਲੈਕ.ਬਲਕਾਰ ਸਿੰਘ , ਲੈਕ ਬਲਜੀਤ ਕੌਰ ,ਲੈਕ ਮੁਕੇਸ਼ ਕੁਮਾਰ, ਲੈਕ ਗੁਰਚਰਨ ਸਿੰਘ, ਲੈਕ ਸੋਹਨ ਸਿੰਘ ਚਾਹਲ, ਲੈਕ ਪਵਨ ਕੁਮਾਰ ,ਲੈਕ ਰਜਨੀਸ਼ ਕੁਮਾਰ, ਦਪਿੰਦਰ ਕੌਰ ,ਹਰਸਿਮਰਨ ਸਿੰਘ, ਗੁਰਪ੍ਰੀਤ ਕੌਰ ,ਅਜਵਿੰਦਰ ਕੌਰ, ਕਮਲਜੀਤ ਕੌਰ, ਰੋਮਿਲ, ਪਰੇਹਾ, ਸੁਰਿੰਦਰ ਪਾਲ ਸਿੰਘ, ਕਮਲਪ੍ਰੀਤ ਸਿੰਘ, ਪ੍ਰਦੀਪ ਕੌਰ, ਸੰਦੀਪਾ ਰਾਣੀ ,ਦੀਪ ਸ਼ਿਖਾ, ਲਖਵੀਰ ਕੌਰ ,ਚਰਨਜੀਤ ਕੌਰ, ਨਿਰਮਲ ਕੌਰ, ਨੇਹਾ ਰਾਣੀ, ਦਵਿੰਦਰ ਕੌਰ ,ਗੀਨਾ ਰਾਣੀ, ਗੁਰਪ੍ਰੀਤ ਸਿੰਘ, ਜਸਵੀਰ ਕੌਰ, ਕੁਲਜਿੰਦਰ ਕੌਰ ,ਸੁਖਵਿੰਦਰ ਕੌਰ ,ਰਾਜਵੀਰ ਕੌਰ , ਪਿੰਕੀ ਰਾਣੀ,ਰਣਵੀਰ ਸਿੰਘ , ਸ. ਨਿਰਮਲ ਸਿੰਘ(ਕਲਰਕ) ,ਸ. ਗੁਰਮੇਲ ਸਿੰਘ ਲਾਇਬ੍ਰੇਰੀਅਨ, ਕੰਵਲਜੀਤ ਸਿੰਘ, ਅੰਮ੍ਰਿਤਪਾਲ ਸਿੰਘ, ਅਮਰਜੀਤ ਸਿੰਘ, ਗਗਨ ਕੁਮਾਰ, ਸੁਰਜੀਤ ਸਿੰਘ, ਵਰੁਣ ਕੁਮਾਰ, ਅਦਰਸ਼ ਕੁਮਾਰ, ਹਰਜੋਤ ਸਿੰਘ, ਰਮਾ ਕੁਮਾਰੀ, ਸ਼ਰਨਜੀਤ ਕੌਰ, ਰਜਨੀ, ਸੋਨੀਆ, ਗੁਰਪ੍ਰੀਤ ਕੌਰ, ਸੀਮਾ ਦੇਵੀ, ਜਸਵਿੰਦਰ ਕੌਰ, ਮਨੀਤਾ ਰਾਣੀ ਆਦਿ ਹਾਜ਼ਰ ਸਨ।

# ਗ੍ਰੀਨ ਦੀਵਾਲੀ ਸਮਾਗਮ ਮਨਾਇਆ



**ਬਠਿੰਡਾ, 19 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਨਮ ਕੰਸਲਟੈਂਟ ਵੱਲੋਂ ਸਥਾਨਕ ਅਜੀਤ ਰੋਡ ਦਫ਼ਤਰ 'ਚ ਗ੍ਰੀਨ ਦੀਵਾਲੀ ਸਮਾਗਮ ਮਨਾਇਆ ਗਿਆ। ਇਸ ਮੌਕੇ ਏ.ਆਈ.ਜੀ ਅਵਨੀਤ ਕੌਰ ਸਿੱਧੂ ਵਲੋਂ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ। ਸਮਾਗਮ ਦਾ ਮੁੱਖ ਉਦੇਸ਼ ਲੋਕਾਂ ਨੂੰ ਪ੍ਰਦੂਸ਼ਣ ਰਹਿਤ ਤੇ ਵਾਤਾਵਰਣ ਦੀ ਸ਼ੁੱਧਤਾ ਨੂੰ ਬਰਕਰਾਰ ਰੱਖਣ ਦੇ ਮੱਦੇਨਜ਼ਰ ਗ੍ਰੀਨ ਦੀਵਾਲੀ ਮਨਾਉਣ ਲਈ ਆਮ ਲੋਕਾਂ ਨੂੰ ਜਾਗਰੂਕ ਕਰਨਾ ਸੀ। ਇਸ ਮੌਕੇ ਏ.ਆਈ.ਜੀ ਅਵਨੀਤ ਕੌਰ ਸਿੱਧੂ ਨੇ ਗ੍ਰੀਨ ਦੀਵਾਲੀ ਪਲੇਜ ਬੋਰਡ 'ਤੇ ਦਸਤਖ਼ਤ ਕਰਦਿਆਂ ਪ੍ਰਦੂਸ਼ਣ ਮੁਕਤ ਤੇ ਸਾਫ਼-ਸੁਥਰੀ ਗ੍ਰੀਨ ਦੀਵਾਲੀ ਮਨਾਉਣ ਦਾ ਅਹਿਦ ਲਿਆ।

ਇਸ ਦੌਰਾਨ ਮੈਡਮ ਅਵਨੀਤ ਕੌਰ ਸਿੱਧੂ ਨੇ ਕੈਨਮ ਕੰਸਲਟੈਂਟ ਦੀ ਇਸ ਪਹਿਲ ਦੀ ਪ੍ਰਸ਼ੰਸਾ ਕਰਦਿਆਂ ਸਾਰਿਆਂ ਨੂੰ ਪਟਾਕਿਆਂ ਤੋਂ ਦੂਰ ਰਹਿ ਕੇ, ਪ੍ਰਕਾਸ਼ ਤੇ ਖੁਸ਼ੀ ਨਾਲ ਭਰਪੂਰ ਗ੍ਰੀਨ ਦੀਵਾਲੀ ਮਨਾਉਣ ਦੀ ਅਪੀਲ ਕੀਤੀ। ਉਨ੍ਹਾਂ ਆਮ ਲੋਕਾਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ ਤਾਂ ਜੋ ਵਾਤਾਵਰਣ ਸ਼ੁੱਧ ਰਹਿ ਸਕੇ ਅਤੇ ਸਾਡੀ ਆਉਣ ਵਾਲੀ ਪੀੜੀ ਸੁਰੱਖਿਅਤ ਰਹੇ। ਇਸ ਦੌਰਾਨ ਕੈਨਮ ਵੱਲੋਂ ਮੁਫ਼ਤ ਪੌਦੇ ਵੀ ਵੰਡੇ ਗਏ। ਇਸ ਦੌਰਾਨ ਵਿਦਿਆਰਥੀਆਂ ਤੇ ਆਮ ਲੋਕਾਂ ਨੇ ਉਤਸ਼ਾਹ ਨਾਲ ਪੌਦੇ ਪ੍ਰਾਪਤ ਕੀਤੇ ਅਤੇ ਗ੍ਰੀਨ ਮੁਹਿੰਮ ਵਿੱਚ ਹਿੱਸਾ ਲਿਆ।

ਕੈਨਮ ਕੰਸਲਟੈਂਟ ਦੇ ਨੁਮਾਇੰਦਿਆਂ ਨੇ ਦੱਸਿਆ ਕਿ ਕੰਪਨੀ ਹਮੇਸ਼ਾਂ ਸਮਾਜਿਕ ਜ਼ਿੰਮੇਵਾਰੀ ਅਤੇ ਵਾਤਾਵਰਣ ਦੇ ਬਚਾਅ ਲਈ ਕੰਮ ਕਰਦੀ ਰਹੀ ਹੈ। ਗ੍ਰੀਨ ਦੀਵਾਲੀ ਮੁਹਿੰਮ ਦਾ ਉਦੇਸ਼ ਲੋਕਾਂ ਵਿਚ ਸਾਵਧਾਨੀ ਅਤੇ ਜ਼ਿੰਮੇਵਾਰੀ ਦੀ ਭਾਵਨਾ ਨੂੰ ਜਗਾਉਣਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਹ ਸਮਾਗਮ 17 ਅਕਤੂਬਰ 2025 ਤੱਕ ਜਾਰੀ ਰਹੇਗਾ। ਇਸ ਦੌਰਾਨ ਕੈਨਮ ਵੱਲੋਂ ਅਪੀਲ ਕਰਦਿਆਂ ਕਿਹਾ ਕਿ ਉਹ ਵੀ ਇਸ ਮੁਹਿੰਮ ਦਾ ਹਿੱਸਾ ਬਣ ਕੇ, ਹਰੀ-ਭਰੀ 'ਤੇ ਖੁਸ਼ਹਾਲ ਦੀਵਾਲੀ ਮਨਾਉਣ।

# ਸੀ-ਪਾਈਟ ਸੈਂਟਰ ਕਾਲਝਰਾਣੀ ਵਿਖੇ ਪਲੇਸਮੈਂਟ ਕੈਂਪ ਲਗਾਇਆ

**ਬਠਿੰਡਾ, 19 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਰੋਜਗਾਰ ਦੇਣ ਅਤੇ ਸਵੈ-ਰੋਜ਼ਗਾਰ ਦੇ ਕਾਬਿਲ ਬਣਾਉਣ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ।

ਇਸੇ ਲੜੀ ਦੇ ਤਹਿਤ ਸੀ-ਪਾਈਟ ਸੈਂਟਰ ਕਾਲਝਰਾਣੀ ਵਿਖੇ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਗਿਆ। ਇਹ ਜਾਣਕਾਰੀ ਡੀਸੀ ਰਾਜੇਸ਼ ਧੀਮਾਨ ਨੇ ਸਾਂਝੀ ਕੀਤੀ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ (ਵਿਕਾਸ)-ਕਮ-ਸੀ.ਈ.ਓ. ਡੀ.ਬੀ.ਈ.ਈ. ਮੈਡਮ ਕੰਚਨ ਨੇ ਦੱਸਿਆ ਕਿ ਪਲੇਸਮੈਂਟ ਕੈਂਪ ਵਿੱਚ ਚੈਕਮੇਟ ਸਕਿਊਰਿਟੀ ਲਿਮਟਿਡ ਵੱਲੋਂ ਸਕਿਊਰਿਟੀ ਗਾਰਡ ਦੀਆਂ ਅਸਾਮੀਆਂ ਚੋਣ ਕੀਤੀ ਗਈ।

ਇਸ ਪਲੇਸਮੈਂਟ ਕੈਂਪ ਵਿੱਚ ਕੁੱਲ 204 ਪ੍ਰਾਰਥੀਆਂ ਵੱਲੋਂ ਭਾਗ ਲਿਆ ਗਿਆ ਅਤੇ ਕੁੱਲ 76 ਪ੍ਰਾਰਥੀਆਂ ਨੂੰ ਸੌਰਟ ਲਿਸਟ ਕੀਤਾ ਗਿਆ।

ਇਸ ਦੌਰਾਨ ਕਰੀਅਰ ਕੌਂਸਲਰ ਸ਼੍ਰੀ ਵਿਸ਼ਾਲ ਚਾਵਲਾ ਨੇ ਦੱਸਿਆ ਕਿ ਸਕਿਊਰਿਟੀ ਗਾਰਡ ਦੀਆਂ ਅਸਾਮੀਆਂ ਦੀ ਨਿਯੁਕਤੀ ਪੰਜਾਬ ਅਤੇ ਗੁਜਰਾਤ ਲਈ ਕੀਤੀ ਗਈ ਹੈ ਤੇ ਚੁਣੇ ਪ੍ਰਾਰਥੀਆਂ ਨੂੰ 16 ਤੋਂ 20 ਹਜ਼ਾਰ ਰੁਪਏ ਪ੍ਰਤੀ ਮਹੀਨਾਂ ਦੀ ਤਨਖਾਹ ਦਿੱਤੀ ਜਾਵੇਗੀ।

ਪ੍ਰਬੰਧਕੀ ਸ਼ਾਖਾ ਤੋਂ ਬਲਤੇਜ ਸਿੰਘ ਨੇ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਵੀ ਇਸ ਤਰ੍ਹਾਂ ਦੇ ਪਲੇਸਮੈਂਟ ਕੈਂਪਾ ਦਾ ਆਯੋਜਨ ਕੀਤਾ ਜਾਵੇਗਾ, ਜਿਸ ਲਈ ਪ੍ਰਾਰਥੀ ਰੋਜਗਾਰ ਦਫਤਰ ਦੇ ਟੈਲੀਗ੍ਰਾਮ ਚੈਨਲ ਡੀ.ਬੀ.ਈ.ਈ. ਬਠਿੰਡਾ ਨੂੰ ਜੁਆਇੰਨ ਕਰ ਸਕਦੇ ਹਨ।

ਇਸ ਮੌਕੇ ਸੀ-ਪਾਈਟ ਸੰਸਥਾਂ ਦੇ ਸੈਂਟਰ ਹੈੱਡ ਸ਼੍ਰੀ ਲਖਵਿੰਦਰ ਸਿੰਘ ਨੇ ਚੈਕਮੇਟ ਸਕਿਊਰਿਟੀ ਬਠਿੰਡਾ ਤੇ ਰੋਜਗਾਰ ਦਫਤਰ ਤੋਂ ਪਹੁੰਚੇ ਪਤਵੰਤਿਆਂ ਦਾ ਦਿਲੋਂ ਧੰਨਵਾਦ ਕੀਤਾ।

# ਜ਼ਿਲਾ ਤਰਨ ਤਾਰਨ ਦੇ ਵਿੱਚ 142833 ਬੱਚਿਆਂ ਨੂੰ ਪਿਲਾਈਆਂ ਗਈਆਂ ਪਲਸ ਪੋਲੀਓ ਬੂੰਦਾਂ: ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ

**ਤਰਨ ਤਾਰਨ, 19 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਡਾਇਰੈਕਟਰ ਸਿਹਤ ਸੇਵਾਵਾਂ ਪੰਜਾਬ ਅਤੇ ਜ਼ਿਲਾ ਤਰਨ ਤਾਰਨ ਦੇ ਡਿਪਟੀ ਕਮਿਸ਼ਨਰ ਸ਼੍ਰੀ ਰਾਹੁਲ ਜੀ ਵੱਲੋਂ ਪ੍ਰਾਪਤ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਹੋਇਆਂ ਜ਼ਿਲੇ ਦੇ ਸਿਵਲ ਸਰਜਨ, ਡਾ. ਗੁਰਪ੍ਰੀਤ ਸਿੰਘ ਰਾਏ ਦੀ ਅਗਵਾਈ ਅਤੇ ਜ਼ਿਲਾ ਟੀਕਾਕਰਨ ਅਫਸਰ ਡਾਕਟਰ ਵਰਿੰਦਰ ਪਾਲ ਕੌਰ ਦੀ ਦੇਖ ਰੇਖ ਹੇਠ ਤਿੰਨ ਰੋਜ਼ਾ ਪਲਸ ਪੋਲੀਓ ਮੁਹਿੰਮ ਮੰਗਲਵਾਰ ਨੂੰ ਮੁਕੰਮਲ ਹੋਈ। ਜ਼ਿਲਾ ਟੀਕਾਕਰਨ ਅਫਸਰ ਡਾਕਟਰ ਵਰਿੰਦਰ ਪਾਲ ਕੌਰ ਅਤੇ ਵਿਸ਼ਵ ਸਿਹਤ ਸੰਸਥਾ ਦੇ ਐਸਐਮਓ ਡਾਕਟਰ ਈਸ਼ਿਤਾ ਵੱਲੋਂ ਵੱਖ ਵੱਖ ਪਿੰਡਾਂ ਦੇ ਵਿੱਚ ਜਾ ਕੇ ਪਲਸ ਪੋਲੀਓ ਮੁਹਿੰਮ ਦਾ ਨਿਰੀਖਣ ਕੀਤਾ।

ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਨੇ ਦੱਸਿਆ ਕਿ ਪਲਸ ਪੋਲੀਓ ਮੁਹਿੰਮ ਦੌਰਾਨ ਸਿਹਤ ਕਰਮੀਆਂ ਵੱਲੋਂ ਜ਼ਿਲ੍ਹਾ ਤਰਨ ਤਾਰਨ ਦੇ ਵਿੱਚ 0 ਤੋਂ 5 ਸਾਲਾਂ ਦੇ 142833 ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਗਈਆਂ।

ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਨੇ ਦੱਸਿਆ ਕਿ ਪਲਸ ਪੋਲੀਓ ਮੁਹਿੰਮ ਦੇ ਤੀਜੇ ਦਿਨ ਵੱਖ-ਵੱਖ ਟੀਮਾਂ ਵੱਲੋਂ ਵੱਲੋਂ ਘਰਾਂ, ਹਾਈ ਰਿਸਕ ਆਬਾਦੀ ਵਾਲੇ ਖੇਤਰਾਂ ਜਿਵੇਂ ਕਿ ਇੱਟਾਂ ਦੇ ਭੱਠਿਆਂ ਝੁੱਗੀਆਂ ਅਤੇ ਗੁੱਜਰਾਂ ਦੇ ਡੇਰਿਆਂ ਉੱਤੇ ਜਾ ਮੁਹਿੰਮ ਦਾ ਨਿਰੀਖਣ ਕੀਤਾ ਗਿਆ।

ਜ਼ਿਲਾ ਟੀਕਾਕਰਨ ਅਫ਼ਸਰ ਡਾਕਟਰ ਵਰਿੰਦਰ ਪਾਲ ਕੌਰ ਨੇ ਦੱਸਿਆ ਕਿ ਮੁਹਿੰਮ ਦੇ ਪਹਿਲੇ ਦਿਨ ਸਿਹਤ ਕਰਮੀਆਂ ਵੱਲੋਂ ਜ਼ਿਲੇ ਦੇ ਵੱਖ-ਵੱਖ ਪਿੰਡਾਂ ਦੇ ਵਿੱਚ ਬੂਥ ਲਗਾ ਕੇ ਬੱਚਿਆਂ ਨੂੰ ਪੋਲੀਓ ਰੋਕੂੰ ਬੂੰਦਾਂ ਪਿਲਾਈਆਂ ਗਈਆਂ। ਇਸ ਤੋਂ ਇਲਾਵਾ ਦੂਜੇ ਅਤੇ ਤੀਜੇ ਦਿਨ ਸਿਹਤ ਕਰਮੀਆਂ ਵੱਲੋਂ ਘਰ ਘਰ ਜਾ ਕੇ ਬੱਚਿਆਂ ਨੂੰ ਪੋਲੀਓ ਰੋਕੂ ਪਿਲਾਈਆਂ ਗਈਆਂ।

ਉਹਨਾਂ ਦੱਸਿਆ ਸਿਹਤ ਕਰਮੀਆਂ ਵੱਲੋਂ ਇਸ ਗੱਲ ਨੂੰ ਯਕੀਨੀ ਬਣਾਇਆ ਗਿਆ ਕਿ ਕੋਈ ਵੀ ਬੱਚਾ ਜ਼ਿਲੇ ਦੇ ਵਿੱਚ ਪੋਲੀਓ ਰਕੂ ਬੂੰਦਾਂ ਪੀਣ ਤੋਂ ਵਾਂਝਾ ਨਾ ਰਹੇ।

ਉਹਨਾਂ ਕਿਹਾ ਕਿ ਪਲਸ ਪੋਲੀਓ ਮੁਹਿੰਮ ਵਿੱਚ ਤੈਨਾਤ ਸਾਰੇ ਹੀ ਸਿਹਤ ਕਰਮੀਆਂ ਵੱਲੋਂ ਪੂਰੀ ਤਨਦੇਹੀ ਨਾਲ ਆਪਣੀ ਡਿਊਟੀ ਨਿਭਾਈ ਅਤੇ ਮਿੱਥੇ ਹੋਏ ਟੀਚੇ ਨੂੰ ਪ੍ਰਾਪਤ ਕੀਤਾ

# ਖ਼ੁਰਾਕ ਸੁਰੱਖਿਆ ਵਿੰਗ ਵੱਲੋ ਖੋਏ ਅਤੇ ਪੇਠੇ ਦੇ ਭਰੇ ਸੈਂਪਲ ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ

**ਤਰਨ ਤਾਰਨ, 19 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ ਜੀ ਵੱਲੋਂ ਪ੍ਰਾਪਤ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਹੋਇਆਂ ਕਮਿਸ਼ਨਰ (ਫੂਡ ਐਂਡ ਡਰੱਗਸ) ਪੰਜਾਬ, ਸ਼੍ਰੀ ਦਿਲਰਾਜ ਸਿੰਘ ਅਤੇ ਜ਼ਿਲਾ ਤਰਨ ਤਾਰਨ ਦੇ ਡਿਪਟੀ ਕਮਿਸ਼ਨਰ ਸ਼੍ਰੀ ਰਾਹੁਲ ਦੀ ਰਹਿਨੁਮਾਈ ਅਤੇ ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ ਦੀ ਅਗਵਾਈ ਅਤੇ ਜ਼ਿਲਾ ਸਿਹਤ ਅਫਸਰ ਡਾਕਟਰ ਸੁਖਬੀਰ ਕੌਰ ਔਲਖ ਦੀ ਦੇਖ ਰੇਖ ਹੇਠ ਜਿਲੇ ਦੇ ਖੁਰਾਕ ਸੁਰੱਖਿਆ ਵਿੰਗ ਤਿਉਹਾਰਾਂ ਦੇ ਮੌਸਮ ਦੇ ਮੱਦੇ ਨਜ਼ਰ ਮੰਗਲਵਾਰ ਨੂੰ ਤਰਨ ਤਾਰਨ ਸ਼ਹਿਰ ਤੋਂ ਇਲਾਵਾ ਜ਼ਿਲੇ ਦੇ ਵੱਖ ਵੱਖ ਕਸਬਿਆਂ ਜਿਵੇਂ ਕਿ ਜੋਧਪੁਰ, ਨੁਸ਼ਹਿਰਾ ਪਨੂਆ, ਗੋਇੰਦਵਾਲ ਸਾਹਿਬ ਅਤੇ ਕੰਗ ਵਿਖੇ ਮਿਠਾਈਆਂ ਵੇਚਣ ਵਾਲੀਆਂ ਦੁਕਾਨਾਂ ਦੀ ਜਾਂਚ ਕਰ ਖੋਏ ਅਤੇ ਅਤੇ ਪੇਠੇ ਦੇ ਸੈਂਪਲ ਅਗਲੇਰੀ ਜਾਂਚ ਲਈ ਭੇਜੇ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ ਨੇ ਦੱਸਿਆ ਕਿ ਜ਼ਿਲੇ ਦੇ ਨਾਗਰਿਕਾਂ ਦੀ ਚੰਗੀ ਸਿਹਤ ਨੂੰ ਧਿਆਨ ਵਿੱਚ ਰੱਖਦਿਆਂ ਸਿਹਤ ਵਿਭਾਗ ਦੇ ਖੁਰਾਕ ਸੁਰੱਖਿਆ ਵਿੰਗ ਵੱਲੋਂ ਖਾਣ ਪੀਣ ਦੀਆਂ ਵਸਤੂਆਂ ਵੇਚਣ ਵਾਲੀਆਂ ਦੁਕਾਨਾਂ ਅਤੇ ਰੇਹੜੀਆਂ ਦੀ ਜਾਂਚ ਕੀਤੀ ਜਾਂਦੀ ਹੈ ਅਤੇ ਇਸੇ ਲੜੀ ਤਹਿਤ ਵਿੰਗ ਵੱਲੋਂ ਡੇਅਰੀਆਂ ਅਤੇ ਮਿਠਾਈਆਂ ਵਾਲੀਆਂ ਦੁਕਾਨਾਂ ਦੀ ਜਾਂਚ ਕੀਤੀ ਗਈ। ਉਹਨਾਂ ਕਿਹਾ ਕਿ ਨਾਗਰਿਕਾਂ ਦੀ ਸਿਹਤ ਨਾਲ ਖਿਲਵਾੜ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਜੇਕਰ ਕੋਈ ਵੀ ਡੇਅਰੀ ਮਾਲਕ, ਹਲਵਾਈ, ਰੈਸਟੋਰੈਂਟ, ਢਾਬੇ ਜਾਂ ਫਿਰ ਰੇਹੜੀਆਂ ਵਾਲੇ ਘੱਟੀਆ ਪੱਧਰ ਦਾ ਸਮਾਨ ਵੇਚਦੇ ਪਾਏ ਗਏ ਤਾਂ ਉਸ ਵਿਰੁੱਧ ਢੁਕਵੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਜ਼ਿਲ੍ਹਾ ਸਿਹਤ ਅਫ਼ਸਰ ਡਾਕਟਰ ਸੁਖਬੀਰ ਕੌਰ ਨੇ ਕਿਹਾ ਵਿਭਾਗ ਦੀ ਟੀਮ ਵੱਲੋਂ ਮਿਠਾਈਆਂ ਵਾਲੀਆਂ ਦੁਕਾਨਾਂ ਦੀ ਜਾਂਚ ਕਰਕੇ ਪੇਠੇ ਅਤੇ ਪਨੀਰ ਦੇ ਸੈਂਪਲਾਂ ਨੂੰ ਅਗਲੇਰੀ ਜਾਂਚ ਲਈ ਭੇਜਿਆ ਹੈ। ਉਹਨਾਂ ਦੱਸਿਆ ਕਿ ਖੁਰਾਕ ਸੁਰੱਖਿਆ ਵਿੰਗ ਵੱਲੋ ਪੇਠੇ ਅਤੇ ਪਨੀਰ ਦੇ 4 ਸੈਂਪਲਾਂ ਨੂੰ ਖਰੜ ਲੈਬੋਰਟਰੀ ਵਿਖੇ ਭੇਜੇ ਗਏ ਹਨ। ਉਨ੍ਹਾਂ ਦੱਸਿਆ ਕਿ ਇੱਕ ਦੁਕਾਨਦਾਰ ਨੂੰ ਸੁਧਾਰ ਨੋਟਿਸ ਵੀ ਜਾਰੀ ਕੀਤਾ ਗਿਆ ਹੈ।

ਜ਼ਿਲਾ ਸਿਹਤ ਅਫਸਰ ਡਾਕਟਰ ਸੁਖਬੀਰ ਕੌਰ ਨੇ ਕਿਹਾ ਕਿ ਮੌਜੂਦਾ ਮੌਸਮ ਨੂੰ ਧਿਆਨ ਵਿੱਚ ਰੱਖਦਿਆਂ ਡੇਅਰੀ ਮਾਲਕਾਂ ਅਤੇ ਹਲਵਾਈਆਂ ਨੂੰ ਸਾਫ ਸਫਾਈ ਦਾ ਵਿਸ਼ੇਸ਼ ਧਿਆਨ ਰੱਖਣ ਦੀ ਹਦਾਇਤ ਕੀਤੀ ਗਈ ਅਤੇ ਉਹਨਾਂ ਨੂੰ ਹਦਾਇਤ ਕੀਤੀ ਗਈ ਕਿ ਕੰਮ ਕਾਜ ਵਾਲੇ ਸਥਾਨ ਤੇ ਪਾਣੀ ਨੂੰ ਇਕੱਠਾ ਨਾ ਹੋਣ ਦੇਣ ਤਾਂ ਜੋ ਮੱਖੀ ਮੱਛਰ ਦੇ ਪੈਦਾ ਹੋਣ ਦਾ ਖਦਸਾ ਨਾ ਬਣੇ।

ਜਿਲਾ ਸਿਹਤ ਅਫਸਰ ਡਾਕਟਰ ਸੁਖਬੀਰ ਕੌਰ ਨੇ ਦੱਸਿਆ ਕਿ ਹਲਵਾਈਆਂ ਨੂੰ ਮਿਠਾਈਆਂ ਵਾਸਤੇ ਸਿਰਫ ਭਾਰਤੀ ਖੁਰਾਕ ਸੁਰੱਖਿਆ ਅਤੇ ਮਾਪਢੰਡ ਅਥਾਰਟੀ ਵੱਲੋਂ ਮਨਜ਼ੂਰਸ਼ੁਦਾ ਰੰਗ ਵਰਤਣ ਦੀ ਹਿਦਾਇਤ ਜਾਰੀ ਕੀਤੀ ਗਈ।

ਉਹਨਾਂ ਕਿਹਾ ਕਿ ਖਾਣ ਪੀਣ ਦੀਆਂ ਵਸਤੂਆਂ ਵੇਚਣ ਵਾਲਿਆਂ ਨੂੰ ਵਸਤੂਆਂ ਲਈ ਲੋੜੀਂਦਾ ਤਾਪਮਾਨ ਬਰਕਰਾਰ ਰੱਖਣ ਦੀ ਹਦਾਇਤ ਕੀਤੀ ਗਈ ਤਾਂ ਜੋ ਵਸਤੂਆਂ ਖਰਾਬ ਨਾ ਹੋਣ।

ਇਸ ਮੌਕੇ ਫੂਡ ਸੇਫਟੀ ਅਫਸਰ ਅਸ਼ਵਨੀ ਕੁਮਾਰ ਅਤੇ ਸਾਕਸ਼ੀ ਖੋਸਲਾ ਵੀ ਮੌਜੂਦ ਰਹੇ।

# ਖੇਤੀਬਾੜੀ ਵਿਭਾਗ ਵੱਲੋ ਪਿੰਡ ਖੂਈਆਂ ਸਰਵਰ ਵਿਖੇ ਕਿਸਾਨ ਜਾਗਰੂਕਤਾ ਕੈਂਪ ਲਗਾਇਆ



**ਫਾਜ਼ਿਲਕਾ,19 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਖੂਈਆਂ ਸਰਵਰ ਵਿੱਚ ਸੀਆਰ ਐਮ ਸਕੀਮ ਅਧੀਨ ਪਿੰਡ ਪੱਧਰੀ ਕੈਂਪ ਲਗਾਇਆ ਗਿਆ ਜਿਸ ਵਿੱਚ ਖੇਤੀਬਾੜੀ ਵਿਭਾਗ ਤੋਂ ਏਡੀਓ ਗਗਨਦੀਪ, ਏ ਐਸ ਆਈ ਪੁਰਖਾ ਰਾਮ ਅਤੇ ਕੋਪਰੇਟਿਵ ਸੁਸਾਇਟੀ ਤੋਂ ਨਰੇਸ਼ ਕੁਮਾਰ ਸੈਕਟਰੀ ਹਾਜ਼ਰ ਸਨ।

ਏਡੀਓ ਗਗਨਦੀਪ ਵੱਲੋਂ ਝੋਨੇ ਦੀ ਪਰਾਲੀ ਪ੍ਰਬੰਧਨ ਦੇ ਵੱਖ-ਵੱਖ ਢੰਗਾਂ ਬਾਰੇ ਕਿਸਾਨਾਂ ਨੂੰ ਜਾਗਰੂਕ ਕਰਵਾਇਆ ਗਿਆ ਅਤੇ ਨਾਲ ਹੀ ਕਪਾਸ ਕਿਸਾਨ ਐਪ ਵਿੱਚ ਰਜਿਸਟਰੇਸ਼ਨ ਸਬੰਧੀ ਵੀ ਜਾਣਕਾਰੀ ਦਿੱਤੀ ਗਈ।

ਇਸ ਤੋਂ ਇਲਾਵਾ ਉਹਨਾਂ ਵੱਲੋਂ ਹਾੜੀ ਦੀਆਂ ਫਸਲਾਂ ਦੀ ਕਾਸ਼ਤ ਸਬੰਧੀ ਜਾਣਕਾਰੀ, ਪੰਜਾਬ ਸਰਕਾਰ ਵਲੋਂ ਹੜ ਪ੍ਰਭਾਵਿਤ ਅਤੇ ਹੜ ਰਹਿਤ ਰਕਬੇ ਵਿੱਚ ਕਣਕ ਦੇ ਬੀਜ ਦੀ ਵੰਡ ਅਤੇ ਸਬਸਿਡੀ ਤੋਂ ਇਲਾਵਾ ਵੱਖ-ਵੱਖ ਮਹਿਕਮੇ ਦੀਆਂ ਸਕੀਮਾਂ ਸਬੰਧੀ ਕਿਸਾਨਾਂ ਨੂੰ ਜਾਗਰੂਕ ਕੀਤਾ ਗਿਆ।

# ਵਿਧਾਇਕ ਨੇ 30 ਲੱਖ ਦੀ ਲਾਗਤ ਨਾਲ ਸੈਡ ਦਾ ਰੱਖਿਆ ਨੀਂਹ ਪੱਥਰ

**ਫਾਜ਼ਿਲਕਾ,19 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਰਹਿਨੁਮਾਈ ਹੇਠ ਅਤੇ ਚੇਅਰਮੈਨ ਪੰਜਾਬ ਮੰਡੀ ਬੋਰਡ ਸ. ਹਰਚੰਦ ਸਿੰਘ ਬਰਸਟ ਦੀ ਅਗਵਾਈ ਹੇਠ ਫਾਜਿਲਕਾ ਦੇ ਵਿਧਾਇਕ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਨੇ ਲਗਭਗ 30 ਲੱਖ ਦੀ ਲਾਗਤ ਨਾਲ ਪਿੰਡ ਪੱਕਾ ਚਿਸਤੀ ਦੇ ਦਾਣਾ ਮੰਡੀ ਵਿਖੇ 50*100 ਸੈਡ ਦਾ ਨੀਂਹ ਪੱਥਰ ਰੱਖਿਆ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਮੰਗ ਅਨੁਸਾਰ ਪਹਿਲਾ ਪਿੰਡ ਪੱਕਾ ਚਿਸਤੀ ਵਿਖੇ ਲਗਭਗ 90 ਲੱਖ ਦੀ ਲਾਗਤ ਨਾਲ ਦਾਨਾ ਮੰਡੀ ਬਣਾਈ ਗਈ ਤੇ ਉਨ੍ਹਾਂ ਦੀ ਮੰਗ ਸੀ ਕਿ ਪਿੰਡ ਦੀ ਦਾਨਾ ਮੰਡੀ ਵਿਖੇ ਸੈਡ ਬਣਾਏ ਜਾਣ। ਜਿਸ ਨੂੰ ਅੱਜ ਉਨ੍ਹਾਂ ਦੀ ਸਰਕਾਰ ਨੇ ਪੂਰਾ ਕਰ ਦਿੱਤਾ ਗਿਆ ਹੈ।

ਇਸ ਮੌਕੇ ਬੋਲਦਿਆਂ ਵਿਧਾਇਕ ਨੇ ਕਿਹਾ ਕਿ ਉਹ ਮਾਣਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਧੰਨਵਾਦੀ ਹਨ ਜਿਨ੍ਹਾਂ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਸਰਵਪੱਖੀ ਵਿਕਾਸ ਕਰਨ ਵਿੱਚ ਲੱਗੀ ਹੋਈ ਹੈ ਤੇ ਪਿੰਡਾਂ ਦੀਆਂ ਸੜਕਾਂ ਗਲੀਆਂ, ਨਾਲੀਆਂ ਤੇ ਛੱਪੜਾਂ ਤੋਂ ਇਲਾਵਾਂ ਸੈਡ ਵੀ ਬਣਾਏ ਜਾ ਰਿਹਾ ਹੈ ਤੇ ਪਿੰਡਾਂ ਨੂੰ ਵੀ ਸ਼ਹਿਰੀ ਦਿੱਖ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਹਲਕੇ ਦਾ ਕੋਈ ਵੀ ਪਿੰਡ ਵਿਕਾਸ ਪੱਖੋਂ ਵਾਂਝਾ ਨਹੀਂ ਰਹਿਣ ਦਿੱਤਾ ਜਾਵੇਗਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕੋਲ ਫੰਡਾਂ ਦੀ ਕੋਈ ਘਾਟ ਨਹੀਂ ਹੈ

# ਸਿਹਤ ਵਿਭਾਗ ਵੱਲੋਂ ਪਲਸ ਪੋਲੀਓ ਮੁਹਿੰਮ ਸਫਲਤਾਪੂਰਵਕ ਮੁਕੰਮਲ

**ਫਾਜ਼ਿਲਕਾ,19 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਾਕਟਰ ਰੋਹਿਤ ਗੋਇਲ ਸਿਵਲ ਸਰਜਨ ਦੀ ਅਗਵਾਈ ਵਿੱਚ ਡਾਕਟਰ ਰਿੰਕੂ ਚਾਵਲਾ ਜਿਲ੍ਹਾ ਟੀਕਾਕਰਨ ਅਫ਼ਸਰ ਅਤੇ ਡਾਕਟਰ ਅਰਪਿਤ ਗੁਪਤਾ ਸਹਾਇਕ ਸਿਵਲ ਸਰਜਨ ਦੀ ਦੇਖ ਰੇਖ ਵਿੱਚ ਚੱਲ ਰਹੀ ਅੱਜ ਪਲਸ ਪੋਲੀਓ ਮੁਹਿੰਮ ਸਫਲਤਾਪੂਰਵਕ ਮੁਕੰਮਲ ਹੋ ਗਈ। ਰਾਊਂਡ ਦੇ ਤੀਸਰੇ ਦਿਨ 26792 ਬੱਚਿਆਂ ਨੂੰ ਪੋਲੀਓ ਬੂੰਦਾਂ ਪਿਲਾਈਆਂ ਗਈਆਂ।

ਡਾ. ਰੋਹਿਤ ਗੋਇਲ ਅਤੇ ਡਾ. ਅਰਪਿਤ ਗੁਪਤਾ ਨੇ ਦੱਸਿਆ ਕਿ ਸਿਹਤ ਕਰਮੀਆਂ, ਆਸ਼ਾ ਵਰਕਰਾਂ, ਆਂਗਣਵਾੜੀ ਵਰਕਰਾਂ, ਵਲੰਟੀਅਰਾਂ ਆਦਿ ਦੇ ਸਹਿਯੋਗ ਨਾਲ ਲਗਭਗ 100 ਪ੍ਰਤੀਸ਼ਤ ਟੀਚਾ ਹਾਸਿਲ ਕੀਤਾ ਗਿਆ। ਉਹਨਾਂ ਸਾਰੀਆਂ ਸਮਾਜਸੇਵੀ ਸੰਸਥਾਵਾਂ, ਮੀਡੀਆ ਅਤੇ ਲੋਕਾਂ ਦਾ ਇਸ ਮੁਹਿੰਮ ਵਿੱਚ ਸਿਹਤ ਵਿਭਾਗ ਦਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ।

# ਚੋਣ ਜ਼ਾਬਤੇ ਦੀ ਉਲੰਘਣਾ ਸਬੰਧੀ ਕਿਸੇ ਵੀ ਕਿਸਮ ਦੀ ਸ਼ਿਕਾਇਤ ਸੀ-ਵਿਜ਼ਲ ਐਪ ਉੱਪਰ ਕੀਤੀ ਜਾ ਸਕਦੀ ਹੈ - ਜ਼ਿਲ੍ਹਾ ਚੋਣ ਅਧਿਕਾਰੀ

**ਤਰਨ ਤਾਰਨ, 19 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਚੋਣ ਕਮਿਸ਼ਨ ਵੱਲੋਂ ਤਿਆਰ ਕੀਤੀ ਗਈ ਸੀ-ਵਿਜ਼ਲ ਐਪ ਰਾਹੀਂ ਲੋਕ ਚੋਣਾਂ ਵਿਚ ਵੋਟਿੰਗ ਪ੍ਰਕਿਰਿਆ ਜਾਂ ਚੋਣ ਜ਼ਾਬਤੇ ਦੀ ਉਲੰਘਣਾ ਸਬੰਧੀ ਕਿਸੇ ਕਿਸਮ ਦੀ ਸ਼ਿਕਾਇਤ ਬਾਰੇ ਫ਼ੋਟੋ/ਵੀਡੀਓ ਸਿੱਧੇ ਤੌਰ ਤੇ ਕਮਿਸ਼ਨ ਪਾਸ ਭੇਜਣ ਦੇ ਸਮਰੱਥ ਹਨ। ਸੀ-ਵਿਜ਼ਲ ਐਪ ਤੇ ਪ੍ਰਾਪਤ ਹੁੰਦੀ ਸ਼ਿਕਾਇਤ ਤੇ 100 ਮਿੰਟ ਦੇ ਅੰਦਰ-ਅੰਦਰ ਹੀ ਕਾਰਵਾਈ ਕੀਤੀ ਜਾਂਦੀ ਹੈ ਅਤੇ ਸਬੰਧਿਤ ਸ਼ਿਕਾਇਤਕਰਤਾ ਨੂੰ ਵੀ ਸੂਚਿਤ ਕੀਤਾ ਜਾਂਦਾ ਹੈ।ਜ਼ਿਲ੍ਹਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ ਨੇ ਸੀ-ਵਿਜ਼ਲ ਐਪ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੋਈ ਵੀ ਵਿਅਕਤੀ ਆਪਣੇ ਫ਼ੋਨ ਵਿਚ ਸੀ-ਵਿਜ਼ਲ ਐਪ ਡਾਊਨਲੋਡ ਕਰਕੇ ਕਿਸੇ ਵੀ ਤਰਾਂ ਦੀ ਚੋਣ ਜ਼ਾਬਤੇ ਦੀ ਉਲੰਘਣਾ ਦੀ ਸ਼ਿਕਾਇਤ ਇਸ ਐਪ ਰਾਹੀਂ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਐਪ ਤੇ ਸ਼ਰਾਰਤੀ ਅਨਸਰਾਂ ਸਮੇਤ ਵੋਟਾਂ ਖ਼ਰੀਦਣ ਲਈ ਸ਼ਰਾਬ, ਨਸ਼ੇ ਤੇ ਪੈਸੇ ਵੰਡਣ ਵਾਲਿਆਂ ਦੀ ਸ਼ਿਕਾਇਤ ਵੀ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਵੋਟਰ ਹੈਲਪ ਲਾਈਨ ਨੰਬਰ 1950 ਉੱਤੇ ਵੀ ਸ਼ਿਕਾਇਤ ਜਾਂ ਵੋਟਾਂ ਸਬੰਧੀ ਸਹਾਇਤਾ ਲਈ ਸੰਪਰਕ ਕੀਤਾ ਜਾ ਸਕਦਾ ਹੈ।

# ਪਟਿਆਲਾ ਪੁਲਿਸ ਵੱਲੋਂ ਨਸ਼ਿਆਂ ਦੇ ਵੱਡੇ ਮੱਗਰਮੱਛਾਂ ਨੂੰ ਪਾਈਂ ਜਾ ਰਹੀ ਹੈ ਨਕੇਲ : ਐਸ ਐਸ ਪੀ ਵਰੁਣ ਸ਼ਰਮਾ



ਪਟਿਆਲਾ, 19 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਅਤੇ ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਜੋ ਕਿ ਲੰਮੇ ਸਮੇਂ ਤੋਂ ਨਸ਼ਿਆਂ ਵਿਰੁੱਧ ਕੰਮ ਕਰ ਰਹੀਆਂ ਹਨ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ,ਯੂਵਕ ਸੇਵਾਵਾਂ ਕਲੱਬ ਦੀਪ ਨਗਰ ਦੀ ਟੀਮ ਨੇ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੌਸਲਿੰਗ ਸੈਲ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਐਸ ਐਸ ਪੀ ਪਟਿਆਲਾ ਵਰੁਣ ਸ਼ਰਮਾ ਨਾਲ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਕੀਤੇ ਜਾ ਰਹੇ ਕੰਮਾਂ ਦੀ ਜਾਣਕਾਰੀ ਦੇਣ ਲਈ ਮੁਲਾਕਾਤ ਕੀਤੀ ਅਤੇ ਦੱਸਿਆ ਕਿ ਉਹਨਾਂ ਦੀਆਂ ਸਮਾਜ ਸੇਵੀ ਸੰਸਥਾਵਾਂ , ਯੁੱਧ ਨਸ਼ਿਆਂ ਵਿਰੁੱਧ ਮੁਹਿੰਮ,ਨਸ਼ਾ ਮੁਕਤ ਭਾਰਤ ਅਭਿਆਨ ਅਤੇ ਰੰਗਲਾ ਪੰਜਾਬ ਨਸ਼ਾ ਮੁਕਤ ਪੰਜਾਬ ਮੁਹਿੰਮ ਤਹਿਤ ਦੋ ਸਾਲਾਂ ਵਿਚ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਵਿੱਚ ਤਕਰੀਬ 400 ਤੋਂ ਉਪਰ ਸੈਮੀਨਾਰ, ਰੈਲੀਆਂ, ਨੁੱਕੜ ਨਾਟਕਾਂ ਦਾ ਆਯੋਜਨ ਪੁਲਿਸ ਪ੍ਰਸ਼ਾਸਨ ਦੇ ਸਹਿਯੋਗ ਨਾਲ ਕਰ ਚੁੱਕੀਆਂ ਹਨ ਅਤੇ ਨੌਜਵਾਨਾ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਦੱਸਿਆ ਕਿ ਉਹਨਾਂ ਦੀ ਟੀਮ ਪਿਛਲੇ 12 ਸਾਲਾਂ ਤੋਂ ਨਸ਼ਿਆਂ ਵਿਰੁੱਧ ਤਕਰੀਬਨ 3000 ਤੋਂ ਵੱਧ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕਰ ਚੁੱਕੀ ਹੈ ਅਤੇ ਨੌਜਵਾਨਾ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰ ਰਹੀ ਹੈ। ਇਸ ਮੌਕੇ ਐਸ ਐਸ ਪੀ ਪਟਿਆਲਾ ਵਰੁਣ ਸ਼ਰਮਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮਾਨਯੋਗ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਅਤੇ ਡਾਇਰੈਕਟਰ ਜਨਰਲ ਆਫ਼ ਪੁਲਿਸ ਗੌਰਵ ਯਾਦਵ, ਡੀ ਆਈ ਜੀ ਪਟਿਆਲਾ ਰੇਂਜ ਕੁਲਦੀਪ ਸਿੰਘ ਚਾਹਲ ਦੀ ਅਗਵਾਈ ਹੇਠ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪਬਲਿਕ ਨੂੰ ਅੱਗੇ ਆ ਕੇ ਸਹਿਯੋਗ ਕਰਨਾ ਚਾਹੀਦਾ ਹੈ ਤਾਂ ਹੀ ਅਸੀਂ ਆਪਣੇ ਬੱਚਿਆਂ ਨੂੰ ਨਸ਼ਿਆਂ ਤੋਂ ਬਚਾਉਣ ਵਿਚ ਸਫ਼ਲ ਹੋ ਸਕਾਂਗੇ। ਉਹਨਾਂ ਕਿਹਾ ਕਿ ਨੌਜਵਾਨਾਂ ਅਤੇ ਪਬਲਿਕ ਨੂੰ ਨਸ਼ਿਆਂ ਵਿਰੁੱਧ ਜ਼ਮੀਨੀ ਪੱਧਰ ਤੇ ਜਾ ਕੇ ਜਾਗਰੂਕ ਕੀਤਾ ਜਾ ਰਿਹਾ ਹੈ।

ਉਹਨਾਂ ਕਿਹਾ ਕਿ ਪਟਿਆਲਾ ਪੁਲਿਸ ਵੱਲੋਂ ਨਸ਼ਿਆਂ ਦੇ ਵੱਡੇ ਮੱਗਰਮੱਛਾਂ ਨੂੰ ਨਕੇਲ ਪਾਈ ਜਾ ਰਹੀ ਹੈ। ਉਹਨਾਂ ਕਿਹਾ ਕਿ ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ ਤੇ ਨਹੀਂ ਬਖਸ਼ਿਆ ਜਾਵੇਗਾ ਅਤੇ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਕੁਰਕ ਕੀਤੀਆਂ ਜਾ ਰਹੀਆਂ ਹਨ, ਅਤੇ ਅੱਗੇ ਤੋਂ ਵੀ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਕੁਰਕ ਕੀਤੀਆਂ ਜਾਂਦੀਆਂ ਰਹਿਣਗੀਆਂ।

# ਦੁੱਖ ਦੀ ਘੜੀ 'ਚ ਹੜ੍ਹ ਮਾਰੇ ਪੰਜਾਬ ਨਾਲ ਵਿਤਕਰਾ ਨਾ ਕਰੇ ਕੇਂਦਰ ਸਰਕਾਰ: ਡਾ. ਬਲਬੀਰ ਸਿੰਘ

➤ ਸਿਹਤ ਮੰਤਰੀ ਵੱਲੋਂ ਹਲਕਾ ਘਨੌਰ ਦੇ ਹੜ੍ਹ ਪ੍ਰਭਾਵਿਤ ਤਿੰਨ ਪਿੰਡਾਂ ਦੇ 232 ਲਾਭਪਾਤਰੀਆਂ ਨੂੰ 88 ਲੱਖ ਰੁਪਏ ਦੀ ਮੁਆਵਜ਼ਾ ਰਾਸ਼ੀ ਪ੍ਰਦਾਨ
➤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵਾਅਦਾ ਨਿਭਾਇਆ ਤੇ ਸਿਰਫ 30 ਦਿਨਾਂ 'ਚ ਸਭ ਤੋਂ ਵੱਧ ਮੁਆਵਜ਼ਾ ਦੇ ਕੇ ਇਤਿਹਾਸ ਰਚਿਆ



ਪਟਿਆਲਾ, 19 ਅਕਤੂਬਰ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਦੁੱਖ ਦੀ ਘੜੀ 'ਚ ਹੜ੍ਹ ਮਾਰੇ ਪੰਜਾਬ ਨਾਲ ਵਿਤਕਰਾ ਨਾ ਕਰੇ। ਸਿਹਤ ਮੰਤਰੀ ਅੱਜ ਘਨੌਰ ਵਿਖੇ ਵਿਧਾਇਕ ਗੁਰਲਾਲ ਘਨੌਰ ਤੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨਾਲ ਹਲਕੇ ਦੇ ਪਿੰਡਾਂ ਸਮਸ਼ਪੁਰ, ਸ਼ੇਖਪੁਰ ਦਾਖਲੀ ਲੋਹਸਿੰਬਲੀ ਤੇ ਸਮਸ਼ਪੁਰ ਦੇ ਹੜ੍ਹ ਪ੍ਰਭਾਵਿਤ 232 ਕਿਸਾਨਾਂ ਨੂੰ 88 ਲੱਖ ਰੁਪਏ ਦੀ ਮੁਆਵਜ਼ਾ ਰਾਸ਼ੀ ਵੰਡਣ ਪੁੱਜੇ ਹੋਏ ਸਨ।

ਇਸ ਮੌਕੇ ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਸੂਬੇ ਅੰਦਰ ਹੜ੍ਹਾਂ ਨੇ ਸਾਡੀ ਸੋਚ ਤੋਂ ਵੀ ਪਰ੍ਹੇ ਤੇ ਇਸ ਸਦੀ ਦੀ ਸਭ ਤੋਂ ਵੱਡੀ ਬਰਬਾਦੀ ਕੀਤੀ ਹੈ ਪਰੰਤੂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਹੜ੍ਹ ਪੀੜਤਾਂ ਨੂੰ ਮੁਆਵਜ਼ਾ ਵੰਡਣ ਲਈ 30 ਦਿਨਾਂ ਦੇ ਅੰਦਰ-ਅੰਦਰ ਤੇ ਦਿਵਾਲੀ ਦੇ ਤਿਉਹਾਰ ਤੋਂ ਪਹਿਲਾਂ-ਪਹਿਲਾਂ ਹੜ੍ਹਾਂ ਤੋਂ ਪ੍ਰਭਾਵਿਤ ਲਾਭਪਾਤਰੀਆਂ ਨੂੰ ਚੈਕ ਤਕਸੀਮ ਕਰਕੇ ਸੂਬੇ ਦੇ ਹੜ੍ਹ ਪੀੜਤਾਂ ਦੇ ਨਾਲ ਖੜ੍ਹੇ ਹੋਣ ਦਾ ਸਬੂਤ ਦਿੱਤਾ ਹੈ। ਇਸ ਤੋਂ ਸੂਬਾ ਸਰਕਾਰ ਨੇ 'ਜਿਸਦਾ ਖੇਤ, ਉਸਦੀ ਰੇਤ' ਨੀਤੀ ਪ੍ਰਵਾਨ ਕੀਤੀ ਜਦਕਿ ਕਣਕ ਦੇ ਮੁਫ਼ਤ ਬੀਜ ਤੇ ਡਾਕਟਰੀ ਜਾਂਚ ਲਈ ਹੜ ਪ੍ਰਭਾਵਿਤ ਪਿੰਡਾਂ ਵਿੱਚ ਮੁਫ਼ਤ ਸਿਹਤ ਕੈਂਪ ਲਾਏ ਗਏ ਹਨ ਅਤੇ ਪਸ਼ੂਆਂ ਲਈ ਵਿਸ਼ੇਸ਼ ਟੀਕਾਕਰਨ ਮੁਹਿੰਮ ਸ਼ੁਰੂ ਕੀਤੀ।

ਸਿਹਤ ਮੰਤਰੀ ਨੇ ਕਿਹਾ ਕਿ ਬੜੇ ਦੁੱਖ ਦੀ ਗੱਲ ਹੈ ਕਿ ਇਸ ਸੰਕਟ ਵਿੱਚੋਂ ਸੂਬੇ ਨੂੰ ਕੱਢਣ ਦੀ ਬਜਾਏ ਕੇਂਦਰ ਸਰਕਾਰ ਜਾਣ-ਬੁੱਝ ਕੇ ਪੰਜਾਬ ਦੀਆਂ ਮੰਗਾਂ ਨੂੰ ਲਮਕਾ ਰਹੀ ਹੈ ਕਿਉਂਕਿ ਸੂਬਾ ਸਰਕਾਰ ਨੇ ਕੇਂਦਰ ਸਰਕਾਰ ਨੂੰ ਪ੍ਰਤੀ ਏਕੜ 50,000 ਰੁਪਏ ਦੇਣ ਦੀ ਬੇਨਤੀ ਕੀਤੀ ਸੀ, ਪਰ ਅਜੇ ਤੱਕ ਕੋਈ ਜਵਾਬ ਨਹੀਂ ਮਿਲਿਆ ਹੈ। ਇਸ ਦੇ ਬਾਵਜੂਦ 20 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ੇ ਦੀ ਰਕਮ ਵਿੱਚ 15 ਹਜ਼ਾਰ ਰੁਪਏ ਪੰਜਾਬ ਸਰਕਾਰ ਪਾ ਕੇ ਦੇ ਰਹੀ ਹੈ। ਜਦੋਂਕਿ ਪੂਰੀ ਤਰ੍ਹਾਂ ਢਹਿ-ਢੇਰੀ ਹੋਏ ਘਰਾਂ ਲਈ 1,20,000 ਰੁਪਏ ਦਿੱਤੇ ਜਾਣਗੇ, ਅੰਸ਼ਕ ਤੌਰ 'ਤੇ ਨੁਕਸਾਨੇ ਗਏ ਘਰਾਂ ਲਈ 40,000 ਰੁਪਏ ਦਿੱਤੇ ਜਾਣਗੇ ਜਦਕਿ ਪਿਛਲੀਆਂ ਸਰਕਾਰਾਂ ਮੌਕੇ ਇਹ ਰਕਮ 6,500 ਰੁਪਏ ਸੀ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਅਗਲੀਆਂ ਬਰਸਾਤਾਂ ਤੋਂ ਪਹਿਲਾਂ ਹੜ੍ਹਾਂ ਵਾਲੇ ਦਰਿਆਵਾਂ ਤੇ ਨਦੀਆਂ ਨੂੰ ਡੂੰਘਾ ਤੇ ਵਹਿਣ ਨੂੰ ਚੌੜਾ ਕੀਤਾ ਜਾਵੇਗਾ ਕਿਉਂਕਿ ਸਤਲੁਜ, ਬਿਆਸ, ਘੱਗਰ, ਟਾਂਗਰੀ ਤੇ ਮਾਰਕੰਡਾ ਵਿੱਚ ਹਿਮਾਚਲ ਪ੍ਰਦੇਸ਼, ਹਰਿਆਣਾ ਤੇ ਚੰਡੀਗੜ੍ਹ ਤੋਂ ਆਇਆ ਪਾਣੀ ਹੜ੍ਹ ਲਿਆ ਦਿੰਦਾ ਹੈ। ਉਨ੍ਹਾਂ ਕਿਹਾ ਕਿ ਇਕੱਲੇ ਪਟਿਆਲਾ ਜ਼ਿਲ੍ਹੇ ਵਿੱਚ ਹੀ ਇਨ੍ਹਾਂ ਹੜ੍ਹਾਂ ਕਾਰਨ ਕਰੀਬ 141 ਪਿੰਡ 'ਚ 19000 ਏਕੜ ਤੋਂ ਵੱਧ ਰਕਬੇ 'ਚ ਫ਼ਸਲਾਂ ਮਾਰੀਆਂ ਗਈਆਂ ਹਨ। ਉਨ੍ਹਾ ਕਿਹਾ ਕਿ ਪੰਜਾਬੀ ਹਮੇਸ਼ਾ ਤੋਂ ਆਪਣੇ ਮਿਹਨਤੀ ਸੁਭਾਅ ਲਈ ਜਾਣੇ ਜਾਂਦੇ ਹਨ, ਇਸ ਲਈ ਭਾਵੇਂ ਇਹ ਸੰਕਟ ਗੰਭੀਰ ਸੀ ਪਰ ਸਾਡਾ ਹੌਂਸਲਾ ਇਸ ਤੋਂ ਵੀ ਮਜ਼ਬੂਤ ਸੀ ਤੇ ਪੰਜਾਬੀਆਂ ਨੇ ਦੁੱਖ 'ਚ ਵੀ ਹੌਂਸਲਾ ਨਹੀਂ ਹਾਰਿਆ। ਜਦੋਂਕਿ ਹੜ੍ਹ ਪੀੜਤਾਂ ਦੀ ਮਦਦ ਲਈ ਸ਼ੁਰੂ ਕੀਤੇ ਮਿਸ਼ਨ ਚੜ੍ਹਦੀ ਕਲ੍ਹਾ ਵਿੱਚ ਵੀ ਵਿਸ਼ਵ ਭਰ ਦੇ ਸਮਾਜ ਸੇਵੀ ਅੱਗੇ ਆ ਕੇ ਰੰਗਲਾ ਪੰਜਾਬ ਦੇ ਪੋਰਟਲ ਰਾਹੀਂ ਯੋਗਦਾਨ ਪਾ ਰਹੇ ਹਨ।

ਹਲਕਾ ਵਿਧਾਇਕ ਗੁਰਲਾਲ ਘਨੌਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਸਿਹਤ ਮੰਤਰੀ ਡਾ ਬਲਬੀਰ ਸਿੰਘ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਹਿਲੀ ਵਾਰ ਕਿਸਾਨਾਂ ਨੂੰ ਪ੍ਰਤੀ ਏਕੜ 20,000 ਰੁਪਏ ਦਿੱਤੇ ਜਾ ਰਹੇ ਹਨ, ਜੋ ਕਿ ਦੇਸ਼ ਵਿੱਚ ਸਭ ਤੋਂ ਵੱਧ ਹੈ। ਗੁਰਲਾਲ ਘਨੌਰ ਨੇ ਦੱਸਿਆ ਕਿ ਪਿੰਡ ਸੌਂਟਾ ਦੇ ਕਿਸਾਨਾਂ ਨੂੰ 13.80 ਲੱਖ ਰੁਪਏ, ਸ਼ੇਖਪੁਰ ਦਾਖਲੀ ਲੋਹਸਿੰਬਲੀ ਦੇ ਕਿਸਾਨਾਂ ਨੂੰ 13.72 ਲੱਖ ਰੁਪਏ ਅਤੇ ਸਮਸ਼ਪੁਰ ਦੇ ਕਿਸਾਨਾਂ ਨੂੰ 60 ਲੱਖ ਰੁਪਏ ਦੀ ਮੁਆਵਜ਼ਾ ਰਾਸ਼ੀ ਪ੍ਰਦਾਨ ਕੀਤੀ ਗਈ ਹੈ। ਇਸ ਮੌਕੇ ਐਸ.ਡੀ.ਐਮ ਅਵਿਕੇਸ਼ ਗੁਪਤਾ, ਤਹਿਸੀਲਦਾਰ ਪਰਦੀਪ ਕੁਮਾਰ ਸਮੇਤ ਪਿੰਡਾਂ ਦੇ ਵਸਨੀਕ ਵੀ ਮੌਜੂਦ ਸਨ।

# ਚੇਅਰਮੈਨ ਹਡਾਣਾ ਨੇ ਕੀਤਾ ਪਿੰਡਾਂ ਦੀਆਂ ਵੱਖ-ਵੱਖ ਸੜਕਾਂ ਦਾ ਉਦਘਾਟਨ



ਸਨੌਰ,19 ਅਕਤੂਬਰ
-ਜਗਜੀਤ ਜੱਗੀ-
-ਕੌਮੀ ਪੱਤ੍ਰਿਕਾ ਬਿਊਰੋ-

ਹਲਕਾ ਸਨੌਰ ਵਿੱਚ ਵਿਕਾਸ ਨੂੰ ਚੰਗੇ ਪੱਧਰ 'ਤੇ ਲੈ ਜਾਣ ਦੇ ਮੰਤਵ ਨਾਲ ਬੀਤੇ ਦਿਨੀ ਚੇਅਰਮੈਨ ਰਣਜੋਧ ਸਿੰਘ ਹਡਾਣਾ ਵੱਲੋਂ ਕਈ ਪਿੰਡਾਂ ਵਿੱਚ ਨਵੀਆਂ ਸੜਕਾਂ ਦਾ ਉਦਘਾਟਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਵਿਕਾਸ ਪੱਖੋਂ ਹਲਕਾ ਸਨੌਰ ਹਮੇਸ਼ਾ ਮੋਹਰੀ ਰਹੇਗਾ।

ਉਨ੍ਹਾਂ ਨੇ ਪਿੰਡ ਗੰਗਰੋਲੀ, ਸਰੁਸਤੀਗੜ੍ਹ, ਭੁਨਰਹੇੜੀ, ਸੁਰਕੜਾ ਫਾਰਮ ਅਤੇ ਉਪਲੀ ਵਿੱਚ ਬਣੀਆਂ ਨਵੀਆਂ ਸੜਕਾਂ ਦਾ ਉਦਘਾਟਨ ਕੀਤਾ। ਚੇਅਰਮੈਨ ਹਡਾਣਾ ਨੇ ਕਿਹਾ ਕਿ ਇਹ ਸੜਕਾਂ ਪਿੰਡਾਂ ਨੂੰ ਸ਼ਹਿਰਾਂ ਨਾਲ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਉਣਗੀਆਂ ਅਤੇ ਆਵਾਜਾਈ ਦੀਆਂ ਸਹੂਲਤਾਂ ਵਿੱਚ ਵੱਡਾ ਸੁਧਾਰ ਆਵੇਗਾ। ਇਸ ਨਾਲ ਪਿੰਡਾਂ ਦੇ ਕਿਸਾਨਾਂ, ਮਜ਼ਦੂਰਾਂ ਤੇ ਵਿਦਿਆਰਥੀਆਂ ਨੂੰ ਰੋਜ਼ਾਨਾ ਦੀ ਆਵਾਜਾਈ ਵਿੱਚ ਆਸਾਨੀ ਹੋਵੇਗੀ।

ਚੇਅਰਮੈਨ ਹਡਾਣਾ ਨੇ ਪਿੰਡ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਪੰਜਾਬ ਸਰਕਾਰ ਦਾ ਹਰ ਕਦਮ ਲੋਕਾਂ ਦੀ ਭਲਾਈ ਲਈ ਹੈ ਅਤੇ ਕਿਸੇ ਵੀ ਵਿਕਾਸੀ ਕੰਮ ਵਿੱਚ ਰੁਕਾਵਟ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਹੋਰ ਪ੍ਰੋਜੈਕਟਾਂ ਦੀ ਨੀਂਹ ਰੱਖੀ ਜਾਵੇਗੀ, ਜਿਸ ਨਾਲ ਹਲਕਾ ਸਨੌਰ ਵਿਕਾਸ ਦਾ ਮਾਡਲ ਬਣੇਗਾ।

ਇਸ ਮੌਕੇ ਪਿੰਡ ਵਾਸੀਆਂ ਨੇ ਚੇਅਰਮੈਨ ਹਡਾਣਾ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਨ੍ਹਾਂ ਦੀ ਕੋਸ਼ਿਸ਼ਾਂ ਨਾਲ ਪਿੰਡਾਂ ਦੀ ਸੂਰਤ-ਏ-ਹਾਲ ਤੇਜ਼ੀ ਨਾਲ ਬਦਲ ਰਹੀ ਹੈ। ਲੋਕਾਂ ਨੇ ਵਿਕਾਸੀ ਕਦਮਾਂ ਦੀ ਸ਼ਲਾਘਾ ਕਰਦਿਆਂ ਸਰਕਾਰ ਪ੍ਰਤੀ ਪੂਰਾ ਵਿਸ਼ਵਾਸ ਜਤਾਇਆ।

## ਤਿਉਹਾਰਾਂ ਦੇ ਮੱਦੇਨਜ਼ਰ ਜ਼ਿਲ੍ਹਾ ਫੂਡ ਸੇਫਟੀ ਟੀਮਾਂ ਵੱਲੋਂ ਲਗਾਤਾਰ ਚੈਕਿੰਗ ਜਾਰੀ

# ਲੋਕਾਂ ਦੀ ਸਿਹਤ ਨਾਲ ਖਿਲਵਾੜ ਬਰਦਾਸ਼ਤ ਨਹੀਂ ਹੋਵੇਗਾ : ਡਾ. ਗੁਰਪ੍ਰੀਤ ਕੌਰ



ਪਟਿਆਲਾ, 19 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਤਿਉਹਾਰਾਂ ਦੇ ਮੱਦੇਨਜ਼ਰ ਲੋਕਾਂ ਨੂੰ ਸੁਰੱਖਿਅਤ ਅਤੇ ਬਿਨ੍ਹਾਂ ਮਿਲਾਵਟ ਖਾਧ ਪਦਾਰਥ ਮੁਹੱਈਆ ਕਰਵਾਉਣ ਲਈ ਜ਼ਿਲ੍ਹਾ ਭੋਜਨ ਸੁਰੱਖਿਆ ਟੀਮਾਂ ਵੱਲੋਂ ਲਗਾਤਾਰ ਛਾਪਾਮਾਰੀ ਕਰਕੇ ਚੈਕਿੰਗ ਕਰਨ ਸਮੇਤ ਨਮੂਨੇ ਲਏ ਜਾ ਰਹੇ ਹਨ। ਜ਼ਿਲ੍ਹਾ ਸਿਹਤ ਅਫ਼ਸਰ ਡਾ. ਗੁਰਪ੍ਰੀਤ ਕੌਰ ਨੇ ਦੱਸਿਆ ਕਿ ਬਾਬੂ ਸਿੰਘ ਕਲੋਨੀ ਵਿਖੇ ਮਿਠਿਆਈਆਂ ਬਣਾਉਣ ਦੀ ਇੱਕ ਫੈਕਟਰੀ ਵਿਖੇ ਅਚਨਚੇਤ ਨਿਰੀਖਣ ਕਰਕੇ ਵੱਖ-ਵੱਖ ਥਾਵਾਂ ਤੋਂ 12 ਨਮੂਨੇ ਭਰੇ ਹਨ ਅਤੇ ਗ਼ੈਰ ਮਿਆਰੀ ਜਾਪ ਰਹੀ 107 ਕਿਲੋ ਖੋਆ ਬਰਫੀ ਤੇ 25 ਕਿਲੋ ਮਿੱਠਾ ਖੋਆ ਜਬਤ ਕੀਤਾ ਗਿਆ ਹੈ। ਇਸ ਤੋਂ ਬਿਨ੍ਹਾਂ ਗੁਲਾਬ ਜਾਮਣ, ਰਸਗੁੱਲੇ, ਬਰਫ਼ੀ, ਢੋਡਾ ਬਰਫ਼ੀ, ਛੈਨਾ ਮੁਰਗੀ, ਖੋਆ ਬਰਫ਼ੀ, ਰਸਗੁੱਲੇ ਦੇ 5 ਸੈਂਪਲ ਭਰਨ ਤੋਂ ਇਲਾਵਾ 7 ਹੋਰ ਸੈਂਪਲ ਸ਼ਾਮਲ ਹਨ।

ਡਾ. ਗੁਰਪ੍ਰੀਤ ਕੌਰ ਨੇ ਦੱਸਿਆ ਕਿ ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਅਤੇ ਐਫ.ਡੀ.ਏ. ਕਮਿਸ਼ਨਰ ਦਿਲਰਾਜ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਉਨ੍ਹਾਂ ਦੀ ਟੀਮ 'ਚ ਸ਼ਾਮਲ ਫੂਡ ਸੇਫਟੀ ਅਫ਼ਸਰ ਤਰੁਣ ਬਾਂਸਲ, ਜਸਵਿੰਦਰ ਸਿੰਘ ਤੇ ਗੌਰਵ ਕੁਮਾਰ ਵੱਲੋਂ ਜਿੱਥੇ ਬਾਹਰਲੇ ਰਾਜਾਂ ਤੋਂ ਮਠਿਆਈ ਤੇ ਪਨੀਰ ਆਦਿ ਫੜਨ ਲਈ ਹਰਿਆਣਾ ਬਾਰਡਰ 'ਤੇ ਰਾਤ ਨੂੰ ਨਾਕਾਬੰਦੀ ਵੀ ਕੀਤੀ ਜਾ ਰਹੀ ਹੈ, ਉਥੇ ਹੀ ਜ਼ਿਲ੍ਹੇ ਭਰ 'ਚ ਵੱਖ-ਵੱਖ ਥਾਵਾਂ 'ਤੇ ਮੌਜੂਦਾ ਤਿਉਹਾਰਾਂ ਦੇ ਸੀਜ਼ਨ ਦੇ ਮੱਦੇਨਜ਼ਰ ਕਈ ਥਾਵਾਂ ਦਾ ਨਿਰੀਖਣ ਕੀਤਾ ਜਾ ਰਿਹਾ ਹੈ।

ਜ਼ਿਲ੍ਹਾ ਸਿਹਤ ਅਫ਼ਸਰ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਕੀਤੀ ਜਾਂਦੀ ਚੈਕਿੰਗ ਦੌਰਾਨ ਇਹ ਦੇਖਿਆ ਗਿਆ ਕਿ ਜਿਹੜੀਆਂ ਇਕਾਈਆਂ ਵਿੱਚ ਮਠਿਆਈ ਬਣਾਉਣ ਦਾ ਕੰਮ ਕੀਤਾ ਜਾਂਦਾ ਹੈ, ਉਥੇ ਅਸੁਰੱਖਿਅਤ ਤੇ ਗ਼ੈਰ ਮਿਆਰੀ ਹਾਲਾਤ ਵਿੱਚ ਖਾਧ ਪਦਾਰਥ ਬਣਾਏ ਜਾ ਰਹੇ ਸਨ, ਇਸ ਲਈ ਇੱਕ ਫੈਕਟਰੀ ਦਾ ਮੌਕੇ 'ਤੇ ਹੀ ਚਲਾਨ (ਅਸੁਰੱਖਿਅਤ ਕਾਰਜਾਂ ਲਈ) ਕੱਟਿਆ ਗਿਆ। ਜਦੋਂਕਿ ਲਗਭਗ 107 ਕਿਲੋਗ੍ਰਾਮ ਸ਼ੱਕੀ ਖੋਆ ਬਰਫ਼ੀ ਸਮੇਤ 25 ਕਿਲੋਗ੍ਰਾਮ ਸ਼ੱਕੀ ਮਿੱਠਾ ਖੋਆ ਜ਼ਬਤ ਕੀਤਾ ਗਿਆ, ਜਿਸ ਨੂੰ ਕਿ ਸਟੇਟ ਫੂਡ ਲੈਬਾਰਟਰੀ, ਖਰੜ ਤੋਂ ਰਿਪੋਰਟ ਆਉਣ ਤੱਕ ਸੁਰੱਖਿਅਤ ਰੱਖਿਆ ਜਾਵੇਗਾ।

ਡਾ. ਗੁਰਪ੍ਰੀਤ ਕੌਰ ਨੇ ਮਠਿਆਈਆਂ ਬਣਾਉਣ ਵਾਲਿਆਂ ਨੂੰ ਹਦਾਇਤ ਕੀਤੀ ਹੈ ਕਿ ਉਹ ਲੋਕਾਂ ਨੂੰ ਵੇਚਣ ਲਈ ਬਣਾਈ ਜਾ ਰਹੀ ਮਿਠਾਈ ਤੇ ਖੋਆ ਐਫ.ਐਸ.ਐਸ.ਏ.ਆਈ. ਦੇ ਸ਼ਡਿਊਲ ਚਾਰ, ਐਫ.ਐਸ.ਐਮ.ਐਸ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਚੰਗੇ ਨਿਰਮਾਣ ਅਭਿਆਸ ਜੀ.ਐਮ.ਪੀ. ਅਤੇ ਚੰਗੇ ਸਫਾਈ ਅਭਿਆਸ ਜੀ.ਐਜ.ਪੀ. ਦਾ ਸਖਤੀ ਨਾਲ ਪਾਲਣਾ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਇਹ ਵੀ ਹਦਾਇਤ ਕੀਤੀ ਗਈ ਹੈ ਕਿ ਜਿੱਥੇ ਮਠਿਆਈਆਂ ਬਣ ਰਹੀਆਂ ਹੋਣ ਸਫ਼ਾਈ, ਕਰਮਚਾਰੀਆਂ ਦੀ ਸਫਾਈ, ਸਹੀ ਉਪਕਰਣ ਰੱਖ-ਰਖਾਅ, ਰਿਕਾਰਡ ਰੱਖਣ, ਕੀਟ ਨਿਯੰਤਰਣ ਅਤੇ ਰਹਿੰਦ-ਖੂੰਹਦ ਦੇ ਨਿਪਟਾਰੇ ਦਾ ਖਾਸ ਧਿਆਨ ਦਿੱਤਾ ਜਾਵੇ ਅਤੇ ਅਜਿਹਾ ਨਾ ਹੋਣ ਦੀ ਸੂਰਤ ਵਿੱਚ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਹਿਲਾ ਆਯੋਗ ਆਪਕੇ ਦੁਆਰ' ਤਹਿਤ ਮਹਿਲਾ ਜਨ ਸੁਣਵਾਈ 17 ਅਕਤੂਬਰ ਨੂੰ ਪਟਿਆਲਾ 'ਚ

ਪਟਿਆਲਾ, 19 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਰਾਸ਼ਟਰੀ ਮਹਿਲਾ ਕਮਿਸ਼ਨ ਵੱਲੋਂ ਔਰਤਾਂ ਦੀਆਂ ਸਮੱਸਿਆਵਾਂ ਤੇ ਸ਼ਿਕਾਇਤਾਂ ਦੀ ਸੁਣਵਾਈ ਲਈ ਪਟਿਆਲਾ ਵਿਖੇ 'ਰਾਸ਼ਟਰੀ ਮਹਿਲਾ ਆਯੋਗ ਆਪਕੇ ਦੁਆਰ' ਤਹਿਤ ਮਹਿਲਾ ਜਨ ਸੁਣਵਾਈ ਕੈਂਪ 17 ਅਕਤੂਬਰ ਨੂੰ ਪੁਲਿਸ ਲਾਈਨ ਪਟਿਆਲਾ ਦੇ ਕਾਨਫਰੰਸ ਹਾਲ ਵਿਖੇ ਲਗਾਇਆ ਜਾਵੇਗਾ। ਨੈਸ਼ਨਲ ਕਮਿਸ਼ਨ ਵਾਰ ਵੂਮੈਨ ਦੇ ਲੀਗਲ ਕਾਊਂਸਲਰ ਅੰਜਨਾ ਸ਼ਰਮਾ ਨੇ ਦੱਸਿਆ ਕਿ ਇਸ ਦੌਰਾਨ ਪਟਿਆਲਾ ਜ਼ਿਲ੍ਹੇ ਦੀਆਂ ਲੰਬਿਤ ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਜਾਵੇਗਾ ਅਤੇ ਹੋਰ ਮੌਕੇ 'ਤੇ ਆਉਣ ਵਾਲੀਆਂ ਮਹਿਲਾਵਾਂ ਦੀਆਂ ਸ਼ਿਕਾਇਤਾਂ ਦੀ ਸੁਣਵਾਈ ਵੀ ਕੀਤੀ ਜਾਵੇਗੀ। ਇਸ ਦੌਰਾਨ ਸਿਵਲ ਪ੍ਰਸ਼ਾਸਨ, ਪੁਲਿਸ, ਨਗਰ ਨਿਗਮ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਰਹਿਣਗੇ।

# ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਵੱਲੋਂ ਸ਼੍ਰੀ ਕਾਲੀ ਮਾਤਾ ਮੰਦਿਰ ਵਿਖੇ ਸ਼੍ਰੀ ਹਨੂੰਮਾਨ ਚਾਲੀਸਾ ਦੇ ਪਾਠ ਦਾ ਆਯੋਜਨ



ਪਟਿਆਲਾ, 19 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਸ਼ਿਵ ਸੈਨਾ ਹਿੰਦੁਸਤਾਨ ਦੇ ਧਾਰਮਿਕ ਵਿੰਗ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਨੇ ਸ਼੍ਰੀ ਕਾਲੀ ਮਾਤਾ ਮੰਦਿਰ, ਪਟਿਆਲਾ, ਪੰਜਾਬ ਵਿਖੇ ਸ਼੍ਰੀ ਹਨੂੰਮਾਨ ਚਾਲੀਸਾ ਦੇ ਪਾਠ ਦਾ ਆਯੋਜਨ ਕੀਤਾ। ਇਸ ਵਾਰ, ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਦੇ ਧਾਰਮਿਕ ਮੰਚ ਤੋਂ, ਪ੍ਰਸਿੱਧ ਭਜਨ ਗਾਇਕਾ, ਸ਼੍ਰੀਮਤੀ ਬੀਨਾ ਬਾਂਸਲ ਨੇ, ਭਗਵਾਨ ਸ਼੍ਰੀ ਰਾਮ ਦੇ ਪਰਮ ਭਗਤ ਭਗਵਾਨ ਹਨੂੰਮਾਨ ਜੀ ਨੂੰ ਸਮਰਪਿਤ ਆਪਣੇ ਸੁਰੀਲੇ ਭਜਨਾਂ ਨਾਲ ਇੱਕ ਭਗਤੀ ਵਾਲਾ ਮਾਹੌਲ ਸਿਰਜਿਆ। ਉਨ੍ਹਾਂ ਦੇ ਭਜਨਾਂ ਨੇ ਸਾਰੇ ਭਗਤਾਂ ਦੇ ਦਿਲਾਂ ਵਿੱਚ ਸ਼ਰਧਾ ਦੀ ਲਹਿਰ ਲਿਆਂਦੀ। ਆਪਣੇ ਭਜਨਾਂ ਰਾਹੀਂ, ਉਨ੍ਹਾਂ ਨੇ ਸਾਰੇ ਭਗਤਾਂ ਨੂੰ ਬ੍ਰਹਿਮੰਡ ਦੇ ਸਿਰਜਣਹਾਰ ਨੂੰ ਆਪਣੇ ਦਿਲਾਂ ਵਿੱਚ ਰੱਖਣ ਦੀ ਅਪੀਲ ਕੀਤੀ, ਨਾ ਕਿ ਦੁਨਿਆਵੀ ਇੱਛਾਵਾਂ ਨੂੰ। ਜੇਕਰ ਪਰਮਾਤਮਾ ਸਾਡੇ ਦਿਲਾਂ ਵਿੱਚ ਵੱਸਦਾ ਹੈ, ਤਾਂ ਸਾਡੀ ਜ਼ਿੰਦਗੀ ਉਸਦੀ ਕਿਰਪਾ ਨਾਲ ਸਹੀ ਦਿਸ਼ਾ ਵਿੱਚ ਅੱਗੇ ਵਧੇਗੀ। ਜਦੋਂ ਪਰਮਾਤਮਾ ਖੁਦ ਸਾਡਾ ਮਾਰਗਦਰਸ਼ਕ ਬਣ ਜਾਂਦਾ ਹੈ, ਤਾਂ ਸਾਡਾ ਰਸਤਾ ਆਪਣੇ ਆਪ ਹੀ ਪਰਉਪਕਾਰ ਵੱਲ ਲੈ ਜਾਵੇਗਾ।

ਉਨ੍ਹਾਂ ਕਿਹਾ ਕਿ ਪਰਮਾਤਮਾ ਨੂੰ ਖੁਸ਼ ਕਰਨ ਦਾ ਸੱਚਾ ਤਰੀਕਾ ਹੈ ਆਪਣੇ ਧਰਮ ਅਤੇ ਮਾਨਵਤਾ ਪ੍ਰਤੀ ਫਰਜ਼ਾਂ ਨੂੰ ਸੱਚੇ ਦਿਲ ਅਤੇ ਪੂਰੀ ਸਮਰਪਣ ਨਾਲ ਨਿਭਾਉਣਾ, ਤਾਂ ਜੋ ਅਸੀਂ ਆਪਣੇ ਟੀਚਿਆਂ ਵਿੱਚ ਸਫਲ ਹੋ ਸਕੀਏ। ਸਨਾਤਨ ਹਿੰਦੂ ਧਰਮ ਦੇ ਪ੍ਰਚਾਰ ਲਈ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਦੇ ਇਸ ਹਫਤਾਵਾਰੀ ਪ੍ਰੋਗਰਾਮ ਵਿੱਚ, ਸਾਰੇ ਭਗਤਾਂ ਤੋਂ ਧਰਮ ਨਾਲ ਸਬੰਧਤ ਸਵਾਲ ਪੁੱਛੇ ਜਾਂਦੇ ਹਨ। ਇਸ ਵਾਰ ਵੀ ਇਹ ਪੁੱਛਿਆ ਗਿਆ ਕਿ ਉਸ ਰਾਜਾ ਦਾ ਨਾਮ ਕੀ ਸੀ ਜਿਸਨੇ ਪੰਛੀ ਦੇ ਜੀਵਨ ਨੂੰ ਬਚਾਉਣ ਲਈ ਉਸਦੇ ਮਾਸ ਦੇ ਭਾਰ ਦੇ ਬਰਾਬਰ ਆਪਣਾ ਸਰੀਰ ਦੇ ਮਾਸ ਦਾਨ ਕਰਕੇ ਇਸਨੂੰ ਬਚਾਇਆ ਸੀ। ਸਾਰੇ ਭਗਤਾਂ ਨੇ ਵਿਸਥਾਰ ਵਿੱਚ ਦੱਸਿਆ ਕਿ ਉਸ ਮਹਾਨ ਦਾਨੀ ਰਾਜਾ ਦਾ ਨਾਮ ਸ਼ਿਵੀ ਸੀ। ਜਵਾਬ ਦੇਣ ਵਾਲੇ ਸਾਰੇ ਭਗਤਾਂ ਨੂੰ ਮਾਂ ਕਾਲੀ ਦੀ ਚੁਨਰੀ ਦੇ ਕੇ ਸਨਮਾਨਿਤ ਕੀਤਾ ਗਿਆ।

ਸਾਰੇ ਸ਼ਰਧਾਲੂਆਂ ਨੂੰ ਸੰਬੋਧਨ ਕਰਦੇ ਹੋਏ, ਸ਼ਿਵ ਸੈਨਾ ਹਿੰਦੁਸਤਾਨ ਦੇ ਧਾਰਮਿਕ ਵਿੰਗ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਦੇ ਰਾਸ਼ਟਰੀ ਕਨਵੀਨਰ ਸ਼੍ਰੀ ਪਵਨ ਗੁਪਤਾ ਜੀ ਨੇ ਕਿਹਾ ਕਿ ਸਾਨੂੰ ਆਪਣੇ ਸਾਰੇ ਪਰਿਵਾਰਕ ਮੈਂਬਰਾਂ ਨਾਲ ਆਪਣੇ ਨੇੜਲੇ ਮੰਦਰ ਜਾਂ ਆਪਣੇ ਘਰ ਦੇ ਮੰਦਰ ਵਿੱਚ ਬੈਠ ਕੇ ਆਪਣੇ ਧਾਰਮਿਕ ਗ੍ਰੰਥਾਂ ਨੂੰ ਪੜ੍ਹਨ ਦੀ ਆਦਤ ਪਾਉਣੀ ਚਾਹੀਦੀ ਹੈ ਤਾਂ ਜੋ ਅਸੀਂ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਆਪਣੇ ਮਹਾਂਪੁਰਸ਼ਾਂ ਜਿਵੇਂ ਕਿ ਮਹਾਵੀਰ ਭਗਤ ਸ਼ਿਰੋਮਣੀ ਅਤੇ ਦੇਵੀ-ਦੇਵਤਿਆਂ ਦੇ ਚਰਿੱਤਰ ਤੋਂ ਜਾਣੂ ਕਰਵਾ ਸਕੀਏ ਅਤੇ ਉਹ ਯੋਗ ਦੇ ਮਾਰਗਦਰਸ਼ਨ ਨਾਲ ਆਪਣੇ ਜੀਵਨ ਵਿੱਚ ਅੱਗੇ ਵਧ ਸਕਣ।

ਉਨ੍ਹਾਂ ਐਲਾਨ ਕੀਤਾ ਕਿ ਦੀਵਾਲੀ ਦੇ ਕਾਰਨ, ਸ਼੍ਰੀ ਹਨੂੰਮਾਨ ਚਾਲੀਸਾ ਦਾ ਪਾਠ ਸਮਾਰੋਹ ਅਗਲੇ ਮੰਗਲਵਾਰ ਸਵੇਰੇ 10:00 ਵਜੇ ਤੋਂ ਦੁਪਹਿਰ 12:00 ਵਜੇ ਤੱਕ ਹੋਵੇਗਾ। ਇਸ ਲਈ, ਸਾਰੇ ਸ਼ਰਧਾਲੂਆਂ ਨੂੰ ਕਿਰਪਾ ਕਰਕੇ ਅਗਲੇ ਮੰਗਲਵਾਰ ਸਵੇਰੇ ਵੇਲੇ ਪਾਠ ਸਮਾਰੋਹ ਲਈ ਆਉਣਾ ਚਾਹੀਦਾ ਹੈ।

ਸ਼੍ਰੀ ਪਵਨ ਗੁਪਤਾ ਜੀ ਦੇ ਸੰਬੋਧਨ ਤੋਂ ਬਾਅਦ, ਸ਼੍ਰੀ ਹਨੂੰਮਾਨ ਚਾਲੀਸਾ ਦਾ ਪਾਠ ਕੀਤਾ ਗਿਆ। ਇਸ ਤੋਂ ਬਾਅਦ, ਭਗਵਾਨ ਸ਼੍ਰੀ ਹਨੂੰਮਾਨ ਲਈ ਆਰਤੀ ਕੀਤੀ ਗਈ, ਅਤੇ ਉਨ੍ਹਾਂ ਨੂੰ ਪ੍ਰਸ਼ਾਦ ਚੜ੍ਹਾਉਣ ਤੋਂ ਬਾਅਦ, ਸਾਰੇ ਸ਼ਰਧਾਲੂਆਂ ਵਿੱਚ ਪ੍ਰਸ਼ਾਦ ਵੰਡਿਆ ਗਿਆ।

# ਚੀਫ਼ ਜਸਟਿਸ 'ਤੇ ਜੁੱਤੀ ਸੁੱਟਣ ਵਾਲੇ ਖ਼ਿਲਾਫ਼ ਹੋਵੇ ਦੇਸ਼ ਧ੍ਰੋਹ ਦਾ ਮੁਕੱਦਮਾ ਦਰਜ : ਸੁਖਜਿੰਦਰ ਕਕਰਾਲਾ



ਘੱਗਾ, 19 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਮਾਨਯੋਗ ਸੁਪਰੀਮ ਕੋਰਟ ਦੇ ਚੀਫ ਜਸਟਿਸ ਬੀਆਰ ਗਵਈ 'ਤੇ ਚੱਲ ਰਹੀ ਅਦਾਲਤ ਵਿੱਚ ਜੁੱਤੀ ਸੁੱਟਣ ਦੀ ਕੋਸ਼ਿਸ ਕਰਨ ਵਾਲੇ ਖਿਲਾਫ ਦੇਸ ਧ੍ਰੋਹ ਦਾ ਮੁਕੱਦਮਾ ਦਰਜ ਹੋਵੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਬਹੁਜਨ ਸਮਾਜ ਪਾਰਟੀ ਹਲਕਾ ਸੁਤਰਾਣਾ ਦੇ ਜਨਰਲ ਸਕੱਤਰ ਸੁਖਜਿੰਦਰ ਸਿੰਘ ਕਕਰਾਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਦੇਸ ਵਿੱਚ ਹਰ ਇੱਕ ਵਰਗ ਲਈ ਸਮਾਨਤਾ ਹੈ ਪਰ ਪਤਾ ਨਹੀਂ ਕਿਉਂ ਕੁਝ ਲੋਕ ਸੌੜੀ ਸੋਚ ਲੈ ਕੇ ਸਮਾਜ ਅੰਦਰ ਰਹਿ ਰਹੇ ਹਨ। ਅਜਿਹੇ ਸਮਾਜ ਵਿਰੋਧੀ ਅਨਸਰਾਂ ਨੂੰ ਕਾਨੂੰਨ ਮੁਤਾਬਿਕ ਸਖਤ ਸਜਾਵਾਂ ਮਿਲਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਅਜਿਹੀ ਮਾੜੀ ਸੋਚ ਵਾਲੇ ਵਿਅਕਤੀ ਸਮਾਜ ਵਿੱਚ ਕਲੰਕ ਹਨ। ਸੁਖਜਿੰਦਰ ਕਕਰਾਲਾ ਨੇ ਦੋਸ਼ ਲਾਇਆ ਕਿ ਹਰਿਆਣਾ ਦੇ ਆਈਪੀਐਸ ਅਧਿਕਾਰੀ ਪੂਰਨ ਕੁਮਾਰ ਨੂੰ ਖੁਦਕੁਸੀ ਕਰਨ ਲਈ ਅਜਿਹੇ ਮਾੜੀ ਬਿਰਤੀ ਅਤੇ ਜਾਤੀ ਭੇਦ ਭਾਵ ਕਰਨ ਵਾਲੇ ਵਿਅਕਤੀਆਂ ਦੇ ਕਾਰਨ ਉਨ੍ਹਾਂ ਨੂੰ ਖੁਦਕੁਸੀ ਕਰਨ ਲਈ ਮਜਬੂਰ ਹੋਣਾ ਪਿਆ । ਉਨ੍ਹਾਂ ਕਿਹਾ ਕਿ ਜਿਸ ਸੰਵਿਧਾਨ ਦੀ ਸਹੁੰ ਖਾ ਕੇ ਸਿਆਸੀ ਪਾਰਟੀਆਂ ਦੇ ਆਗੂ ਮੰਤਰੀ ਬਣਦੇ ਹਨ ਤੇ ਆਈਪੀਐਸ,ਆਈਏਐਸ ਅਧਿਕਾਰੀ ਬਣਦੇ ਹਨ, ਉਨ੍ਹਾਂ ਵੱਲੋਂ ਹੀ ਸੰਵਿਧਾਨ ਦੀਆਂ ਧੱਜੀਆਂ ਉਡਾ ਕੇ ਸਵਿਧਾਨ ਦੇ ਰਚੇਤਾ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਦੀ ਸੋਚ ਨੂੰ ਖਤਮ ਕਰਨਾ ਹੈ, ਜਿਸ ਨੂੰ ਉਹ ਕਦੇ ਵੀ ਨਹੀਂ ਹੋਣ ਦੇਣਗੇ। ਇਸ ਮੌਕੇ ਪ ?ਧਾਨ ਕ੍ਰਿਸ਼ਨ ਬੁਜਰਕ, ਕੈਸੀਅਰ ਭਰਤ ਸਾਹਪੁਰ,ਡਾਂ ਕਰਨੈਲ ਸਿੰਘ, ਧਰਮਾ ਮਵੀ ਜਨਰਲ ਸਕੱਤਰ ਬਸਪਾ, ਸਤਵੀਰ ਨਾਈਵਾਲਾ, ਪੱਪੀ ਗੁਲਾਹੜ, ਗੁਰਦਿਆਲ ਪਾਤੜਾ ਹਾਜਰ ਸਨ।

# HDFC ਬੈਂਕ ਨਾਗਰਿਕਾਂ ਨੂੰ ਡਿਜੀਟਲ ਧੋਖਾਧੜੀ ਦੀ ਘਟਨਾ ਤੋਂ ਬਾਅਦ ਚੁੱਕੇ ਜਾਣ ਵਾਲੇ ਕਦਮਾਂ ਬਾਰੇ ਸਲਾਹ ਦਿੰਦਾ ਹੈ

ਚੰਡੀਗੜ੍ਹ, 19 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤ ਦੇ ਪ੍ਰਮੁੱਖ ਨਿੱਜੀ ਖੇਤਰ ਦੇ ਬੈਂਕ, 8463 ਬੈਂਕ ਨੇ ਨਾਗਰਿਕਾਂ ਨੂੰ ਡਿਜੀਟਲ ਧੋਖਾਧੜੀ ਦਾ ਸ਼ਿਕਾਰ ਹੋਣ ਦੀ ਸੂਰਤ ਵਿੱਚ ਤਿੰਨ ਸਧਾਰਨ ਕਦਮਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ ਹੈ। ਕ੍ਰਿਕਟ ਸ਼ਬਦਾਵਲੀ ਤੋਂ ਪ੍ਰੇਰਿਤ ਪ੍ਰਸਤਾਵਿਤ LBW ਗਾਹਕਾਂ ਨੂੰ ਉਨ੍ਹਾਂ ਦੇ ਨੁਕਸਾਨ ਨੂੰ ਘੱਟ ਕਰਨ ਲਈ ਤੇਜ਼ ਅਤੇ ਫੈਸਲਾਕੁੰਨ ਕਾਰਵਾਈ ਕਰਨ ਵਿੱਚ ਮਦਦ ਕਰਨ ਲਈ ਮਹੱਤਵਪੂਰਨ ਹੈ। ਇਸ 'ਤੇ ਟਿੱਪਣੀ ਕਰਦੇ ਹੋਏ, 8463 ਬੈਂਕ ਦੇ ਸੀਨੀਅਰ ਕਾਰਜਕਾਰੀ ਉਪ ਪ੍ਰਧਾਨ (ਕ੍ਰੈਡਿਟ ਇੰਟੈਲੀਜੈਂਸ ਅਤੇ ਕੰਟਰੋਲ) ਸ਼੍ਰੀ ਮਨੀਸ਼ ਅਗਰਵਾਲ ਨੇ ਕਿਹਾ, ਅਸੀਂ ਸਾਰੇ ਗਾਹਕਾਂ ਨੂੰ ਡਿਜੀਟਲ ਲੈਣ-ਦੇਣ ਕਰਦੇ ਸਮੇਂ ਚੌਕਸ ਰਹਿਣ ਦੀ ਅਪੀਲ ਕਰਦੇ ਹਾਂ। ਧੋਖਾਧੜੀ ਕਰਨ ਵਾਲੇ ਲਗਾਤਾਰ ਆਪਣੇ ਤਰੀਕੇ ਬਦਲ ਰਹੇ ਹਨ ਅਤੇ ਲੋਕਾਂ ਦੀਆਂ ਭਾਵਨਾਵਾਂ ਦਾ ਸ਼ੋਸ਼ਣ ਕਰਨ ਲਈ ਸੂਝਵਾਨ ਰਣਨੀਤੀਆਂ ਦੀ ਵਰਤੋਂ ਕਰ ਰਹੇ ਹਨ। ਕਈ ਵਾਰ, ਨਾਗਰਿਕ ਨਵੀਨਤਾਕਾਰੀ ਸਮਾਜਿਕ ਇੰਜੀਨੀਅਰਿੰਗ ਤਕਨੀਕਾਂ ਦਾ ਸ਼ਿਕਾਰ ਹੋ ਜਾਂਦੇ ਹਨ। ਡਿਜੀਟਲ ਧੋਖਾਧੜੀ ਦੀ ਇੱਕ ਮੰਦਭਾਗੀ ਘਟਨਾ ਤੋਂ ਬਾਅਦ, ਗਾਹਕ ਕੁਝ ਸਧਾਰਨ ਪਰ ਮਹੱਤਵਪੂਰਨ ਕਦਮ ਚੁੱਕਣ ਨਾਲ ਨਾ ਸਿਰਫ਼ ਆਪਣੇ ਫੰਡਾਂ ਦੀ ਵਸੂਲੀ ਦੀ ਸੰਭਾਵਨਾ ਵਧਦੀ ਹੈ ਬਲਕਿ ਭਵਿੱਖ ਦੀਆਂ ਘਟਨਾਵਾਂ ਤੋਂ ਆਪਣੇ ਆਪ ਨੂੰ ਬਚਾਉਣ ਵਿੱਚ ਵੀ ਮਦਦ ਮਿਲਦੀ ਹੈ।

HDFC ਬੈਂਕ ਗਾਹਕਾਂ ਨੂੰ ÷ਡਿਜੀਟਲ ਗ੍ਰਿਫ਼ਤਾਰੀ÷ ਧੋਖਾਧੜੀ ਵਰਗੇ ਘੁਟਾਲਿਆਂ ਤੋਂ ਸੁਚੇਤ ਰਹਿਣ ਦੀ ਅਪੀਲ ਕਰਦਾ ਹੈ, ਜਿੱਥੇ ਧੋਖਾਧੜੀ ਕਰਨ ਵਾਲੇ ਕਾਨੂੰਨ ਲਾਗੂ ਕਰਨ ਵਾਲੇ ਜਾਂ ਸਰਕਾਰੀ ਅਧਿਕਾਰੀਆਂ ਦਾ ਰੂਪ ਧਾਰਨ ਕਰਦੇ ਹਨ ਅਤੇ ਕਥਿਤ ਟੈਕਸ ਚੋਰੀ, ਰੈਗੂਲੇਟਰੀ ਉਲੰਘਣਾਵਾਂ, ਵਿੱਤੀ ਦੁਰਾਚਾਰ ਆਦਿ ਕਾਰਨਾਂ ਕਰਕੇ ਪੀੜਤਾਂ ਨੂੰ ਡਿਜੀਟਲ ਗ੍ਰਿਫ਼ਤਾਰੀ ਵਾਰੰਟਾਂ ਨਾਲ ਧਮਕੀ ਦਿੰਦੇ ਹਨ। ਹੋਰ ਆਮ ਤੌਰ 'ਤੇ ਸਾਹਮਣੇ ਆਉਣ ਵਾਲੇ ਧੋਖਾਧੜੀਆਂ ਵਿੱਚ ਨਿਵੇਸ਼ ਘੁਟਾਲੇ ਸ਼ਾਮਲ ਹਨ ਜਿੱਥੇ ਧੋਖਾਧੜੀ ਕਰਨ ਵਾਲੇ ਜਾਅਲੀ ਸਵੈਚਾਲਿਤ ਨਿਵੇਸ਼ ਪਲੇਟਫਾਰਮਾਂ ਰਾਹੀਂ ਸਟਾਕਾਂ, 9♦®, ਕ੍ਰਿਪਟੋਕਰੰਸੀਆਂ, ਆਦਿ ਵਿੱਚ ਨਿਵੇਸ਼ 'ਤੇ ਅਸਧਾਰਨ ਤੌਰ 'ਤੇ ਉੱਚ ਰਿਟਰਨ ਦਾ ਵਾਅਦਾ ਕਰਦੇ ਹਨ ਅਤੇ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਪ੍ਰਚਾਰ ਕਰਦੇ ਹਨ। APK ਘੁਟਾਲੇ, ਜਿੱਥੇ ਧੋਖਾਧੜੀ ਕਰਨ ਵਾਲੇ ਆਮ ਤੌਰ 'ਤੇ ਬੈਂਕ ਕਰਮਚਾਰੀਆਂ ਜਾਂ ਸਰਕਾਰੀ ਅਧਿਕਾਰੀਆਂ ਦਾ ਰੂਪ ਧਾਰਨ ਕਰਕੇ ਅਤੇ ਇੱਕ ਭਰੋਸੇਯੋਗ ਸਰੋਤ ਤੋਂ ਹੋਣ ਦਾ ਦਾਅਵਾ ਕਰਨ ਵਾਲੀ ਇੱਕ ਖਤਰਨਾਕ APK ਫਾਈਲ ਭੇਜ ਕੇ ਸੋਸ਼ਲ ਇੰਜੀਨੀਅਰਿੰਗ ਰਣਨੀਤੀਆਂ ਦੀ ਵਰਤੋਂ ਕਰਦੇ ਹਨ।

# ਆਲ ਇੰਡੀਆ ਸ਼ਿਰੋਮਣੀ ਮੰਦਰ ਪ੍ਰਬੰਧਕ ਕਮੇਟੀ (ਰਜਿ:) ਪਟਿਆਲਾ ਨੇ ਸਕਾਲਰਸ਼ਿਪ ਵੰਡ ਸਮਾਰੋਹ ਦਾ ਕੀਤਾ ਆਯੋਜਨ

## ਜ਼ਰੂਰਤਮੰਦ ਅਤੇ ਹੋਣਹਾਰ ਵਿਦਿਆਰਥੀਆਂ ਦੀ ਸਹਾਇਤਾ ਲਗਾਤਾਰ ਜਾਰੀ ਰਹੇਗੀ: ਭੈਣ ਨੀਲਮ ਦੱਤ



ਪਟਿਆਲਾ, 19 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਰੂਰਤਮੰਦ ਅਤੇ ਹੋਣਹਾਰ ਵਿਦਿਆਰਥੀਆਂ ਦੀ ਸਹਾਇਤਾ ਲਗਾਤਾਰ ਕੀਤੀ ਜਾਣੀ ਚਾਹੀਂਦੀ ਹੈ ਤਾਂ ਕਿ ਇੱਕ ਵੀ ਵਿਦਿਆਰਥੀ ਵਸੀਲਿਆਂ ਦੀ ਕਮੀ ਕਾਰਨ ਆਪਣੀ ਪੜ੍ਹਾਈ ਛੱਡਣ ਲਈ ਮਜ਼ਬੂਰ ਨਾ ਹੋ ਜਾਵੇ। ਇਸ ਲਈ ਸਾਰੀ ਸਮਾਜਸੇਵੀ ਸੰਸਥਾਵਾਂ ਨੂੰ ਇੱਕ ਦੂਜੇ ਤੋਂ ਵੱਧ ਚੜ੍ਹ ਕੇ ਕੰਮ ਕਰਨਾ ਚਾਹੀਦਾ ਹੈ, ਇਹ ਸ਼ਬਦ ਆਲ ਇੰਡੀਆ ਸ਼ਿਰੋਮਣੀ ਮੰਦਰ ਪ੍ਰਬੰਧਕ ਕਮੇਟੀ (ਰਜਿ:) ਪਟਿਆਲਾ ਵੱਲੋਂ ਲੋੜਵੰਦ ਅਤੇ ਹੋਣਹਾਰ ਵਿਦਿਆਰਥੀਆਂ ਦੇ ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਦੇ ਉਦੇਸ਼ ਨਾਲ ਚਲਾਈ ਜਾ ਰਹੀ ਸਮਾਜ ਸੇਵਾ ਮੁਹਿੰਮ ਤਹਿਤ ਐਸ.ਡੀ.ਐਸ.ਈ. ਸੀਨੀਅਰ ਸੈਕੰਡਰੀ ਸਕੂਲ, ਪਟਿਆਲਾ ਵਿਖੇ ਇੱਕ ਸਕਾਲਰਸ਼ਿਪ ਵੰਡ ਸਮਾਗਮ ਦੇ ਦੌਰਾਨ ਭੈਣ ਨੀਲਮ ਦੱਤ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਹੇ। ਸਮਾਗਮ ਵਿੱਚ ਮੁੱਖ ਮਹਿਮਾਨ ਦੀ ਭੂਮਿਕਾ ਸ਼੍ਰੀਮਤੀ ਨੀਲਮ ਦੱਤ ਨੇ ਅਦਾ ਕੀਤੀ, ਜੋ ਕਿ ਇੱਕ ਕ੍ਰਾਂਤੀਕਾਰੀ ਸਨਾਤਨ ਧਰਮੀ ਅਤੇ ਨਿਰਸਵਾਰਥ ਸਮਾਜ ਸੇਵਿਕਾ ਹਨ ਅਤੇ ਆਲ ਇੰਡੀਆ ਸ਼ਿਰੋਮਣੀ ਮੰਦਰ ਪ੍ਰਬੰਧਕ ਕਮੇਟੀ (ਰਜਿਸਟਰਡ) ਪਟਿਆਲਾ ਦੇ ਸੰਸਥਾਪਕ ਪ੍ਰਧਾਨ ਸਵਰਗੀ ਅਨਿਲ ਦੱਤ ਦੀ ਪਤਨੀ ਹਨ। ਸਮਾਗਮ ਦੀ ਪ੍ਰਧਾਨਗੀ ਸਨਾਤਨ ਧਰਮ ਸੰਸਕ੍ਰਿਤ ਇੰਗਲਿਸ਼ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਰਿਪੁਦਮਨ ਸਿੰਘ ਨੇ ਕੀਤੀ। ਇਸ ਸ਼ੁਭ ਮੌਕੇ 'ਤੇ ਮੌਜੂਦ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦਿੰਦੇ ਹੋਏ ਸ੍ਰੀਮਤੀ ਨੀਲਮ ਦੱਤ ਨੇ ਕਿਹਾ ਕਿ ਸਿੱਖਿਆ ਅਤੇ ਚੰਗੇ ਸੰਸਕਾਰਾਂ ਤੋਂ ਬਿਨਾਂ ਮਨੁੱਖ ਜਾਨਵਰ ਵਰਗਾ ਹੁੰਦਾ ਹੈ। ਇਸ ਲਈ, ਸਾਰੇ ਵਿਦਿਆਰਥੀਆਂ ਨੂੰ ਵਿੱਦਿਆ ਰੂਪੀ ਗਿਆਨ ਦੇ ਭੰਡਾਰ ਨੂੰ ਪ੍ਰਾਪਤ ਕਰਨ ਲਈ ਆਪਣੀ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਸਿੱਖਿਆ ਇੱਕ ਅਜਿਹਾ ਧਨ ਹੈ ਜਿਸਨੂੰ ਕੋਈ ਚੋਰ ਕਦੇ ਵੀ ਚੋਰੀ ਨਹੀਂ ਕਰ ਸਕਦਾ। ਇਹ ਧਨ, ਮਨੁੱਖ ਦੇ ਦਿਮਾਗ ਅਤੇ ਦਿਲ ਦੇ ਖਜ਼ਾਨੇ ਵਿੱਚ ਸੁਰੱਖਿਅਤ ਰਹਿੰਦਾ ਹੈ ਅਤੇ ਇਸਦੀ ਮਦਦ ਨਾਲ ਮਨੁੱਖ ਆਪਣੇ ਜੀਵਨ ਵਿੱਚ ਹਰ ਤਰ੍ਹਾਂ ਦੀ ਸਫਲਤਾ ਪ੍ਰਾਪਤ ਕਰ ਸਕਦਾ ਹੈ।

ਇਸ ਨਾਲ ਸਾਨੂੰ ਜ਼ਿੰਦਗੀ ਵਿੱਚ ਹਰ ਤਰ੍ਹਾਂ ਦੀ ਉਚਾਈਆਂ ਨੂੰ ਛੂਹਣ ਦੀ ਤਾਕਤ ਮਿਲਦੀ ਹੈ। ਸਮਾਗਮ ਵਿੱਚ ਪ੍ਰਸਿੱਧ ਸਿੱਖਿਆ ਸ਼ਾਸਤਰੀ ਅਨਿਲ ਕੁਮਾਰ ਭਾਰਤੀ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਕਿ ਐਸ. ਡੀ.ਐਸ.ਈ. ਸੀਨੀਅਰ ਸੈਕੰਡਰੀ ਸਕੂਲ ਦੀ ਮਾਤ ਸੰਸਥਾ ਸ਼੍ਰੀ ਸਨਾਤਨ ਧਰਮ ਸਭਾ (ਰਜਿ:) ਪਟਿਆਲਾ ਦੇ ਪ੍ਰਧਾਨ ਲਾਲ ਚੰਦ ਜਿੰਦਲ, ਸੀਨੀਅਰ ਉਪ-ਪ੍ਰਧਾਨ ਸ਼੍ਰੀ ਵਿਜੇ ਮੋਹਨ ਗੁਪਤਾ, ਉਪ-ਪ੍ਰਧਾਨ ਸ਼੍ਰੀ ਐਨ.ਕੇ. ਜੈਨ, ਸਕੂਲ ਮੈਨੇਜਰ ਇੰਜੀਨੀਅਰ ਐਮ.ਐਮ. ਸਿਆਲ ਅਤੇ ਸਕੂਲ ਦੇ ਪ੍ਰਿੰਸੀਪਲ ਰਿਪੁਦਮਨ ਸਿੰਘ ਦੀ ਯੋਗ ਅਗਵਾਈ ਵਿੱਚ ਐਸ ਡੀ ਐਸ ਈ ਸੀਨੀਅਰ ਸੈਕੰਡਰੀ ਸਕੂਲ ਵਿੱਚ ਪਟਿਆਲਾ ਜ਼ਿਲ੍ਹੇ ਦੇ ਹਜ਼ਾਰਾਂ ਬੱਚਿਆਂ ਨੂੰ ਉੱਚ ਪੱਧਰੀ ਸਿੱਖਿਆ, ਅੰਤਰਰਾਸ਼ਟਰੀ ਪੱਧਰ ਤੇ ਖੇਡਾਂ ਅਤੇ ਸਨਾਤਨ ਧਰਮ ਦੀਆਂ ਪਵਿੱਤਰ ਕਦਰਾਂ-ਕੀਮਤਾਂ ਪ੍ਰਦਾਨ ਕੀਤੀ ਜਾ ਰਹੀਆਂ ਹਨ, ਜੋ ਕਿ ਸਾਡੇ ਸਾਰਿਆਂ ਲਈ ਬਹੁਤ ਮਾਣ ਦੀ ਗੱਲ ਹੈ। ਅੱਜ ਦੇ ਸਮਾਰੋਹ ਵਿੱਚ ਆਲ ਇੰਡੀਆ ਸ਼ੋਮਣੀ ਮੰਦਰ ਪ੍ਰਬੰਧਕ ਕਮੇਟੀ (ਰਜਿ:) ਪਟਿਆਲਾ ਵੱਲੋਂ ਸਕੂਲ ਦੇ ਹੋਣਹਾਰ ਵਿਦਿਆਰਥੀਆਂ ਲਈ 15,000 ਰੁਪਏ ਦੇ ਵਜ਼ੀਫ਼ੇ ਦਾ ਦੂਜਾ ਚੈੱਕ ਪ੍ਰਾਪਤ ਕਰਦੇ ਹੋਏ, ਸਕੂਲ ਦੇ ਪ੍ਰਿੰਸੀਪਲ ਰਿਪੁਦਮਨ ਸਿੰਘ ਨੇ ਸੰਸਥਾ ਦੇ ਸਾਰੇ ਸਤਿਕਾਰਯੋਗ ਪਦ ਅਧਿਕਾਰੀਆਂ ਅਤੇ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਸਕੂਲ ਵਿੱਚ ਐਸ.ਐਸ. ਮਾਸਟਰ ਦੇ ਰੂਪ ਵਿੱਚ 25 ਸਾਲਾਂ ਤਕ ਆਪਣੀਆਂ ਸੇਵਾਵਾਂ ਦੇ ਕੇ ਰਿਟਾਇਰ ਹੋਏ ਅਧਿਆਪਕ ਅਨਿਲ ਕੁਮਾਰ ਭਾਰਤੀ ਦੀ ਵੀ ਪ੍ਰਸ਼ੰਸਾ ਕੀਤੀ, ਜਿਨ੍ਹਾਂ ਦੇ ਯਤਨਾਂ ਸਦਕਾ ਸਕੂਲ ਦੇ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੇਣ ਦਾ ਇਹ ਸ਼ੁਭ ਕਾਰਜ ਲਗਾਤਾਰ ਕੀਤਾ ਜਾ ਰਿਹਾ ਹੈ। ਪ੍ਰੋਗਰਾਮ ਦੇ ਅੰਤ ਵਿੱਚ ਸੰਸਥਾ ਦੇ ਸੰਸਥਾਪਕ ਪ੍ਰਧਾਨ ਸਵਰਗੀ ਅਨਿਲ ਦੱਤ ਅਤੇ ਉਹਨਾਂ ਦੇ ਸਪੁੱਤਰ ਸਵਰਗੀ ਨਿਖਿਲ ਦੱਤ ਨੂੰ ਦੋ ਮਿੰਟ ਦਾ ਮੌਨ ਧਾਰਨ ਕਰ ਕੇ ਸ਼ਰਧਾਂਜਲੀ ਵੀ ਭੇਟ ਕੀਤੀ ਗਈ।

# ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਨਸ਼ਿਆਂ ਦੀ ਦੁਰਵਰਤੋਂ ਰੋਕਣ ਲਈ ਅਧਿਕਾਰੀਆਂ ਨੂੰ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼



ਲੁਧਿਆਣਾ, 19 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਆਉਣ ਵਾਲੀ ਦੀਵਾਲੀ ਅਤੇ ਛੱਠ ਪੂਜਾ ਦੇ ਮੱਦੇਨਜ਼ਰ, ਦੱਖਣੀ ਹਲਕੇ ਤੋਂ ਆਮ ਆਦਮੀ ਪਾਰਟੀ ਦੀ ਵਿਧਾਇਕਾ ਰਾਜਿੰਦਰਪਾਲ ਕੌਰ ਛੀਨਾ ਨੇ ਅੱਜ ਹਲਕੇ ਦੇ ਏਸੀਪੀ, ਐਸਐਚਓ ਅਤੇ ਚੌਕੀ ਇੰਚਾਰਜਾਂ ਨਾਲ ਮੀਟਿੰਗ ਕਰਕੇ ਤਿਉਹਾਰਾਂ ਦੌਰਾਨ ਸੁਰੱਖਿਆ ਪ੍ਰਬੰਧਾਂ ਦੀ ਸਮੀਖਿਆ ਕੀਤੀ। ਉਨ੍ਹਾਂ ਨੇ ਅਧਿਕਾਰੀਆਂ ਨੂੰ ਸਪੱਸ਼ਟ ਨਿਰਦੇਸ਼ ਦਿੱਤੇ ਕਿ ਨਸ਼ਿਆਂ ਦੀ ਦੁਰਵਰਤੋਂ ਨੂੰ ਰੋਕਣ ਲਈ ਸਖ਼ਤ ਅਤੇ ਪ੍ਰਭਾਵਸ਼ਾਲੀ ਕਦਮ ਚੁੱਕੇ ਜਾਣ।

ਵਿਧਾਇਕ ਛੀਨਾ ਨੇ ਕਿਹਾ ਕਿ ਤਿਉਹਾਰਾਂ ਦੌਰਾਨ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਸਾਰੇ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਹਲਕੇ ਦੇ ਹਰ ਹਿੱਸੇ ਵਿੱਚ ਸ਼ਾਂਤੀ ਅਤੇ ਕਾਨੂੰਨ-ਵਿਵਸਥਾ ਕਾਇਮ ਰਹੇ।

ਉਨ੍ਹਾਂ ਨੇ ਕਿਹਾ ਕਿ ਭੀੜ-ਭੜੱਕੇ ਵਾਲੇ ਖੇਤਰਾਂ, ਬਾਜ਼ਾਰਾਂ ਅਤੇ ਧਾਰਮਿਕ ਸਥਾਨਾਂ ਵਿੱਚ ਪੁਲਿਸ ਗਸ਼ਤ ਨੂੰ ਮਜ਼ਬੂਤ ਕੀਤਾ ਜਾਵੇ ਅਤੇ ਹਰ ਸਮੇਂ ਸੀਸੀਟੀਵੀ ਨਿਗਰਾਨੀ ਜਾਰੀ ਰਹੇ। ਵਿਧਾਇਕਾ ਨੇ ਹੁਕਮ ਦਿੱਤਾ ਕਿ ਸਮਾਜ ਵਿਰੋਧੀ ਤੱਤਾਂ ਅਤੇ ਅਰਾਜਕ ਗਤੀਵਿਧੀਆਂ ਵਿਰੁੱਧ ਤੁਰੰਤ ਸਖ਼ਤ ਕਾਰਵਾਈ ਕੀਤੀ ਜਾਵੇ, ਨਾਲ ਹੀ ਸ਼ੱਕੀ ਵਿਅਕਤੀਆਂ 'ਤੇ ਵਿਸ਼ੇਸ਼ ਨਜ਼ਰ ਰੱਖੀ ਜਾਵੇ।

ਉਨ੍ਹਾਂ ਕਿਹਾ ਕਿ ਸਰਕਾਰ ਦੀ ਪਹਿਲ ਹੈ ਕਿ ਹਰ ਨਾਗਰਿਕ ਤਿਉਹਾਰਾਂ ਨੂੰ ਸੁਰੱਖਿਅਤ ਅਤੇ ਸ਼ਾਂਤਮਈ ਮਾਹੌਲ ਵਿੱਚ ਮਨਾਏ। ਇਸ ਲਈ ਪੁਲਿਸ ਵਿਭਾਗ, ਪ੍ਰਸ਼ਾਸਨ ਅਤੇ ਸਥਾਨਕ ਸਮਾਜਿਕ ਸੰਸਥਾਵਾਂ ਨੂੰ ਮਿਲਜੁਲ ਕੇ ਕੰਮ ਕਰਨ ਦੀ ਲੋੜ ਹੈ ਤਾਂ ਜੋ ਕਿਸੇ ਵੀ ਅਣਚਾਹੀ ਘਟਨਾ ਤੋਂ ਬਚਿਆ ਜਾ ਸਕੇ।

# ਯਿਸੂ ਨੂੰ ਹਿਸਾਬ 'ਚ ਸੀ ਦਿਲਚਸਪੀ

**ਈਸਾਈ ਧਰਮ ਦੇ ਬਾਨੀ ਯਿਸੂ ਮਸੀਹ ਦੇ ਬਚਪਨ ਦੇ ਉਹ ਅਦਭੁੱਤ 18 ਸਾਲ, ਜਿਨ੍ਹਾਂ ਦੇ ਵੇਰਵੇ ਪਵਿੱਤਰ ਬਾਈਬਲ ਵਿਚ ਨਹੀਂ ਮਿਲਦੇ।**

*(ਆਧਾਰ/ਸਰੋਤ - ਇੰਗਲੈਂਡ ਦੇ 'ਬਾਈਬਲ ਡੌਟ ਔਰਗ ਡੌਟ ਯੂ.ਕੇ.' ਵੱਲੋਂ ਪ੍ਰਕਾਸ਼ਿਤ 1,262 ਪੰਨਿਆਂ ਦੀ ਵਿਸ਼ਵ ਪ੍ਰਸਿੱਧ ਪੁਸਤਕ 'ਯੂਰੈਂਸ਼ੀਆ', ਜੋ ਪਹਿਲੀ ਵਾਰ 1925 ਤੋਂ ਲੈ ਕੇ 1955 ਦੌਰਾਨ ਕਿਸੇ ਵੇਲੇ ਅਮਰੀਕੀ ਸੂਬੇ ਇਲੀਨੋਇ ਦੇ ਸ਼ਹਿਰ ਸ਼ਿਕਾਗੋ 'ਚ ਸਾਹਮਣੇ ਆਈ ਸੀ)*

ਇਸੇ ਵਰ੍ਹੇ ਯਿਸੂ ਦਮਿਸ਼ਕ (ਸੀਰੀਆ ਦੀ ਰਾਜਧਾਨੀ) ਤੋਂ ਆਏ ਗਣਿਤ ਦੇ ਅਧਿਆਪਕ ਨੂੰ ਮਿਲੇ ਸਨ ਅਤੇ ਉਨ੍ਹਾਂ ਤੋਂ ਸੰਖਿਆਵਾਂ ਦੀਆਂ ਨਵੀਆਂ ਤਕਨੀਕਾਂ ਸਿੱਖੀਆਂ ਸਨ। ਉਨ੍ਹਾਂ ਨੂੰ ਸੰਖਿਆਵਾਂ, ਦੂਰੀਆਂ ਤੇ ਅਨੁਪਾਤਾਂ ਦੇ ਪ੍ਰਸ਼ਨਾਂ ਵਿਚ ਬਹੁਤ ਦਿਲਚਸਪੀ ਰਹਿੰਦੀ ਸੀ (ਯੂਰੈਂਸ਼ੀਆ-123:6.3) ਇਸੇ ਵਰ੍ਹੇ ਯਿਸੂ ਆਪਣੇ ਸਕੇ ਦੁਨਿਆਵੀ ਭਰਾ ਜੇਮਸ (ਯਾਕੂਬ) ਨੂੰ ਕੁਝ ਨਵਾਂ ਸਿਖਾਉਣ ਵਿਚ ਵਧੇਰੇ ਦਿਲਚਸਪੀ ਲੈਣ ਲੱਗੇ ਸਨ। ਇਸੇ ਸਾਲ ਦੇ ਅੰਤ ਤਕ ਉਨ੍ਹਾਂ ਨੇ ਜੇਮਸ ਨੂੰ ਭਾਸ਼ਾ ਦੇ ਵੱਖੋ-ਵੱਖਰੇ ਅੱਖਰਾਂ ਦਾ ਗਿਆਨ ਦੇਣਾ ਸ਼ੁਰੂ ਕਰ ਦਿੱਤਾ ਸੀ (ਯੂਰੈਂਸ਼ੀਆ-123:6.4)

ਇਸੇ ਉਮਰ ਵਿਚ ਯਿਸੂ ਹਾਰਪ (ਸਿਤਾਰ ਜਾਂ ਵੀਣਾ ਜਿਹਾ ਇਕ ਸੰਗੀਤ ਯੰਤਰ) ਬਹੁਤ ਵਧੀਆ ਵਜਾ ਲੈਂਦੇ ਸਨ। ਉਨ੍ਹਾਂ ਨੂੰ ਸੰਗੀਤ ਦੀ ਬਹੁਤ ਵਧੀਆ ਸਮਝ ਸੀ। ਦੂਜੇ ਬੱਚਿਆਂ ਨੂੰ ਹਾਰਪ ਦੇ ਪਾਠ ਪੜ੍ਹਾਉਣ ਬਦਲੇ ਉਹ ਕਦੇ-ਕਦੇ ਡੇਅਰੀ ਉਤਪਾਦ ਵੀ ਲੈ ਲੈਂਦੇ ਸਨ। ਇਸੇ ਲਈ ਉਨ੍ਹਾਂ ਨੇ ਹੋਰ ਨੌਜਵਾਨਾਂ ਵਿਚ ਵੀ ਵੋਕਲ ਸੰਗੀਤ 'ਚ ਦਿਲਚਸਪੀ ਪੈਦਾ ਕਰਨ ਦੇ ਜਤਨ ਕੀਤੇ ਸਨ। ਗਿਆਰਾਂ ਸਾਲ ਦੀ ਉਮਰ 'ਚ ਤਾਂ ਉਹ ਹਾਰਪ ਵਜਾਉਣ ਵਿਚ ਮਾਹਿਰ ਹੋ ਗਏ ਸਨ। ਉਸੇ ਨਾਲ ਉਹ ਆਪਣੇ ਪਰਿਵਾਰ, ਰਿਸ਼ਤੇਦਾਰਾਂ ਤੇ ਦੋਸਤਾਂ ਦਾ ਮਨੋਰੰਜਨ ਕਰਦੇ ਸਨ। ਉਹ ਆਪਣੇ ਵੱਲੋਂ ਬਹੁਤ ਸਾਰੀਆਂ ਨਵੀਆਂ ਧੁਨਾਂ ਬਣਾਉਣ ਦੇ ਯੋਗ ਸਨ (ਯੂਰੈਂਸ਼ੀਆ-123:6.5)

ਸਕੂਲ ਵਿਚ ਬਾਲ ਯਿਸੂ ਦਾ ਇੰਨਾ ਮਾਣ-ਸਨਮਾਨ ਵੇਖ ਕੇ ਉਨ੍ਹਾਂ ਦੇ ਕੁਝ ਸਾਥੀ ਵਿਦਿਆਰਥੀਆਂ ਨੂੰ ਕਦੇ ਉਨ੍ਹਾਂ ਤੋਂ ਈਰਖਾ ਵੀ ਹੋਣ ਲੱਗਦੀ ਸੀ। ਅਧਿਆਪਕ ਵੀ ਬਹੁਤ ਵਾਰ ਉਨ੍ਹਾਂ ਦੇ ਪ੍ਰਸ਼ਨਾਂ ਦੇ ਉੱਤਰ ਦੇਣ ਤੋਂ ਘਬਰਾਉਂਦੇ ਸਨ ਕਿਉਂਕਿ ਉਹ ਵਿਗਿਆਨ ਤੇ ਧਰਮ ਨਾਲ ਸਬੰਧਤ ਕੁਝ ਅਜਿਹੇ ਵਿਲੱਖਣ ਕਿਸਮ ਦੇ ਪ੍ਰਸ਼ਨ ਪੁੱਛ ਲੈਂਦੇ ਸਨ ਕਿ ਜਿਨ੍ਹਾਂ ਦੇ ਉੱਤਰ ਛੇਤੀ ਕਿਤੇ ਕਿਸੇ ਅਧਿਆਪਕ ਕੋਲ ਵੀ ਨਹੀਂ ਹੁੰਦੇ ਸਨ। ਉਦਾਹਰਣ ਵਜੋਂ ਉਹ ਪੁੱਛਿਆ ਕਰਦੇ ਸਨ ਕਿ ਇਹ ਖ਼ੁਸ਼ਕ ਮੌਸਮ ਕਿਉਂ ਹੁੰਦਾ ਹੈ, ਫ਼ਲਸਤੀਨ ਵਿਚ ਵਰਖਾ ਕਿਉਂ ਹੁੰਦੀ ਹੈ। ਇਕ ਇਹ ਪ੍ਰਸ਼ਨ ਵੀ ਉਹ ਆਮ ਪੁੱਛਦੇ ਸਨ ਕਿ ਨਾਸਰਤ ਤੇ ਜੌਰਡਨ (ਯਰਦਨ) ਵਾਦੀ ਦੇ ਤਾਪਮਾਨ ਵਿਚ ਇੰਨਾ ਜ਼ਿਆਦਾ ਫ਼ਰਕ ਕਿਉਂ ਹੈ। ਉਹ ਅਜਿਹੇ ਪ੍ਰਸ਼ਨਾਂ ਦੀ ਬੁਛਾੜ ਕਰ ਦਿੰਦੇ ਸਨ ਕਿ ਅਧਿਆਪਕ ਵੀ ਘਬਰਾ ਜਾਂਦਾ ਸੀ (ਯੂਰੈਂਸ਼ੀਆ-123:6.6)

ਇਸੇ ਵਰ੍ਹੇ ਭਾਵ ਸੰਨ 2 ਦੀ 14 ਅਪ੍ਰੈਲ ਸ਼ੁੱਕਰਵਾਰ ਸ਼ਾਮੀਂ ਯਿਸੂ ਦੇ ਤੀਜੇ ਦੁਨਿਆਵੀ ਭਰਾ ਸਾਈਮਨ (ਸ਼ਮੌਨ) ਦਾ ਜਨਮ ਹੋਇਆ ਸੀ (ਯੂਰੈਂਸ਼ੀਆ-123:6.7)

ਯੇਰੂਸਲੇਮ ਸਥਿਤ ਰੱਬੀਆਂ ਦੀ ਇਕ ਅਕੈਡਮੀ ਦੇ ਇਕ ਅਧਿਆਪਕ ਨਾਹੋਰ ਖ਼ਾਸ ਤੌਰ 'ਤੇ ਬਾਲ ਯਿਸੂ ਨੂੰ ਵੇਖਣ ਲਈ ਨਾਸਰਤ ਪੁੱਜੇ। ਜੌਨ (ਯੂਹੰਨਾ) ਦੇ ਪਿਤਾ ਨੇ ਇਸ ਵਿਲੱਖਣ ਬਾਲਕ ਨੂੰ ਵੇਖਣ ਲਈ ਸੱਦਿਆ ਸੀ। ਨਾਹੋਰ ਨੇ ਵੇਖਿਆ ਕਿ ਯਿਸੂ ਕਿਵੇਂ ਬੇਬਾਕ ਤਰੀਕੇ ਨਾਲ ਗੱਲ ਕਰਦੇ ਸਨ ਤੇ ਰਵਾਇਤ ਤੋਂ ਹਟ ਕੇ ਉਹ ਆਮ ਵਸਤਾਂ ਨੂੰ ਵੀ ਕਿੰਨੀ ਸਹਿਜਤਾ ਨਾਲ ਧਰਮ ਨਾਲ ਜੋੜ ਦਿੰਦੇ ਸਨ। ਯਿਸੂ ਦੀ ਸੂਝਬੂਝ ਨੂੰ ਪਰਖਣ ਤੋਂ ਬਾਅਦ ਅਧਿਆਪਕ ਨਾਹੋਰ ਤਦ ਪਿਤਾ ਯੂਸਫ਼ ਤੇ ਮਾਂ ਮਰੀਅਮ ਨੂੰ ਮਿਲੇ ਅਤੇ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਉਹ ਯਿਸੂ ਨੂੰ ਉਨ੍ਹਾਂ ਨਾਲ ਯੇਰੂਸਲੇਮ ਜਾਣ ਦੇਣ, ਜਿੱਥੋਂ ਦੇ ਪ੍ਰਮੁੱਖ ਯਹੂਦੀ ਕੇਂਦਰ ਵਿਚ ਉਹ ਹੋਰ ਵੀ ਉੱਚ ਮਿਆਰੀ ਸਿੱਖਿਆ ਤੇ ਸਿਖਲਾਈ ਹਾਸਲ ਕਰ ਸਕਦੇ ਹਨ। ਮਾਂ ਮਰੀਅਮ ਤਦ ਕੁਝ ਸੋਚੀਂ ਪੈ ਗਏ, ਉਨ੍ਹਾਂ ਨੂੰ ਆਪਣੇ ਅੰਦਰ ਪੂਰਨ ਵਿਸ਼ਵਾਸ ਸੀ ਕਿ ਉਨ੍ਹਾਂ ਦਾ ਵੱਡਾ ਬੇਟਾ ਇਕ ਦਿਨ ਜ਼ਰੂਰ 'ਮਸੀਹਾ' ਬਣੇਗਾ। ਪਿਤਾ ਯੂਸਫ਼ ਵੀ ਇਸ ਪ੍ਰਸਤਾਵ ਨੂੰ ਮੰਨਣ ਵਿਚ ਕੁਝ ਝਿਜਕਣ ਲੱਗੇ ਸਨ। ਉਨ੍ਹਾਂ ਨੂੰ ਵੀ ਆਪਣੇ ਪੁੱਤਰ ਯਿਸੂ ਵਿਚ ਬਹੁਤ ਸਾਰੀਆਂ ਗੱਲਾਂ ਅਦਭੁੱਤ ਲੱਗਦੀਆਂ ਸਨ (ਯੂਰੈਂਸ਼ੀਆ-123:6.8)



ਅਨੁਵਾਦ -ਮਹਿਤਾਬ-ਉਦ-ਦੀਨ

# ਇੱਛਾਵਾਂ ਪੂਰੀਆਂ ਕਰਦੇ ਨੇ ਨਰਾਤੇ

ਅਸੀਂ ਮਾਂ ਦੇ ਚਰਨਾਂ 'ਚ ਹੀ ਆਪਣੀ ਸਭ ਤੋਂ ਵੱਧ ਸ਼ਰਧਾ ਭੇਟ ਕਰਦੇ ਹਾਂ। ਸ਼ਕਤੀ ਦੀ ਭਗਤੀ ਕਰਨਾ ਸਾਡੇ ਸਭਿਆਚਾਰ ਦਾ ਅਧਾਰ ਹੈ। ਸਰਵਵਿਆਪੀ ਚੇਤਨਾ (ਸ਼ਕਤੀ) ਦੀ ਭਗਤੀ ਮਾਂ-ਰੂਪ 'ਚ ਕੀਤੀ ਜਾਂਦੀ ਹੈ। ਇਹ ਸਰਵ ਪ੍ਰਵਾਨਤ ਹੈ ਕਿ ਸੰਸਾਰ ਦੇ ਸਾਰੇ ਪ੍ਰਾਣੀਆਂ ਲਈ ਮਾਂ ਦੀ ਵਿਸ਼ੇਸ਼ ਮਹਿਮਾ ਹੈ। ਵਿਅਕਤੀ ਆਪਣੀ ਸਭ ਤੋਂ ਵੱਧ ਸ਼ਰਧਾ ਮਾਂ ਦੇ ਚਰਨਾਂ 'ਚ ਹੀ ਅਰਪਿਤ ਕਰਦਾ ਹੈ। ਸਭ ਤੋਂ ਪਹਿਲਾਂ ਮਾਂ 'ਚ ਹੀ ਦੇਵਤਵ ਦੇ ਦਰਸ਼ਨ ਹੁੰਦੇ ਹਨ। ਜੋ ਲੋਕ ਕਹਿੰਦੇ ਹਨ ਕਿ ਪੂਜਾ 'ਚ ਕੋਈ ਕਮੀ ਹੋ ਜਾਣ ਨਾਲ ਮਾਂ ਨਾਰਾਜ਼ ਹੋ ਜਾਂਦੀ ਹੈ,ਉਹ ਗ਼ਲਤ ਹਨ। ਭਗਤ ਜਗਦੰਬੇ ਮਾਂ ਦੀ ਕਿਰਪਾ ਤੋਂ ਵਿਰਵਾ ਨਹੀਂ ਹੁੰਦਾ। ਤੱਤ ਗਿਆਨ ਕਹਿੰਦਾ ਹੈ ਕਿ ਇਹ ਸੰਪੂਰਣ ਬ੍ਰਹਿਮੰਡ ਕਿਸੇ ਦੈਵੀ ਸ਼ਕਤੀ ਨਾਲ ਹੀ ਸੰਚਾਲਤ ਹੋ ਰਿਹਾ ਹੈ। ਉਹ ਪਰਮੇਸ਼ਵਰੀ ਹੀ ਵੱਖ ਵੱਖ ਸ਼ਕਤੀਆਂ ਦੇ ਰੂਪ 'ਚ ਸਦਾ ਕੰਮ ਕਰ ਰਹੀਆਂ ਹਨ। ਜਿਥੇ ਸ਼ਕਤੀ ਨਹੀਂ ਉੱਥੇ ਸ਼ੂਨਯਤਾ ਹੈ। ਦੇਵੀ ਭਾਗਵਤ 'ਚ ਖ਼ੁਦ ਭਗਵਤੀ ਆਪਣਾ ਪਰੀਚੈ ਦਿੰਦੇ ਹੋਏ ਕਹਿੰਦੇ ਨੇ ਇਹ ਸੰਪੂਰਣ ਜਗਤ ਮੈਂ ਹੀ ਹਾਂ ਮੇਰੇ ਬਿਨਾਂ ਹੋਰ ਕੋਈ ਅਵਿਨਾਸ਼ੀ ਤੱਤ ਨਹੀਂ ਹੈ। ਸ਼ਕਤੀ ਕਾਰਨ ਹੀ ਅਸੀਂ ਗਤੀਸ਼ੀਲ ਰਹਿ ਸਕਦੇ ਹਾਂ।

ਮਾਨਤਾ ਹੈ ਕਿ ਨਰਾਤਿਆਂ ਦੇ ਨੌਂ ਦਿਨ ਦਿਵਯ ਊਰਜਾ ਨਾਲ ਪੂਰੇ ਹੁੰਦੇ ਹਨ, ਇਸ ਲਈ ਇਹ ਸਮਾਂ ਸ਼ਕਤੀ ਦੀ ਅਰਾਧਨਾ ਲਈ ਸਭ ਤੋਂ ਢੁੱਕਵਾਂ ਮੰਨਿਆ ਜਾਂਦਾ ਹੈ। ਲੋਕ ਆਪਣੇ ਆਪ ਪਰੰਪਰਾ ਅਨੁਸਾਰ ਵਰਤ ਰੱਖਦੇ ਹਨ। ਦਰਅਸਲ, 'ਵਰਤ' ਦਾ ਮੂਲ ਉਦੇਸ਼ ਹੈ ਸੰਜਮ ਦੀ ਪ੍ਰਾਪਤੀ ਕਿਉਂਕਿ ਸੰਜਮੀ ਹੀ ਸ਼ਕਤੀ ਨੂੰ ਸਮੋ ਸਕਦਾ ਹੈ।

ਵਰਤ ਦੇ ਚੱਕਰ 'ਚ ਕਦੇ-ਕਦੇ ਆਮ ਲੋਕ ਕਰਮਕਾਂਡ ਦੀ ਜਟਿਲਤਾ 'ਚ ਉਲਝ ਜਾਂਦੇ ਹਨ, ਜੋ ਉਚਿੱਤ ਨਹੀਂ। ਆਮ ਇਨਸਾਨ ਨੂੰ ਸਮਰੱਥਾ ਅਨੁਸਾਰ ਹੀ ਵਰਤ ਅਤੇ ਉਪਾਸਨਾ ਕਰਨੀ ਚਾਹੀਦੀ ਹੈ। ਵਰਤ ਦਾ ਉਹੋ ਵਿਧਾਨ ਅਪਨਾਉਣਾ ਉਚਿਤ ਹੈ, ਜੋ ਤੁਹਾਡਾ ਸਰੀਰ ਸਹਿ ਸਕੇ। ਵਰਤ ਦਾ ਮਤਲਬ ਸਰੀਰਕ ਕਸ਼ਟ ਭੋਗਣਾ ਬਿਲਕੁਲ ਨਹੀਂ ਹੈ। ਜਿਸ ਤਰ੍ਹਾਂ ਦੀਪ ਦੀ ਰੋਸ਼ਨੀ ਨਾਲ ਹਨੇਰਾ ਦੂਰ ਹੋ ਜਾਂਦਾ ਹੈ, ਉਸੇ ਤਰ੍ਹਾਂ ਨਰਾਤਿਆਂ 'ਚ ਕਲਸ਼ 'ਤੇ ਸਥਾਪਤ ਅਖੰਡ-ਜੋਤੀ ਨਾਲ ਰੋਸ਼ਨ ਵਾਤਾਵਰਨ 'ਚ ਮਨ 'ਚ ਪਈ ਨਿਰਾਸ਼ਾ ਦਾ ਹਨੇਰਾ ਖ਼ਤਮ ਹੋ ਜਾਂਦਾ ਹੈ। ਅਧਿਆਤਮਕ ਊਰਜਾ ਦੇ ਸਿੰਜਣ ਨਾਲ ਮਨੋਬਲ ਵਧਦਾ ਹੈ। ਇਸ ਨਾਲ ਇੱਛਾ ਸ਼ਕਤੀ ਵੀ ਬਲਵਾਨ ਹੁੰਦੀ ਹੈ। ਮਨ ਜਦ ਨਿਰਾਸ਼ਾ ਦਾ ਸ਼ਿਕਾਰ ਹੋ ਜਾਂਦਾ ਹੈ ਉਦੋਂ ਉਸ ਨੂੰ ਉੱਥੋਂ ਕੱਢਣ ਲਈ ਪ੍ਰਬਲ ਇੱਛਾ ਸ਼ਕਤੀ ਦੀ ਜ਼ਰੂਰਤ ਹੁੰਦੀ ਹੈ। ਨਰਾਤਿਆਂ 'ਚ ਸ਼ਕਤੀ ਦੀ ਮੂਰਤ ਦੁਰਗਾ ਮਾਤਾ ਦੀ ਉਪਾਸਨਾ ਕਰਨ ਵਾਲਿਆਂ ਨੂੰ ਆਤਮਿਕ ਬਲ ਪ੍ਰਾਪਤ ਹੁੰਦਾ ਹੈ, ਜਿਸ ਨਾਲ ਸਫ਼ਲਤਾ ਦਾ ਮਾਰਗ ਖ਼ੁਦ ਖੁੱਲ੍ਹ ਜਾਂਦਾ ਹੈ।

• ਡਾ. ਅਤੁਲ ਟੰਡਨ



### ਨਰਾਤਿਆਂ ਦਾ ਸ਼ੁਭ ਆਰੰਭ

*ਆਮ ਤੌਰ 'ਤੇ ਨਰਾਤੇ-ਵਰਤ ਦਾ ਸ਼ੁਭ ਆਰੰਭ ਲੋਕ ਪਹਿਲੇ ਦਿਨ ਕਲਸ਼ ਸਥਾਪਨਾ ਨਾਲ ਕਰਦੇ ਹਨ। ਕਲਸ਼ ਆਮ ਤੌਰ 'ਤੇ ਮਿੱਟੀ ਦਾ ਬਣਿਆ ਹੁੰਦਾ ਹੈ। ਤੱਤ ਵਿਗਿਆਨ ਮੁਤਾਬਕ ਧਰਤੀ ਤੱਤ ਦੇ ਮਾਲਕ ਸ਼ਿਵ ਭਗਵਾਨ ਹਨ। ਕਲਸ਼ 'ਚ ਪਾਣੀ ਭਰਿਆ ਜਾਂਦਾ ਹੈ। ਜਲ ਤੱਤ ਦੇ ਮਾਲਕ ਗਣਪਤੀ ਗਣੇਸ਼ ਹਨ। ਸ਼ੁਧ ਪਾਣੀ ਨਾਲ ਭਰੇ ਕਲਸ਼ 'ਤੇ ਦੀਵਾ ਜਗਾਇਆ ਜਾਂਦਾ ਹੈ। ਅਗਨੀ ਤੱਤ ਦੀ ਅਧਿਸ਼ਠਾਤਰੀ ਭਵਾਨੀ (ਸ਼ਕਤੀ) ਹੈ। ਅਸਤੂ ਕਲਸ਼-ਸਥਾਪਨਾ ਨਾਲ ਦੁਰਗਾ ਜੀ ਆਪਣੇ ਪੁੱਤਰ ਗਣਪਤੀ ਅਤੇ ਪਤੀ ਸ਼ਿਵ ਜੀ ਨਾਲ ਵਿਰਾਜਮਾਨ ਹੋ ਜਾਂਦੀ ਹੈ।*

*ਤੱਤ ਵਿਗਿਆਨ ਦ੍ਰਿਸ਼ਟੀ ਤੋਂ ਕਲਸ਼ ਉਪਰ ਜਲ ਰਹੀ ਦੀਪ ਜੋਤੀ ਜਗਦੰਬਾ ਦੀ ਪ੍ਰਤੀਕ ਹੀ ਨਹੀਂ, ਪ੍ਰਤੀਨਿਧੀ ਵੀ ਹੈ। ਇਸ ਲਈ ਨਰਾਤੇ 'ਚ ਅਖੰਡ-ਜੋਤੀ ਜਲਾਈ ਜਾਂਦੀ ਹੈ ਤਾਂ ਕਿ ਇਸ ਮਹਾਂਪਰਬ ਦੇ ਪੂਰੇ ਸਮੇਂ ਦੇਵੀ ਮਾਂ ਘਰ 'ਚ ਹਾਜ਼ਰ ਰਹੇ। ਕੀਤੀ ਜਾ ਸਕਦੀ ਹੈ।*

# ਯੌਮ-ਏ-ਆਸ਼ੂਰਾ ਦਾ ਇਸਲਾਮੀ ਮਹੱਤਵ

**ਹਜ਼ਰਤ ਹੁਸੈਨ ਉਹ ਅਜ਼ੀਮ ਵਿਅਕਤੀ ਸਾਬਿਤ ਹੋਏ ਜਿਨ੍ਹਾਂ ਇਕ-ਇਕ ਕਰ ਕੇ ਸਾਰੇ ਸਕੇ-ਸਬੰਧੀ ਸ਼ਹੀਦ ਕਰਵਾ ਦਿੱਤੇ ਪਰ ਜ਼ੁਲਮ ਤੇ ਜ਼ਾਲਿਮ ਅੱਗੇ ਸਿਰ ਨਹੀਂ ਝੁਕਾਇਆ। ਆਪ ਨੇ ਜ਼ਾਲਮ ਦੀ ਹਕੂਮਤ ਨੂੰ ਸਵੀਕਾਰ ਨਾ ਕੀਤਾ ਤੇ ਕੁਰਬਾਨੀ ਦੀ ਅਜਿਹੀ ਮਿਸਾਲ ਪੇਸ਼ ਕੀਤੀ ਕਿ ਅੱਜ ਵੀ ਦੁਨੀਆ ਹੈਰਾਨ ਹੈ...**

ਪ੍ਰਿੰਸੀਪਲ ਯਾਸੀਨ ਅਲੀ

"ਨਾ ਯਜ਼ੀਦ ਕਾ ਵੋਹ ਸਿਤਮ ਰਹਾ ਨਾ
ਜ਼ਿਆਦ ਕੀ ਵੋਹ ਜਫਾ ਰਹੀ,
ਜੋ ਰਹਾ ਤੋ ਨਾਮ ਹੁਸੈਨ ਕਾ ਜਿਸੇ
ਜ਼ਿੰਦਾ ਰੱਖਤੀ ਹੈ ਕਰਬਲਾ"

ਹਜ਼ਰਤ ਅਲੀ (ਰਜ਼ੀ:) ਦੀ ਸ਼ਹੀਦੀ ਤੋਂ ਬਾਅਦ ਖਿਲਾਫਤ (ਹਕੂਮਤ) ਦੇ ਮੁੱਦੇ 'ਤੇ ਇਕ ਵਾਰ ਫਿਰ ਮੁਸਲਮਾਨਾਂ 'ਚ ਤਲਵਾਰਾਂ ਤਣ ਗਈਆਂ ਅਤੇ ਉਹ ਸਮਾਂ ਦੂਰ ਨਹੀਂ ਸੀ ਜਦੋਂ ਮੁਸਲਮਾਨਾਂ ਦਾ ਖ਼ੂਨ ਪਾਣੀ ਦੀ ਤਰ੍ਹਾਂ ਵਹਿ ਜਾਂਦਾ। ਪ੍ਰੰਤੂ ਹਜ਼ਰਤ ਹਸਨ ਨੇ ਬੜੀ ਸਿਆਣਪ ਤੋਂ ਕੰਮ ਲੈਂਦਿਆਂ ਆਪਣਾ ਦਾਅਵਾ ਵਾਪਸ ਲੈ ਲਿਆ। ਜਦੋਂ ਕਿ ਉਨ੍ਹਾਂ ਦੇ ਭਰਾ ਹਜ਼ਰਤ ਹੁਸੈਨ ਨੇ ਉਨ੍ਹਾਂ ਨੂੰ ਇਸ ਤਰ੍ਹਾਂ ਕਰਨ ਤੋਂ ਰੋਕਿਆ ਵੀ। ਹਜ਼ਰਤ ਹਸਨ ਦੇ ਦਿਹਾਂਤ ਤੋਂ ਬਾਅਦ ਭਾਵੇਂ ਹਜ਼ਰਤ ਹੁਸੈਨ ਨੇ ਹਜ਼ਰਤ ਮਾਵੀਆ (ਉਸ ਸਮੇਂ ਦੇ ਖਲੀਫਾ) ਦੀ ਹਕੂਮਤ ਨੂੰ ਤਸਲੀਮ ਨਹੀਂ ਕੀਤਾ ਪਰ ਉਨ੍ਹਾਂ ਦਾ ਆਪਸ 'ਚ ਰਿਸ਼ਤਾ ਖੁਸ਼ਗਵਾਰ ਰਿਹਾ। ਅਮੀਰ ਮਾਵੀਆ ਨੇ ਆਪਣੀ ਜ਼ਿੰਦਗੀ 'ਚ ਹੀ ਆਪਣੇ ਪੁੱਤਰ ਯਜ਼ੀਦ ਨੂੰ ਆਪਣਾ ਉੱਤਰਾ-ਅਧਿਕਾਰੀ ਨਿਯੁਕਤ ਕਰ ਦਿੱਤਾ ਸੀ। ਕੁੱਝ ਲੋਕ ਅਜਿਹੇ ਵੀ ਸਨ ਜਿਨ੍ਹਾਂ ਨੇ ਉਸ ਨੂੰ ਖਲੀਫਾ ਮੰਨਣ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ ਜਿਨ੍ਹਾਂ 'ਚ ਹਜ਼ਰਤ ਹੁਸੈਨ ਦਾ ਨਾਂ ਸਭ ਤੋਂ ਮੂਹਰੇ ਸੀ। ਮਰਨ ਤੋਂ ਪਹਿਲਾਂ ਅਮੀਰ ਮਾਵੀਆ ਨੇ ਆਪਣੇ ਪੁੱਤਰ ਯਜ਼ੀਦ ਨੂੰ ਵਸੀਅਤ ਕੀਤੀ ਸੀ ਕਿ ਉਹ ਹਜ਼ਰਤ ਹੁਸੈਨ ਨੂੰ ਉਸ ਨੂੰ ਖਲੀਫਾ ਮੰਨਣ ਲਈ ਮਜਬੂਰ ਨਾ ਕਰੇ ਕਿਉਂਕਿ ਉਸ ਦੀਆਂ ਰਗ਼ਾਂ 'ਚ ਹਜ਼ਰਤ ਮੁਹੰਮਦ ਸਾਹਿਬ ਦਾ ਖ਼ੂਨ ਹੈ।

ਕਾਬਲੇ ਗੌਰ ਹੈ ਕਿ ਹਜ਼ਰਤ ਹਸਨ ਤੇ ਹਜ਼ਰਤ ਹੁਸੈਨ, ਮੁਹੰਮਦ ਸਾਹਿਬ ਦੇ ਦੋਹਤੇ ਤੇ ਹਜ਼ਰਤ ਅਲੀ ਦੇ ਬੇਟੇ ਸਨ। ਪ੍ਰੰਤੂ ਯਜ਼ੀਦ ਨੇ ਹਕੂਮਤ ਦੇ ਨਸ਼ੇ 'ਚ ਇਸ ਵਸੀਅਤ ਦੀ ਕੋਈ ਪਰਵਾਹ ਨਾ ਕੀਤੀ ਅਤੇ ਮਦੀਨੇ ਦੇ ਹਾਕਮ ਨੂੰ ਲਿਖ ਭੇਜਿਆ ਕਿ ਹਜ਼ਰਤ ਹੁਸੈਨ ਨੂੰ ਮੈਨੂੰ ਹਾਕਮ ਮੰਨਣ ਲਈ ਮਜਬੂਰ ਕਰੇ। ਹਜ਼ਰਤ ਹੁਸੈਨ ਕਿਸੇ ਤਰ੍ਹਾਂ ਵੀ ਨਾ ਮੰਨੇ ਅਤੇ ਕਿਹਾ ਕਿ ਭਾਵੇਂ ਮੇਰੀ ਜਾਨ ਜਾਵੇ, ਦੌਲਤ ਜਾਵੇ, ਔਲਾਦ ਜਾਵੇ ਜਾਂ ਦੁਨੀਆਂ ਦੀਆਂ ਮੁਸੀਬਤਾਂ ਮੇਰੇ ਉੱਪਰ ਟੁੱਟ ਪੈਣ ਪਰ ਮੈਂ ਇਹ ਬਰਦਾਸ਼ਤ ਨਹੀਂ ਕਰ ਸਕਦਾ ਕਿ ਸੱਚ ਤੋਂ ਪਰੇ ਹਟ ਕੇ ਇਕ ਜ਼ਾਲਿਮ ਦੇ ਨਾਲ ਹੱਥ ਮਿਲਾ ਲਵਾਂ। ਨਤੀਜੇ ਵੱਜੋਂ ਆਪ ਮਦੀਨੇ ਤੋਂ ਮੱਕਾ-ਮੁਕੱਰਮਾ ਆ ਗਏ। ਸ਼ਹਿਰ ਕੂਫਾ ਜੋ ਕਿ ਹਜ਼ਰਤ ਅਲੀ ਦੀ ਖਿਲਾਫਤ ਸਮੇਂ ਰਾਜਧਾਨੀ ਰਹਿ ਚੁੱਕਾ ਸੀ। ਜਦੋਂ ਉੱਥੇ ਦੇ ਲੋਕਾਂ ਨੂੰ ਪਤਾ ਲੱਗਾ ਕਿ ਹਜ਼ਰਤ ਹੁਸੈਨ ਪਰੇਸ਼ਾਨ ਹਨ ਅਤੇ ਮੱਕਾ ਪਹੁੰਚ ਗਏ ਹਨ ਤਾਂ ਉਨ੍ਹਾਂ ਨੇ ਲਿਖ ਭੇਜਿਆ ਕਿ ਤੁਸੀਂ ਕੂਫਾ ਆ ਜਾਓ। ਉਨ੍ਹਾਂ ਹਜ਼ਰਤ ਹੁਸੈਨ ਨੂੰ ਇੱਥੋਂ ਤਕ ਭਰੋਸਾ ਦਿਵਾਇਆ ਕਿ ਸਾਡੀਆਂ ਫੌਜਾਂ ਤਕ ਤੁਹਾਡਾ ਸਾਥ ਦੇਣ ਲਈ ਤਿਆਰ ਹਨ। ਆਪ ਉਨ੍ਹਾਂ ਦੀ ਗੱਲ 'ਤੇ ਭਰੋਸਾ ਕਰ ਕੇ ਆਪਣੇ ਕਾਫਲੇ ਸਮੇਤ ਜਿਸ ਦੀ ਤਾਦਾਦ 72 ਸੀ, ਕੂਫਾ ਵੱਲ ਚੱਲ ਪਏ।

ਦੂਜੇ ਪਾਸੇ ਜਦੋਂ ਯਜ਼ੀਦ ਨੂੰ ਪਤਾ ਲੱਗਾ ਕਿ ਹਜ਼ਰਤ ਹੁਸੈਨ ਕੂਫਾ ਵੱਲ ਜਾ ਰਹੇ ਹਨ ਤਾਂ ਉਸ ਨੇ ਤੁਰੰਤ ਕੂਫਾ ਦੇ ਹਾਕਮ ਨੂੰ ਬਦਲ ਦਿੱਤਾ ਤੇ ਉਸ ਦੀ ਥਾਂ ਇਬਨੇ ਜ਼ਿਆਦ (ਜ਼ਿਆਦ ਦੇ ਪੁੱਤਰ) ਨੂੰ ਉੱਥੇ ਹਾਕਮ ਬਣਾ ਕੇ ਭੇਜ ਦਿੱਤਾ। ਉਹ ਬਹੁਤ ਸੰਗ-ਦਿਲ ਤੇ ਜ਼ਾਲਮ ਵਿਅਕਤੀ ਸੀ। ਉਸ ਨੇ ਕੂਫਾ ਦੇ ਬਹੁਤ ਸਾਰੇ ਲੋਕਾਂ ਨੂੰ ਡਰਾ ਧਮਕਾ ਕੇ ਅਪਣੇ ਨਾਲ ਲਾ ਲਿਆ। ਹਜ਼ਰਤ ਹੁਸੈਨ ਨੂੰ ਰਸਤੇ 'ਚ ਹੀ ਕੂਫਾ ਦੇ ਲੋਕਾਂ ਦੀ ਵਾਅਦਾ ਖ਼ਿਲਾਫ਼ੀ ਦਾ ਪਤਾ ਚੱਲ ਗਿਆ ਅਤੇ ਇਹ ਵੀ ਪਤਾ ਚੱਲ ਗਿਆ ਕਿ ਉਨ੍ਹਾਂ ਦੇ ਚਚੇਰੇ ਭਰਾ ਹਜ਼ਰਤ ਮੁਸਲਿਮ ਬਿਨ ਅਕੀਲ ਅਤੇ ਉਨ੍ਹਾਂ ਦੇ ਦੋ ਬੱਚਿਆਂ ਨੂੰ ਵੀ ਸ਼ਹੀਦ ਕਰ ਦਿੱਤਾ ਹੈ। ਹਜ਼ਰਤ ਹੁਸੈਨ ਨੇ ਆਪਣੇ ਸਾਥੀਆਂ ਨੂੰ ਕਿਹਾ ਕਿ ਜੇ ਤੁਹਾਡੇ ਵਿੱਚੋਂ ਕੋਈ ਵਾਪਸ ਜਾਣਾ ਚਾਹੇ ਤਾਂ ਉਹ ਜਾ ਸਕਦਾ ਹੈ ਪਰ ਮੈਂ ਰੱਬ ਦੀ ਰਜ਼ਾ (ਮਰਜ਼ੀ) ਨਾਲ ਨਿਕਲਿਆ ਹਾਂ ਤੇ ਇਸ ਲਈ ਵਾਪਸ ਨਹੀਂ ਜਾਵਾਂਗਾ। ਸਿੱਟੇ ਵੱਜੋਂ ਕੋਈ ਵੀ ਉਨ੍ਹਾਂ ਦਾ ਸਾਥੀ ਵਾਪਸ ਨਹੀਂ ਹੋਇਆ।

ਆਖਰਕਾਰ ਇਸਲਾਮੀ ਕੈਲੰਡਰ ਦੇ ਪਹਿਲੇ ਮਹੀਨੇ ਭਾਵ ਮੁਹੱਰਮ ਦੀ ਦੋ ਤਾਰੀਖ ਨੂੰ ਇਹ ਕਾਫਲਾ "ਫਰਾਤ" ਦਰਿਆ ਦੇ ਕਿਨਾਰੇ ਕਰਬਲਾ ਦੇ ਮੈਦਾਨ 'ਚ ਪਹੁੰਚ ਗਿਆ। ਇੱਥੇ ਪਹੁੰਚ ਕੇ ਪਤਾ ਲੱਗਾ ਕਿ ਸਾਰਾ ਮਾਮਲਾ ਹੀ ਉਲਟ ਹੈ ਪਰ ਆਪ ਨੇ ਦੁਸ਼ਮਣਾਂ ਅੱਗੇ ਝੁਕਣ ਅਤੇ ਉਨ੍ਹਾਂ ਦੀ ਕੋਈ ਵੀ ਸ਼ਰਤ ਮੰਨਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਯਜ਼ੀਦ ਦੀਆਂ ਫ਼ੌਜਾਂ ਨੇ ਆਪ ਦੇ ਕਾਫ਼ਲੇ ਦਾ ਪਾਣੀ ਬੰਦ ਕਰ ਦਿੱਤਾ। ਹਜ਼ਰਤ ਹੁਸੈਨ ਨੇ ਯਜ਼ੀਦੀ ਫ਼ੌਜਾਂ ਨੂੰ ਮੁਖਾਤਿਬ ਕਰਕੇ ਜੋ ਭਾਸ਼ਣ ਦਿੱਤਾ ਉਸ ਤੋਂ ਉਨ੍ਹਾਂ ਦੀ ਅਕਲਮੰਦੀ ਤੇ ਦਲੇਰੀ ਦਾ ਪਤਾ ਚੱਲਦਾ ਹੈ। ਉਨਾਂ ਕਿਹਾ, "ਏ ਲੋਕੋ! ਜਲਦੀ ਨਾ ਕਰੋ। ਜਲਦਬਾਜ਼ੀ ਸ਼ੈਤਾਨ ਦਾ ਕੰਮ ਹੈ। ਮੇਰੀ ਗੱਲ ਸੁਣ ਲਵੋ। ਨਸੀਹਤ ਕਰਨਾ ਤੇ ਸਿੱਧੀ ਰਾਹ ਦਿਖਾਉਣਾ ਮੇਰਾ ਕੰਮ ਹੈ। ਉਸ ਨੂੰ ਮੰਨਣਾ ਜਾਂ ਨਾ ਮੰਨਣਾ ਤੁਹਾਡੀ ਮਰਜ਼ੀ ਹੈ। ਤੁਸੀਂ ਮੇਰੇ ਨਾਲ ਜੋ ਸਲੂਕ ਕਰਨਾ ਚਾਹੁੰਦੇ ਹੋ, ਕਰੋ। ਮੈਨੂੰ ਉਸ ਦੀ ਕੋਈ ਪਰਵਾਹ ਨਹੀਂ। ਅੱਲਾਹ ਮੇਰਾ ਹਾਮੀ ਤੇ ਮਦਦਗ਼ਾਰ ਹੈ। ਪ੍ਰੰਤੂ ਤੁਸੀਂ ਜ਼ਰਾ ਇਹ ਤਾਂ ਸੋਚੋ ਕਿ ਮੈਂ ਕੌਣ ਹਾਂ? ਆਪਣੇ ਦਿਲ ਤੋਂ ਪੁੱਛੋ ਕਿ ਕੀ ਮੇਰਾ ਕਤਲ ਜਾਂ ਮੇਰੀ ਬੇਇੱਜ਼ਤੀ ਤੁਹਾਨੂੰ ਸ਼ੋਭਾ ਦਿੰਦੀ ਹੈ। ਕੀ ਮੈਂ ਤੁਹਾਡੇ ਪਿਆਰੇ ਨਬੀ ਦੇ ਦਿਲ ਦਾ ਟੁਕੜਾ ਨਹੀਂ ਹਾਂ ਜਾਂ ਕੀ ਮੈਂ ਹਜ਼ਰਤ ਅਲੀ ਜੋ ਪਿਆਰੇ ਨਬੀ ਦੇ ਚਚੇਰੇ ਭਰਾ ਸਨ, ਦਾ ਬੇਟਾ ਨਹੀਂ ਹਾਂ? ਕੀ ਤੁਸੀਂ ਆਪਣੇ ਪਿਆਰੇ ਦੇ ਮੂੰਹੋਂ ਇਹ ਨਹੀਂ ਸੁਣਿਆ ਕਿ ਅਸੀਂ (ਹਸਨ ਤੇ ਹੁਸੈਨ) ਸਵਰਗ ਦੇ ਨੌਜਵਾਨਾਂ ਦੇ ਸਰਦਾਰ ਹਾਂ? ਕੀ ਮੈਂ ਹਜ਼ਰਤ ਫਾਤਮਾ ਜੋ ਪਿਆਰੇ ਨਬੀ ਦੀ ਪਿਆਰੀ ਬੇਟੀ ਸੀ, ਦਾ ਬੇਟਾ ਨਹੀਂ ਹਾਂ? ਦੱਸੋ ਮੈਂ ਤੁਹਾਡ ਵਿੱਚੋਂ ਕਿਸੇ ਦਾ ਖ਼ੂਨ ਵਹਾਇਆ ਹੈ ਜੋ ਤੁਸੀਂ ਮੇਰੇ 'ਤੇ ਜ਼ੁਲਮ ਕਰਨਾ ਚਾਹੁੰਦੇ ਹੋ। ਮੈਂ ਯਜ਼ੀਦ ਨੂੰ ਆਪਣਾ ਹਾਕਮ ਕਿਵੇਂ ਮੰਨ ਲਵਾਂ! ਖ਼ੁਦਾ ਦੀ ਕਸਮ ਮੈਂ ਆਪਣਾ ਹੱਥ ਉਸ ਜ਼ਲੀਲ ਤੇ ਜ਼ਾਲਿਮ ਦੇ ਹੱਥ 'ਚ ਨਹੀਂ ਦੇ ਸਕਦਾ"।

ਇਸ ਪਿੱਛੋਂ ਕਿਸੇ ਨੂੰ ਇਲਮ ਨਹੀਂ ਕਿ ਕੀ ਹੋਇਆ! ਕਰਬਲਾ ਦੇ ਮੈਦਾਨ ਦੀ ਤਪਦੀ ਰੇਤ ਉੱਪਰੋਂ ਪਾਣੀ ਬੰਦ। ਬੱਚਿਆਂ ਨੂੰ ਆਪਣੇ ਸਾਹਮਣੇ ਸ਼ਹੀਦ ਹੁੰਦਿਆਂ ਦੇਖਿਆ। ਹਜ਼ਰਤ ਹੁਸੈਨ ਨੇ ਇਕ-ਇਕ ਕਰ ਕੇ ਸਾਰੇ ਸਕੇ-ਸਬੰਧੀ ਸ਼ਹੀਦ ਕਰਵਾ ਦਿੱਤੇ ਪਰ ਜ਼ੁਲਮ ਤੇ ਜ਼ਾਲਿਮ ਅੱਗੇ ਸਿਰ ਨਹੀਂ ਝੁਕਾਇਆ। ਕਾਬਿਲੇਗੌਰ ਹੈ ਕਿ ਜੇ ਆਪ ਯਜ਼ੀਦ ਨੂੰ ਆਪਣਾ ਹਾਕਮ ਮੰਨ ਲੈਂਦੇ ਤਾਂ ਆਪ ਨੂੰ ਜਿਹੜਾ ਚਾਹੁੰਦੇ ਅਹੁੱਦਾ ਮਿਲ ਸਕਦਾ ਸੀ, ਦੌਲਤ ਦੇ ਢੇਰ ਮਿਲ ਸਕਦੇ ਸਨ, ਪਰ ਆਪ ਨੇ ਜ਼ਾਲਮ ਦੀ ਹਕੂਮਤ ਨੂੰ ਸਵੀਕਾਰ ਨਹੀਂ ਕੀਤਾ ਅਤੇ ਕੁਰਬਾਨੀ (ਤਿਆਗ) ਦੀ ਅਜਿਹੀ ਮਿਸਾਲ ਪੇਸ਼ ਕੀਤੀ ਕਿ ਅੱਜ ਤਕ ਦੁਨੀਆ ਹੈਰਾਨ ਹੈ। ਜਦੋਂ ਹਜ਼ਰਤ ਹੁਸੈਨ ਇਕੱਲੇ ਰਹਿ ਗਏ ਤਾਂ ਉਨ੍ਹਾਂ ਤੇ ਦੁਸ਼ਮਣ ਦੀਆਂ ਫੌਜਾਂ ਨੇ ਤੀਰਾਂ ਦੀ ਬੋਛਾੜ ਕਰ ਦਿੱਤੀ। ਤੀਰਾਂ ਨਾਲ ਆਪ ਦਾ ਜਿਸਮ ਛਲਣੀ ਹੋ ਗਿਆ ਅਤੇ ਆਪ ਘੋੜੇ ਤੋਂ ਗਿਰ ਗਏ। ਦੁਪਹਿਰ ਦੀ ਨਮਾਜ਼ ਦਾ ਸਮਾਂ ਸੀ। ਆਪ ਨੇ ਇਸੀ ਹਾਲਤ 'ਚ ਅੱਲਾਹ ਅੱਗੇ ਆਖ਼ਰੀ ਸਜਦੇ ਲਈ ਆਪਣਾ ਸਿਰ ਝੁਕਾ ਦਿੱਤਾ। ਆਪ ਸਜਦੇ 'ਚ ਸਨ ਕਿ ਪੱਥਰ ਦਿਲ ਦੁਸ਼ਮਣਾਂ ਨੇ ਆਪ ਦਾ ਸਿਰ ਜਿਸਮ ਤੋਂ ਅਲੱਗ ਕਰ ਦਿੱਤਾ। ਇਹ ਦਸ ਮੁਹੱਰਮ (ਯੌਮ-ਏ-ਆਸ਼ੂਰਾ) ਦਾ ਦਿਨ ਸੀ। ਸੱਚਾਈ ਦੀ ਰਾਹ 'ਚ ਇੱਡੀ ਵੱਡੀ ਕੁਰਬਾਨੀ ਲੱਭਣ 'ਤੇ ਵੀ ਨਹੀਂ ਮਿਲਦੀ। ਕਰਬਲਾ ਦੀ ਰੇਤ ਦਾ ਕਣ-ਕਣ ਪੁਕਾਰ ਕੇ ਕਹਿ ਰਿਹਾ ਹੈ ਕਿ ਹੁਸੈਨ ਹੀ 'ਦੀਨ-ਏ-ਮੁਹੰਮਦੀ' ਦੀ ਪੁਸ਼ਤ-ਪਨਾਹ ਹੈ। ਜਿਸ ਨੇ ਉੱਮਤ-ਏ-ਮੁਹੰਮਦੀਆ ਦੀ ਖੇਤੀ ਨੂੰ ਆਪਣੇ ਖ਼ੂਨ ਨਾਲ ਸਿੰਜਾਈ ਕਰ ਕੇ ਹਰਾ-ਭਰਾ ਕਰ ਦਿੱਤਾ ਅਤੇ ਇਸਲਾਮ ਨੂੰ ਇਕ ਨਵੀਂ ਜ਼ਿੰਦਗੀ ਬਖਸ਼ੀ।





ਮੋਬਾਈਲ. 092565-57957




ਅਨਹਦ ਦਾ ਸਬੰਧ ਰੂਹਾਨੀ ਸਾਧਨਾ ਨਾਲ ਹੈ। ਇਸ ਨੂੰ ਅਨਹਦ ਨਾਦ ਵੀ ਕਹਿ ਦਿੱਤਾ ਜਾਂਦਾ ਹੈ। ਸੂਫ਼ੀ ਫ਼ਕੀਰ ਇਸ ਨੂੰ ਬਾਂਗ-ਏ-ਆਸਮਾਨੀ ਅਤੇ ਨਦਾਇ-ਸੁਲਤਾਨੀ ਆਦਿ ਨਾਵਾਂ ਨਾਲ ਵੀ ਜ਼ਿਕਰ ਕਰਦੇ ਹਨ। ਅਨਹਦ ਨਾਦ ਨੂੰ ਹੀ ਸੌਤੇ-ਸਰਮੱਦੀ ਅਤੇ ਸਗਲੇ-ਸਰਮੱਦੀ ਵੀ ਕਹਿ ਦਿੱਤਾ ਜਾਂਦਾ ਹੈ। ਸੰਨਿਆਸੀਆਂ ਅਤੇ ਸਾਧੂਆਂ ਸੰਤਾਂ ਦਾ ਅਨਹਦ ਨਾਦ ਹੀ ਸੂਫ਼ੀਆਂ ਦੀ ਬਾਂਗ-ਏ-ਆਸਮਾਨੀ ਅਤੇ ਸੌਤੇ-ਸਰਮੱਦੀ ਹੈ। ਗ਼ੈਬ ਤੋਂ ਆ ਰਹੀ ਇਸ ਰੂਹਾਨੀ ਆਵਾਜ਼ ਨੂੰ ਸਾਧੂ, ਸੰਤ ਅਤੇ ਸੂਫ਼ੀ ਦਰਵੇਸ਼ ਰੂਹਾਨੀ ਅਭਿਆਸ ਕਰਦਿਆਂ ਸੁਣਦੇ ਹਨ। ਸੂਫ਼ੀ ਦਰਵੇਸ਼ ਮੁਰਾਕਬੇ ਦੀ ਅਵਸਥਾ ਵਿਚ ਜਦੋਂ ਉਨ੍ਹਾਂ ਦੀ ਲੌਅ ਅੱਲਾਹ ਨਾਲ ਲੱਗੀ ਹੁੰਦੀ ਹੈ, ਉਸ ਵੇਲੇ ਇਸ ਗ਼ੈਬੀ ਆਵਾਜ਼ ਨੂੰ ਸੁਣਦੇ ਹਨ। ਹਜ਼ਰਤ ਬਾਬਾ ਬੁੱਲ੍ਹੇ ਸ਼ਾਹ ਅਤੇ ਹਜ਼ਰਤ ਅਮੀਰ ਖੁਸਰੋ ਆਦਿ ਸੂਫ਼ੀ ਫ਼ਕੀਰਾਂ ਨੇ ਆਪਣੇ ਕਲਾਮ ਵਿਚ ਅਨਹਦ ਨਾਦ ਦਾ ਜ਼ਿਕਰ ਕੀਤਾ ਹੈ, ਅਨਹਦ, ਜਿਸ ਦੀ ਕੋਈ ਹੱਦ ਨਹੀਂ ਹੈ। ਇਬਾਦਤ ਅਤੇ ਰਿਆਜ਼ਤ ਕਰਦਿਆਂ ਸੂਫ਼ੀ ਸਾਲਿਕ ਦੀ ਰੂਹ ਜਦੋਂ ਵੱਖ-ਵੱਖ ਰੂਹਾਨੀ ਮੰਡਲਾਂ ਦੀ ਪਰਵਾਜ਼ ਕਰਦੀ ਹੈ ਤਾਂ ਉਨ੍ਹਾਂ ਮੰਡਲਾਂ ਵਿਚ ਅਨਹਦ ਨਾਦ ਦੀਆਂ ਵੱਖ-ਵੱਖ ਕਿਸਮ ਦੀਆਂ ਆਵਾਜ਼ਾਂ ਸੁਣਾਈ ਦਿੰਦੀਆਂ ਹਨ। ਹਜ਼ਰਤ ਅਮੀਰ ਖੁਸਰੋ ਦੇ ਕਲਾਮ ਵਿਚ ਇਨ੍ਹਾਂ ਆਵਾਜ਼ਾਂ ਦਾ ਜ਼ਿਕਰ ਭੰਵਰੇ ਦੀ ਗੂੰਜ ਦੀ ਆਵਾਜ਼, ਸੰਖ ਅਤੇ ਘੰਟੇ ਦੀ ਆਵਾਜ਼, ਮਰਦਿੰਗ ਦੀ ਆਵਾਜ਼, ਮੁਰਲੀ ਜਾਂ ਬੰਸਰੀ ਦੀ ਆਵਾਜ਼ ਦੇ ਤੌਰ 'ਤੇ ਆਇਆ ਹੈ।

• ਪ੍ਰੋ. ਗੁਰਚਰਨ ਸਿੰਘ ਤਲਵਾੜਾ

# ਨਿੰਦਾ-ਚੁਗਲੀ ਤੇ ਨਫ਼ਰਤ ਦੀ ਅਗਨ-ਪ੍ਰੀਖਿਆ

ਸਾਡੇ ਸਨਾਤਨ ਵੈਦਿਕ ਗ੍ਰੰਥਾਂ ਵਿਚ ਲਿਖਿਆ ਗਿਆ ਹੈ ਕਿ "84 ਲੱਖ ਜੂਨੀਆਂ ਦੀ ਅਗਨ-ਪ੍ਰੀਖਿਆ ਵਿੱਚੋਂ ਪਾਸ ਹੋਣ ਤੋਂ ਬਾਅਦ ਹੀ ਈਸ਼ਵਰ ਵੱਲੋਂ ਮਨੁੱਖਾ ਜਨਮ ਵਰਦਾਨ ਰੂਪ ਵਿਚ ਦਿੱਤਾ ਜਾਂਦਾ ਹੈ। ਮਨੁੱਖ ਵੱਲੋਂ ਸਦਾ ਆਪਣੇ ਜੀਵਨ ਵਿਚ ਨਿੰਦਾ-ਚੁਗਲੀ ਤੇ ਨਫ਼ਰਤ ਜਿਹੀਆਂ ਬੁਰਾਈਆਂ ਤੋਂ ਨਿਰਲੇਪ ਰਹਿਣ ਦੀ ਅਗਨ-ਪ੍ਰੀਖਿਆ ਪਾਸ ਕਰਨ 'ਤੇ ਬ੍ਰਹਮ-ਤੱਤਵ ਦੀ ਪ੍ਰਾਪਤੀ ਹੁੰਦੀ ਹੈ।"

ਇਕ ਦਿਨ ਆਪਣੇ ਮਨ ਵਿਚ ਜਿਗਿਆਸਾ ਦੀ ਰੀਝ ਲਏ ਕਿਸੇ ਚੇਲੇ ਨੇ ਆਪਣੇ ਗੁਰੂਜਨ ਨੂੰ ਅਰਜ਼ੋਈ ਕੀਤੀ, 'ਗੁਰੂ ਜੀ! ਧਰਮ ਦੀ ਨਜ਼ਰ ਵਿਚ ਦੁਨੀਆ ਅੰਦਰ ਮਨੁੱਖ ਵੱਲੋਂ ਕੀਤਾ ਜਾਣ ਵਾਲਾ ਸਭ ਤੋਂ ਵੱਡਾ ਪਾਪ ਕਿਹੜਾ ਹੈ? ਅਤੇ ਕਿਸੇ ਵੀ ਮਨੁੱਖ ਵੱਲੋਂ ਕੀਤੇ ਉਸ ਮਹਾਪਾਪ ਦਾ ਨਿਵਾਰਨ ਕਿਵੇਂ ਕੀਤਾ ਜਾ ਸਕਦੈ?" ਧਰਮਗੁਰੂ ਨੇ ਉਪਦੇਸ਼ਾਤਮਕ ਲਹਿਜ਼ੇ ਤੇ ਪ੍ਰੇਮ ਭਾਵ ਨਾਲ ਉੱਤਰ ਦਿੱਤਾ,"ਬੇਟਾ! ਦੁਨੀਆ ਵਿਚ ਸਭ ਤੋਂ ਵੱਡਾ ਪਾਪ ਹੈ, ਕਿਸੇ ਦੂਜੇ ਵਿਅਕਤੀ ਦੀ ਨਿੰਦਾ ਜਾਂ ਚੁਗਲੀ ਕਰ ਕੇ/ਸੁਣ ਕੇ ਉਸ ਨੂੰ ਭੌਤਿਕ ਜਾਂ ਮਾਨਸਿਕ ਤੌਰ 'ਤੇ ਨੁਕਸਾਨ ਪਹੁੰਚਾਉਣਾ।"ਦੁਨੀਆ 'ਚ ਕੀਤੇ ਵੱਡੇ ਤੋਂ ਵੱਡੇ ਅਪਰਾਧ ਦਾ ਵੀ ਨਿਵਾਰਨ ਕੀਤਾ ਜਾ ਸਕਦਾ ਹੈ, ਜਿਸ ਦਾ ਇੱਕੋ-ਇਕ ਹੱਲ ਹੈ-'ਆਤਮਿਕ ਤੌਰ 'ਤੇ ਈਸ਼ਵਰ ਨੂੰ ਹਾਜ਼ਰ-ਨਾਜ਼ਰ ਸਮਝ ਕੇ ਪਸ਼ਚਾਤਾਪ' ਕਰਨਾ।ਪ੍ਰੰਤੂ ਚੁਗਲਖੋਰ ਜਾਂ ਨਿੰਦਕ ਵਿਅਕਤੀ ਵੱਲੋਂ ਕੀਤੇ ਮਹਾਂਪਾਪ ਤੋਂ ਮੁਕਤ ਹੋਣ ਦਾ ਉਪਾਅ ਅਧਿਆਤਮਿਕਤਾ ਦੀ ਕਠੋਰ ਸਾਧਨਾ ਰੂਪੀ ਅਗਨ-ਪ੍ਰੀਖਿਆ ਪਾਸ ਕਰਨ 'ਤੇ ਵੀ ਨਹੀਂ ਹੋ ਸਕਦੈ।'

ਕਹਿਣ ਨੂੰ ਤਾਂ ਆਧੁਨਿਕ ਦੌਰ ਦੇ ਮਨੁੱਖ ਨੇ ਬਹੁਤ ਵਿਕਾਸ ਕਰ ਲਿਆ ਹੈ। ਜੰਗਲਾਂ ਵਿਚ ਪਸ਼ੂਆਂ ਵਰਗਾ ਜੀਵਨ ਜੀਣਾ ਛੱਡ ਚੁੱਕੈ, ਦਰੱਖ਼ਤਾਂ ਦੀ ਛਿੱਲ ਤੇ ਪਸ਼ੂਆਂ ਦੀਆਂ ਖੱਲਾਂ ਦੇ ਪਹਿਰਾਵੇ ਦੀ ਥਾਵੇਂ ਕੋਟ, ਪੈਂਟ ਤੇ ਟਾਈਆਂ/ਨੈਕਟਾਈ ਤਕ ਪਹੁੰਚ ਗਿਆ ਹੈ।।ਸੰਗਮਰਮਰੀ ਮਹਿਲਾਂ, ਲਗਜ਼ਰੀ ਕਾਰਾਂ, ਮਹਿੰਗੀਆਂ ਐਨਕਾਂ, ਹੱਥਾਂ ਵਿੱਚਲੇ ਬੇਸ਼ਕੀਮਤੀ ਮੋਬਾਈਲਾਂ ਤੇ ਗਲ ਵਿਚ ਪਾਏ ਸੋਨੇ, ਚਾਂਦੀ, ਹੀਰੇ- ਮੋਤੀਆਂ ਜੜੇ ਹਾਰ-ਹਮੇਲਾਂ ਨੇ ਮਨੁੱਖ ਨੂੰ 'ਇਕ ਅਮੀਰ ਤੇ ਅਨੋਖੀ ਸ਼ੈਅ ਵਿਚ ਤਬਦੀਲ ਕਰ ਦਿੱਤੈ।।ਸ਼ਾਇਦ ਇਹੀ ਸੌਗਾਤਾਂ ਤਾਂ ਤਰੱਕੀ ਦੇ ਮੌਜੂਦਾ ਦੌਰ ਨੇ ਮਨੁੱਖ ਦੀ ਝੋਲੀ ਪਾਈਆਂ ਹਨ।ਜਿਸ ਨੂੰ ਪ੍ਰਾਪਤ ਕਰਕੇ ਮਨੁੱਖ ਨੂੰ ਪ੍ਰਕਿਰਤੀ ਤੋਂ ਵੀ ਸ੍ਰੇਸ਼ਠ ਹੋਣ ਦਾ ਭਰਮ ਹੋ ਗਿਐ। ਬਾਵਜੂਦ ਇਸ ਦੇ ਮਨੁੱਖ ਨੇ 'ਨਿੰਦਾ, ਨਫ਼ਰਤ ਤੇ ਚੁਗਲੀ' ਨੂੰ ਜੀਵਨ ਵਿਚ ਅਹਿਮ ਥਾਂ ਦੇ ਕੇ, ਆਪਣੇ ਆਪ ਨੂੰ ਗੰਵਾਰ, ਅਸੱਭਿਅਕ ਬਣਾਉਣ ਵਿਚ ਵੀ ਕੋਈ ਕਸਰ ਨਹੀਂ ਛੱਡੀ। ਵਿਸ਼ਵ ਦਾ ਹਰੇਕ ਧਰਮ ਤੇ ਸੰਪਰਦਾ ਨਿੰਦਾ, ਚੁਗਲੀ ਜਿਹੀਆਂ ਪਾਪ ਭਾਵਨਾਵਾਂ ਪਾਲਦੇ ਲੋਕਾਂ ਦਾ ਵਿਰੋਧ ਕਰਦਾ ਹੈ।ਪ੍ਰੰਤੂ ਫਿਰ ਵੀ ਅੱਜ ਵਿਸ਼ਵ ਦੇ ਕੋਨੇ-ਕੋਨੇ ਵਿਚ ਰਹਿੰਦੇ ਮਨੁੱਖਾਂ ਅੰਦਰ ਨਿੰਦਾ-ਚੁਗਲੀ ਤੇ ਨਫ਼ਰਤ ਦੀ ਭਾਵਨਾ ਆਪਣੀ ਚਰਮ ਸੀਮਾ 'ਤੇ ਹੈ। ਜ਼ਿੰਦਗੀ ਦੇ ਸਾਰੇ ਖੇਤਰਾਂ ਦੇ ਕਣ-ਕਣ ਵਿਚ ਵੱਸ ਗਈ ਹੈ : ਨਿੰਦਾ, ਚੁਗਲੀ, ਨਫ਼ਰਤ ਤੇ ਈਰਖਾ।

ਇਹੀ ਨਹੀਂ ਅਜੋਕੇ ਮਨੁੱਖ ਨੂੰ ਆਪਣੇ ਸਮਾਜਿਕ ਜੀਵਨ ਵਿਚ ਨਿੰਦਿਆ-ਚੁਗਲੀਆਂ ਦਾ ਸੰਤਾਪ ਕਿਸੇ ਦੁਸ਼ਟ ਆਤਮਾ ਦੀ ਬਦੌਲਤ ਕਿਸੇ ਨਾ ਕਿਸੇ ਰੂਪ ਵਿਚ ਭੋਗਣਾ ਪਿਆ ਤੇ ਭੋਗਿਆ ਜਾ ਰਿਹੈ। ਮੋਹ ਭਰੇ ਰਿਸ਼ਤਿਆਂ ਦੇ ਦਿਲ ਰੂਪੀ ਸ਼ੀਸ਼ਿਆਂ ਵਿਚ ਅਕਸਰ ਤਰੇੜਾਂ ਪਾ ਦਿੱਤੀਆਂ ਜਾਂਦੀਆਂ ਹਨ। ਇਥੋਂ ਤਕ ਕਿ ਇੱਕੋ ਮਾਂ ਦੇ ਪੇਟੋਂ ਜਾਇਆਂ ਨੂੰ ਨਫ਼ਰਤ ਤੇ ਦੁਸ਼ਮਣੀ ਦੀ ਸੂਲੀ 'ਤੇ ਟੰਗ ਦਿੱਤਾ ਜਾਂਦਾ ਹੈ।

ਸਾਡੇ ਧਰਮ-ਗ੍ਰੰਥ ਸਦਾ ਹੀ ਨਿੰਦਾ, ਚੁਗਲੀ, ਨਫ਼ਰਤ ਤੇ ਈਰਖਾ ਵਰਗੀਆਂ ਦੂਸ਼ਿਤ ਭਾਵਨਾਵਾਂ ਦੇ ਵਿਰੁੱਧ ਰਹੇ ਹਨ।।ਪਵਿੱਤਰ ਗ੍ਰੰਥ 'ਸ੍ਰੀ ਰਾਮ ਚਰਿਤਮਾਨਸ' ਦੇ ਅਯੋਧਿਆ ਕਾਂਡ ਵਿਚ ਤਾਂ ਗੋਸੁਆਮੀ ਤੁਲਸੀਦਾਸ ਜੀ ਕੁਬੜੀ ਦਾਸੀ ਮੰਥਰਾ ਵਰਗੇ ਨਿੰਦਿਆ-ਚੁਗਲੀ ਕਰਦੇ ਲੋਕਾਂ ਦੇ ਵਚਨਾਂ ਬਾਰੇ ਕਹਿੰਦੇ ਹਨ,'ਉਨ੍ਹਾਂ ਦੀਆਂ ਗੱਲਾਂ ਸੁਣਨ ਵਿਚ ਕੋਮਲ ਤੇ ਮਿੱਠੀਆਂ ਹੁੰਦੀਆਂ ਹਨ, ਜਿਨ੍ਹਾਂ ਦਾ ਪਰਿਣਾਮ ਭਿਆਨਕ ਹੁੰਦਾ ਹੈ।ਜਿਵੇਂ ਕੋਈ ਸ਼ਹਿਦ ਵਿਚ ਜ਼ਹਿਰ ਘੋਲ ਕੇ ਪਿਲਾ ਰਿਹਾ ਹੋਵੇ।"

ਕਿਹਾ ਗਿਐ :

"ਸੁਨਤ ਬਾਤ ਮ੍ਰਿਦੁ ਅੰਤ ਕਠੋਰੀ।ਦੇਤਿ ਮਨਹੁੰ ਮਧੁ ਮਾਹੁਰ ਘੋਰੀ।(ਅਯੋਧਿਆ ਕਾਂਡ-ਦੋਹਾ ੨੧-੨) "ਆਪਣੀਆਂ ਪਰਛਾਈਆਂ ਫੜੀਆਂ ਜਾ ਸਕਦੀਆਂ ਹਨ ਪ੍ਰੰਤੂ ਚੁਗਲੀਆਂ ਕਰਦੇ ਲੋਕਾਂ ਦੀ ਗਤੀ ਚਾਲ ਨਹੀਂ ਸਮਝੀ ਜਾ ਸਕਦੀ।"

ਤੁਲਸੀ ਦਾਸ ਜੀ ਕੁੱਬ ਪੈਣ ਨਾਲ ਝੁਕ ਕੇ ਚੱਲਣ ਵਾਲੀ ਮੰਥਰਾ ਨੂੰ ਘਰਤੋੜੂ ਤਾਂ ਕਹਿੰਦੇ ਹੀ ਹਨ ਸਗੋਂ ਉਸ ਦੀ ਤੁਲਨਾ ਅਯੋਧਿਆ ਨਗਰੀ ਲਈ ਸਾੜਸਤੀ (ਸ਼ਨੀ ਜੀ ਦੀ ਸਾਢੇ ਸੱਤ ਸਾਲ ਦੀ ਦਸ਼ਾ) ਨਾਂ ਨਾਲ ਵੀ ਕਰਦੇ ਹਨ। ਨੀਚ ਮੰਥਰਾ ਨੇ ਕਕੇਈ ਦੇ ਕੰਨਾਂ ਵਿਚ ਮਿੱਠੇ, ਰਸਭਿੰਨੇ ਪ੍ਰੰਤੂ ਜ਼ਹਿਰ ਘੁਲੇ ਬੋਲਾਂ ਦੀ ਸਹਾਇਤਾ ਨਾਲ ਰਾਜ ਤਿਲਕ ਦੇ ਅਧਿਕਾਰੀ ਭਗਵਾਨ ਸ੍ਰੀ ਰਾਮ ਜੀ, ਮਾਤਾ ਸੀਤਾ ਅਤੇ ਲਕਸ਼ਮਣ ਜੀ ਨੂੰ ਵੀ ਰਾਜ ਤੇ ਕੁਟੁੰਬ ਆਦਿ ਵੱਲੋਂ ਉਦਾਸੀਨ ਹੋ ਕੇ ਚੌਦਾਂ ਸਾਲ ਲਈ ਵਿਰਕਤ ਮੁਨੀਆਂ ਦੀ ਤਰ੍ਹਾਂ ਜੀਵਨ ਜਿਊਣ ਲਾ ਦਿੱਤਾ ਸੀ।

ਪਵਿੱਤਰ ਗ੍ਰੰਥ ਮਹਾਭਾਰਤ ਵਿਚ ਤਾਂ ਕਿਹਾ ਗਿਐ : "ਮਾੜੇ ਲੋਕਾਂ ਨੂੰ ਚੁਗਲੀ 'ਚ ਹੀ ਆਨੰਦ ਆਉਂਦਾ ਹੈ।ਇਨ੍ਹਾਂ ਲੋਕਾਂ ਦੀ ਤੁਲਨਾ ਉਸ ਕਾਂ ਨਾਲ ਕੀਤੀ ਜਾ ਸਕਦੀ ਹੈ, ਜੋ ਹਰ ਤਰ੍ਹਾਂ ਦੇ ਰਸ ਪੀ ਕੇ ਵੀ ਸੰਤੁਸ਼ਟ ਗੰਦਗੀ ਤੋਂ ਹੀ ਹੁੰਦਾ ਹੈ। ਰਬਿੰਦਰ ਨਾਥ ਟੈਗੋਰ ਤਾਂ ਕਹਿੰਦੇ ਹਨ, "ਜੇ ਕੋਈ ਤੁਹਾਡੀ ਚੁਗਲੀ ਕਰਦਾ ਹੈ ਤਾਂ ਅੰਦਰ ਹੀ ਅੰਦਰ ਖ਼ੁਸ਼ ਹੋਵੋ ਕਿਉਂਕਿ ਚੁਗਲੀ ਕਰ ਕੇ ਉਹ ਤੁਹਾਡਾ ਪਾਪ ਆਪਣੇ ਉੱਪਰ ਲੈ ਰਿਹਾ ਹੈ।"

ਕਬੀਰ ਜੀ ਲਿਖਦੇ ਹਨ : ਨਿੰਦਿਆ ਕਰਨ ਵਾਲੇ (ਨਿੰਦਕ) ਨੂੰ ਆਪਣੇ ਘਰ ਅੰਦਰ ਕੁਟੀਆ/ਝੌਂਪੜੀ ਬਣਾ ਕੇ ਰੱਖਣਾ ਚਾਹੀਦਾ ਹੈ ਕਿਉਂਕਿ ਉਹ ਬਿਨਾਂ ਪਾਣੀ ਅਤੇ ਸਾਬਨ ਦੇ ਸਾਡੇ ਸੁਭਾਅ ਨੂੰ ਨਿਰਮਲ ਕਰ ਦਿੰਦਾ ਹੈ- "ਨਿੰਦਕ ਨਿਯਰੇ ਰਾਖੀਏ ਆਂਗਣ ਕੁਟੀ ਬਣਾਇ। ਬਿਨੁ ਪਾਨੀ ਸਾਬੁਨ ਬਿਨਾ, ਨਿਰਮਲ ਕਰੇ ਸੁਭਾਇ।।

ਸਨਾਤਨ ਧਰਮ ਗ੍ਰੰਥ ਵਿਚ ਆਧੁਨਿਕ ਯੁਗ ਦੇ ਪਰਿਪੇਖ ਵਿਚ ਮਨੁੱਖੀ ਜੀਵ ਦੀ ਮਾਨਸਿਕ ਅਵਸਥਾ ਬਾਰੇ ਲਿਖਿਆ ਉਚਿੱਤ ਹੀ ਤਾਂ ਹੈ :

"ਚੁਗਲੀ ਨਿੰਦਿਆ ਭਜੁ ਭਜੁ ਕਰਦੀ, ਕਥਾ ਸੁਣਦੀ ਨੂੰ ਲੱਗਦੈ ਪਾਲਾ। ਜੁ ਹਰਿ ਨਾਮੁ ਨ ਜਪੇ, ਉਹਿ ਜੀਭਾ ਨੂੰ ਲਗਿ ਜਾਇ ਤਾਲ਼ਾ।।

ਨਿੰਦਿਆ-ਚੁਗਲੀ ਵਿਚ ਆਪਣੀ ਜ਼ਿੰਦਗੀ ਜੀਅ ਰਹੇ ਲੋਕਾਂ ਨੂੰ ਸ੍ਰੀ ਰਾਮ ਚਰਿਤ ਮਾਨਸੁ ਵਿਚ ਦਿੱਤੇ ਉਪਦੇਸ਼ ਨੂੰ ਧਾਰਣ ਕਰ ਲੈਣਾ ਬਣਦਾ ਹੈ, ਜਿਸਦੇ ਅਰਥ ਹਨ,"ਈਸ਼ਵਰ ਆਪਣੇ ਹਿਰਦੇ ਵਿਚ ਵਿਚਾਰਕੇ ਹੀ ਸ਼ੁਭ-ਅਸ਼ੁਭ ਕਰਮਾਂ ਦਾ ਫਲ ਦਿੰਦੇ ਹਨ।ਜੋ ਕੋਈ ਜਿਹੋ-ਜਿਹਾ ਕਰਮ ਕਰਦਾ ਹੈ, ਵੈਸਾ ਹੀ ਫਲ ਪ੍ਰਾਪਤ ਕਰਦਾ ਹੈ। ਇਹ ਵੇਦ ਨੀਤੀ ਵੀ ਹੈ, ਅਜਿਹਾ ਹਰ ਕੋਈ ਕਹਿੰਦਾ ਵੀ ਹੈ।

"ਸੁਭ ਅਰੁ ਅਸੁਭ ਕਰਮ ਅਨੁਹਾਰੀ।
ਈਸੁ ਦੇਇ ਫਲੁ ਹਰਿਦਯਮ ਬਿਚਾਰੀ।।

ਮਨੁੱਖ ਆਪਣੀ ਜ਼ਿੰਦਗੀ ਨੂੰ ਨਿੰਦਿਆ, ਚੁਗਲੀਆਂ ਤੇ ਈਰਖਾ ਦੀਆਂ ਬੁਰਾਈਆਂ ਤੋਂ ਬਚਾ ਕੇ ਪਵਿੱਤਰ ਵੇਦ-ਸ਼ਾਸਤਰਾਂ ਦੁਆਰਾ ਦੱਸੇ ਅਧਿਆਤਮਿਕਤਾ ਦੇ ਸਦਮਾਰਗ 'ਤੇ ਚੱਲਕੇ ਆਪਣਾ ਜਨਮ ਸਫਲਾ ਕਰੇ। ਕਿਸੇ ਦੂਜੇ ਦਾ ਮਨ-ਵਚਨ ਤੇ ਕਰਮ ਰਾਹੀਂ ਬੁਰਾ ਕਰਨ ਦੀ ਆਦਤ ਤੋਂ ਨਿਰਲੇਪ ਰਹਿਕੇ ਜ਼ਿੰਦਗੀ ਦੀ ਅਗਨ-ਪ੍ਰੀਖਿਆ ਪਾਸ ਕਰੇ।

ਇਹੀ ਮੁਕਤੀ ਦਾ ਰਾਹ ਹੈ। ਇਸ ਰਾਹ 'ਤੇ ਚੱਲਣ ਵਾਲੀਆਂ ਸ੍ਰੇਸ਼ਠ ਆਤਮਾਵਾਂ ਲਈ ਹੀ ਈਸ਼ਵਰ ਬੈਕੁੰਠ ਧਾਮ ਦੇ ਦਰਵਾਜ਼ੇ ਖੋਲ੍ਹਦੇ ਹਨ।

• ਤਲਵਿੰਦਰ ਸ਼ਾਸਤਰੀ ਨਾਰੀਕੇ
ਮੋਬਾਈਲ 94643-48258

# ਹਰਿਮੰਦਰ ਸਾਹਿਬ ਵਿਖੇ ਚੌਂਕੀ ਸ਼ਬਦ ਕੀਰਤਨ ਮਰਿਆਦਾ

ਦਿਲਜੀਤ ਸਿੰਘ 'ਬੇਦੀ'

ਸਿੱਖ ਧਰਮ ਵਿਚ ਚੌਂਕੀ ਦਾ ਸਬੰਧ ਚਾਰ ਰਾਗੀਆਂ ਦੀ ਕੀਰਤਨ ਸਭਾ ਨਾਲ ਹੈ। ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਤੋਂ ਹੀ ਚਾਰ ਚੌਂਕੀਆਂ ਸ਼ੁਰੂ ਕੀਤੀਆਂ ਸੀ। (1) ਅੰਮ੍ਰਿਤ ਵੇਲੇ ਦੀ ਆਸਾ ਕੀ ਵਾਰ ਦੀ ਚੌਂਕੀ। (2) ਸਵਾ ਪਹਿਰ ਦਿਨ ਚੜ੍ਹਨ 'ਤੇ ਕੀਤੀ ਜਾਣ ਵਾਲੀ ਚਰਨਕੰਵਲ ਕੀ ਚੌਂਕੀ। (3) ਸ਼ਾਮ ਵੇਲੇ ਰਹਿਰਾਸ ਤੋਂ ਪਹਿਲਾਂ ਸੋਦਰ ਕੀ ਚੌਂਕੀ। (4) ਚਾਰ ਘੜੀ ਰਾਤ ਦੇ ਬੀਤਣ ਉਪਰੰਤ ਕਲਿਆਣ ਦੀ ਚੌਂਕੀ। ਇਹ ਚੌਂਕੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ੍ਰੀ ਹਰਿਮੰਦਰ ਸਾਹਿਬ ਵਿਚ ਪ੍ਰਭਾਤ ਵੇਲੇ ਪ੍ਰਕਾਸ਼ ਹੋ ਚੁੱਕਣ ਤੋਂ ਸ਼ੁਰੂ ਹੋ ਕੇ ਰਾਤ ਨੂੰ ਮਰਿਆਦਾ ਦੀ ਸਮਾਪਤੀ ਤਕ ਹੁੰਦੀਆਂ ਹਨ ਅਤੇ ਹੁਣ ਵੀ ਕੁਝ ਸਮੇਂ ਦੇ ਵਾਧ ਘਾਟ ਨਾਲ ਪ੍ਰਚੱਲਿਤ ਚੱਲੀਆਂ ਆ ਰਹੀਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਕਾਸ਼ਤ ਰਸਾਲਾ ਗੁਰਦੁਆਰਾ ਗਜ਼ਟ ਵਿਚ ਸ੍ਰੀ ਹਰਿਮੰਦਰ ਸਾਹਿਬ ਦੀ ਮਰਿਆਦਾ ਪ੍ਰਕਾਸ਼ਤ ਕੀਤੀ ਜਾਂਦੀ ਹੈ। ਜੋ ਇਸ ਤਰ੍ਹਾਂ ਹੈ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਦੀ ਪਵਿੱਤਰ ਮਰਿਆਦਾ :

ਕਿਵਾੜ ਖੁੱਲ੍ਹਣ ਦਾ ਸਮਾਂ 2-00 ਵਜੇ ਅੰਮ੍ਰਿਤ ਵੇਲੇ, ਕੀਰਤਨ ਆਰੰਭ 2-00 ਵਜੇ ਅੰਮ੍ਰਿਤ ਵੇਲੇ, ਆਸਾ ਦੀ ਵਾਰ ਦਾ ਕੀਰਤਨ ਆਰੰਭ 3-00 ਵਜੇ ਸਵੇਰੇ, ਪਾਲਕੀ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਚੱਲਣ ਦਾ ਸਮਾਂ 4-00 ਵਜੇ ਸਵੇਰੇ, ਪਹਿਲਾ ਹੁਕਮਨਾਮਾ 4-00 ਵਜੇ ਸਵੇਰੇ, ਪਹਿਲੀ ਅਰਦਾਸ 5-00 ਵਜੇ ਸਵੇਰੇ, ਆਸਾ ਦੀ ਵਾਰ ਦੀ ਸਮਾਪਤੀ 6-00 ਵਜੇ ਸਵੇਰੇ, ਦੂਸਰੀ ਅਰਦਾਸ ਤੇ ਹੁਕਮਨਾਮਾ 6-15 ਵਜੇ ਸਵੇਰੇ, ਸ਼ਾਮ ਨੂੰ ਸੋਦਰੁ, ਰਹਿਰਾਸਿ ਸਾਹਿਬ ਦਾ ਪਾਠ ਸੂਰਜ ਛਿਪਣ ਉਪਰੰਤ ਸ਼ੁਰੂ ਹੁੰਦਾ ਹੈ, ਹੁਕਮਨਾਮਾ ਰਾਤ ਨੂੰ ਸਮਾਪਤੀ ਸਮੇਂ 10-30 ਵਜੇ ਰਾਤ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਪਾਲਕੀ ਚੱਲਣ ਦਾ ਸਮਾਂ 10-45 ਵਜੇ ਰਾਤ, ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪਹੁੰਚਣ ਦਾ ਸਮਾਂ 11-00 ਵਜੇ ਰਾਤ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਕਿਵਾੜ ਖੁੱਲ੍ਹਣ ਤੋਂ ਲੈ ਕੇ ਸਮਾਪਤੀ ਤਕ ਅਖੰਡ ਕੀਰਤਨ ਹੁੰਦਾ ਰਹਿੰਦਾ ਹੈ।

ਰਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਜਾਣ ਉਪਰੰਤ ਇਕ ਘੰਟਾ ਸੇਵਾ ਤੇ ਸਫ਼ਾਈ ਆਦਿ ਉਪਰੰਤ ਇਸ਼ਨਾਨ ਕਰਾਉਣ ਦੀ ਸੇਵਾ ਸ਼ਰਧਾਲੂ, ਸੇਵਾਦਾਰਾਂ ਦੇ ਸਹਿਯੋਗ ਨਾਲ ਕਰਦੇ ਹਨ। ਇਸ਼ਨਾਨ ਸਮੇਂ ਮਿਲ ਕੇ ਪ੍ਰੇਮੀ ਇਸ਼ਨਾਨ ਕਰਾਉਂਦੇ ਹਨ ਅਤੇ ਨਾਲ ਬੜੇ ਹੀ ਪ੍ਰੇਮ ਸਹਿਤ ਰਸ-ਭਿੰਨੀ ਸੁਰ ਵਿਚ ਗੁਰਬਾਣੀ ਦੇ ਸ਼ਬਦ ਗਾਇਨ ਕਰਦੇ ਹਨ। ਇਸ਼ਨਾਨ ਆਦਿ ਦੀ ਸੇਵਾ ਕਰਾਉਣ ਉਪਰੰਤ ਵਿਛਾਈਆਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਿੰਘਾਸਨ ਸਜਾ ਕੇ ਅਰਦਾਸ ਹੁੰਦੀ ਹੈ ਤੇ ਕੜਾਹ ਪ੍ਰਸ਼ਾਦਿ ਦੀ ਦੇਗ ਵਰਤਦੀ ਹੈ।

ਫਿਰ ਤਿੰਨ-ਪਹਿਰੇ ਦੀ ਚੌਂਕੀ ਦਾ ਕੀਰਤਨ ਹੁੰਦਾ ਹੈ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਵਿਚਕਾਰਲੀ ਛੱਤ ਅਤੇ ਗੁੰਬਦ ਵਿਚ ਹਰ ਵਕਤ ਅਖੰਡ ਪਾਠ ਸਾਹਿਬ ਚੱਲਦੇ ਹਨ, ਜਿਨ੍ਹਾਂ ਦਾ ਵਾਰੀ ਨਾਲ ਰੋਜ਼ਾਨਾ ਇਕ ਅਖੰਡ ਪਾਠ ਸਾਹਿਬ ਦਾ ਭੋਗ ਪੈਂਦਾ ਹੈ।



ਰਾਤ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਇਸ਼ਨਾਨ ਤੋਂ ਬਾਅਦ ਵਿਛਾਈਆਂ ਕੀਤੀਆਂ ਜਾਂਦੀਆਂ ਹਨ ਗੁਰੂ ਗ੍ਰੰਥ ਜੀ ਦੇ ਪ੍ਰਕਾਸ਼ ਲਈ ਸਿੰਘਾਸਨ ਤਿਆਰ ਕੀਤਾ ਜਾਂਦਾ ਹੈ। ਦੂਜੇ ਪਾਸੇ ਹਰਿਮੰਦਰ ਸਾਹਿਬ ਦੇ ਕਿਵਾੜ ਖੁੱਲ੍ਹਣ ਤੋਂ ਪਹਿਲਾਂ ਦਰਸ਼ਨੀ ਡਿਓੜੀ ਦੇ ਬਾਹਰ ਪ੍ਰੇਮੀ ਸਿੰਘ ਸ਼ਬਦ ਪੜ੍ਹਦੇ ਹਨ- ਉਦਰਮਾਦੇ ਠਾਢੇ ਦਰਬਾਰਿ। ਤੁਝ ਬਿਨੁ ਸੁਰਤਿ ਕਰੈ ਕੋ ਮੇਰੀ ਦਰਸ਼ਨ ਦੀਜੈ ਖੋਲਿ ਕਿਵਾਰ।" ਇਸ ਸ਼ਬਦ ਦੇ ਗਾਇਨ ਤੋਂ ਬਾਅਦ ਗਰਮੀਆਂ ਵਿਚ ਦੋ ਵਜੇ ਅਤੇ ਸਰਦੀਆਂ ਵਿਚ ਤਿੰਨ ਵਜੇ ਕਿਵਾੜ ਖੁੱਲ੍ਹਜਾਂਦੇ ਹਨ। ਸ੍ਰੀ ਹਰਿਮੰਦਰ ਸਾਹਿਬ ਕੀਰਤਨ ਆਰੰਭ ਹੋ ਜਾਂਦਾ ਹੈ। ਇਕ ਘੰਟੇ ਦੀ ਇਹ ਚੌਂਕੀ ਸਰਦੀਆਂ ਵਿਚ ਚਾਰ ਵਜੇ ਅਤੇ ਗਰਮੀਆਂ ਵਿਚ ਤਿੰਨ ਵਜੇ ਸਮਾਪਤ ਹੁੰਦੀ ਹੈ।

ਤਿੰਨ ਪਹਿਰ ਵਾਲੀ ਚੌਂਕੀ ਤੋਂ ਬਾਅਦ ਦੂਜਾ ਰਾਗੀ ਜਥਾ 'ਆਸਾ ਕੀ ਵਾਰ' ਦਾ ਕੀਰਤਨ ਸ਼ੁਰੂ ਕਰ ਦਿੰਦਾ ਹੈ। ਇਕ ਘੰਟੇ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਗ੍ਰੰਥੀ ਸਿੰਘ, ਸੰਗਤ ਸਹਿਤ ਸ਼ਬਦ ਗਾਇਨ ਕਰਦੇ ਹੋਏ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ੍ਰੀ ਹਰਿਮੰਦਰ ਸਾਹਿਬ ਵੱਲ ਲੈ ਕੇ ਆਉਂਦੇ ਹਨ। ਮੁੱਖ ਦੁਆਰ ਉੱਤੇ ਪਹੁੰਚਣ 'ਤੇ ਪਾਲਕੀ ਵਿੱਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗ੍ਰੰਥੀ ਸਿੰਘ ਸਿੰਘਾਸਨ ਉੱਤੇ ਬਿਰਾਜਮਾਨ ਕਰਦੇ ਹਨ ਅਤੇ ਵਾਕ ਲੈਂਦੇ ਹਨ। 'ਆਸਾ ਕੀ ਵਾਰ' ਦਾ ਬੰਦ ਕੀਤਾ ਕੀਰਤਨ ਫਿਰ ਆਰੰਭ ਕਰ ਦਿੱਤਾ ਜਾਂਦਾ ਹੈ। ਕੀਰਤਨ ਦੀ ਸਮਾਪਤੀ ਤੋਂ ਬਾਅਦ ਸਰਦੀਆਂ ਵਿਚ ਸੱਤ ਵਜੇ ਅਤੇ ਗਰਮੀਆਂ ਵਿਚ ਛੇ ਵਜੇ ਅਰਦਾਸ ਹੁੰਦੀ ਹੈ।

'ਆਸਾ ਕੀ ਵਾਰ' ਤੋਂ ਬਾਅਦ ਦਿਨ ਦੇ 12 ਵਜੇ ਤਕ ਕੀਰਤਨ ਹੁੰਦਾ ਹੈ ਅਤੇ ਸ਼ਬਦ ਚੌਂਕੀ ਦੀ ਅਰਦਾਸ ਹੁੰਦੀ ਹੈ। ਫਿਰ ਕੀਰਤਨ ਆਰੰਭ ਹੋ ਜਾਂਦਾ ਹੈ। ਤਿੰਨ ਵਜੇ ਤੋਂ ਬਾਅਦ ਸ਼ਬਦ-ਚੌਂਕੀ ਚਰਨ ਕਮਲ ਦੀ ਅਰਦਾਸ ਹੁੰਦੀ ਹੈ। ਫਿਰ ਕੀਰਤਨ ਆਰੰਭ ਹੋ ਜਾਂਦਾ ਹੈ।

ਸੂਰਜ ਛਿਪਣ 'ਤੇ ਰਹਿਰਾਸ ਦੀ ਅਰਦਾਸ ਹੁੰਦੀ ਹੈ ਅਤੇ ਆਰਤੀ ਕਰ ਚੁੱਕਣ ਤੋਂ ਬਾਅਦ ਫਿਰ ਕੀਰਤਨ ਆਰੰਭ ਹੋ ਜਾਂਦਾ ਹੈ। ਇਸ ਚੌਂਕੀ ਨੂੰ ਆਰਤੀ ਅਤੇ ਕਲਿਆਣ ਦੀ ਚੌਂਕੀ ਕਹਿੰਦੇ ਹਨ। ਇਸ ਚੌਂਕੀ ਤੋਂ ਲਗਪਗ ਇਕ ਘੰਟੇ ਬਾਅਦ ਪ੍ਰੇਮੀ ਸਿੰਘਾਂ ਦੀ ਚੌਂਕੀ ਸ਼ਬਦ ਪੜ੍ਹਦੀ ਹੈ। ਅਰਦਾਸ ਤੋਂ ਬਾਅਦ ਫਿਰ ਕੀਰਤਨ ਸ਼ੁਰੂ ਹੋ ਜਾਂਦਾ ਹੈ। ਇਸ ਨੂੰ ਕੀਰਤਨ ਸੋਹਿਲੇ ਦੀ ਚੌਂਕੀ ਕਰ ਕੇ ਜਾਣਿਆ ਜਾਂਦਾ ਹੈ। ਇਹ ਚੌਂਕੀ ਗਰਮੀਆਂ ਵਿਚ 10.30 ਵਜੇ ਅਤੇ ਸਰਦੀਆਂ ਵਿਚ 9.30 ਵਜੇ ਸਮਾਪਤ ਹੁੰਦੀ ਹੈ। ਕੀਰਤਨ ਸੋਹਿਲੇ ਦਾ ਪਾਠ ਕਰਕੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੁਖਾਸਣ ਕਰ ਕੇ, ਅਰਦਾਸ ਕਰਨ ਉਪਰੰਤ ਗ੍ਰੰਥੀ ਸਿੰਘ ਦੁਆਰਾ ਗੁਰੂ ਗ੍ਰੰਥ ਸਾਹਿਬ ਨੂੰ ਆਦਰ ਸਹਿਤ ਸੰਗਤਾਂ ਵਲੋਂ ਲਿਆਂਦੀ ਹੋਈ ਪਾਲਕੀ ਵਿਚ ਸੁਸ਼ੋਭਿਤ ਕੀਤਾ ਜਾਂਦਾ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਦੁਆਰ ਬੰਦ ਕਰ ਦਿੱਤੇ ਜਾਂਦੇ ਹਨ। ਸੰਗਤਾਂ ਸ਼ਬਦ ਗਾਇਨ ਕਰਦੀਆਂ ਪਾਲਕੀ ਸਹਿਤ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਚੱਲ ਪੈਂਦੀਆਂ ਹਨ। ਉੱਥੇ ਪਹੁੰਚਣ 'ਤੇ ਗ੍ਰੰਥੀ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਤਿਕਾਰ ਸਹਿਤ ਸੁਖਾਸਣ ਵਾਲੇ ਕਮਰੇ (ਕੋਠਾ ਸਾਹਿਬ) ਵਿਚ ਪਲੰਘ ਉੱਤੇ ਬਿਰਾਜਮਾਨ ਕਰਦੇ ਹਨ। ਇਸ ਤਰ੍ਹਾਂ ਹਰ ਰੋਜ਼ 18 ਤੋਂ 20 ਘੰਟੇ ਤਕ ਸ੍ਰੀ ਹਰਿਮੰਦਰ ਸਾਹਿਬ ਵਿਚ ਵੱਖ-ਵੱਖ ਚੌਂਕੀਆਂ ਰਾਹੀਂ ਕੀਰਤਨ ਦਾ ਪ੍ਰਵਾਹ ਚੱਲਦਾ ਹੈ। ਇਹ ਸਾਰੀ ਕੀਰਤਨ ਪ੍ਰਕਿਰਿਆ ਗੁਰੂ ਅਰਜਨ ਦੇਵ ਜੀ ਦੁਆਰਾ ਸਥਾਪਤ ਚਾਰ ਚੌਂਕੀਆਂ ਦੇ ਅੰਤਰਗਤ ਹੈ।

ਮੋਬਾਈਲ : 98148 98570

# ਕੇਂਦਰ ਵੱਲੋਂ ਪੰਜਾਬ ਨੂੰ ਵੱਡੀ ਰਾਹਤ ! ਮੰਤਰੀ ਨੇ ਕਰ'ਤੇ ਵੱਡੇ ਐਲਾਨ

**ਕੌਮੀ ਪਤ੍ਰਿਕਾ**

ਲੁਧਿਆਣਾ 19 ਅਕਤੂਬਰ। ਅੱਜ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਲੁਧਿਆਣਾ ਪਹੁੰਚੇ। ਇੱਥੇ ਇਕ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਉਨ੍ਹਾਂ ਨੇ ਪੰਜਾਬ ਸਰਕਾਰ ਵੱਲੋਂ ਹੜ੍ਹਾਂ ਦੌਰਾਨ ਢਹਿ-ਢੇਰੀ ਹੋਏ ਘਰਾਂ ਦੀ ਉਸਾਰੀ ਲਈ ਫੰਡ ਮਨਜ਼ੂਰ ਕਰਨ ਦਾ ਐਲਾਨ ਕਰ ਦਿੱਤਾ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਇਸ ਔਖੀ ਘੜੀ ਵਿਚ ਪਾਰਟੀਬਾਜ਼ੀ ਨਹੀਂ ਕੀਤੀ ਜਾਵੇਗੀ ਤੇ ਪੰਜਾਬ ਸਰਕਾਰ ਵੱਲੋਂ ਜੋ ਵੀ ਮੈਮੋਰੰਡਮ ਆਵੇਗਾ, ਉਸ ਮੁਤਾਬਕ ਲੋਕਾਂ ਦੀ ਮਦਦ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਸ਼ਿਵਰਾਜ ਚੌਹਾਨ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਹੜ੍ਹਾਂ ਦੌਰਾਨ ਪਹਿਲਾਂ 14 ਹਜ਼ਾਰ ਮਕਾਨ ਢਹਿ ਢੇਰੀ ਹੋਣ ਦੀ ਲਿਸਟ ਭੇਜੀ ਸੀ, ਉਨ੍ਹਾਂ ਨੂੰ ਬਣਵਾਉਣ ਲਈ 1.60 ਲੱਖ ਰੁਪਏ ਪ੍ਰਤੀ ਮਕਾਨ ਲਈ ਭੇਜੇ ਗਏ ਸਨ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਬੀਤੀ ਰਾਤ ਹੀ 36,703 ਮਕਾਨਾਂ ਦੀ ਲਿਸਟ ਹੋਰ ਭੇਜੀ ਗਈ ਹੈ, ਉਨ੍ਹਾਂ ਨੇ ਇਨ੍ਹਾਂ ਸਾਰੇ ਮਕਾਨਾਂ ਦੀ ਉਸਾਰੀ ਲਈ ਵੀ ਮਨਜ਼ੂਰੀ ਦਿੰਦਿਆਂ ਮੌਕੇ 'ਤੇ ਹੀ ਇਸ ਦਾ ਪੱਤਰ ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਕੁੱਡੀਆਂ ਨੂੰ ਸੌਂਪ ਦਿੱਤਾ। ਉਨ੍ਹਾਂ ਕਿਹਾ ਕਿ ਜੇਕਰ ਹੋਰ ਵੀ ਕੋਈ ਹੋਇਆ ਤਾਂ ਉਸ ਦੀ ਮਦਦ ਕਰਾਂਗੇ, ਇਸ ਵਿਚ ਕੋਈ ਸਿਆਸਤ ਨਹੀਂ ਹੋਵੇਗੀ। ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ ਮੁਫ਼ਤ ਕਣਕ ਦੇ ਬੀਜ ਦੇਣ ਲਈ ਵੀ ਪੈਸੇ ਭੇਜੇ ਜਾ ਚੁੱਕੇ ਹਨ। ਇਸ ਤੋਂ ਇਲਾਵਾ ਪੰਜਾਬ ਦੇ ਮੰਤਰੀ ਨੂੰ ਕਿਹਾ ਕਿ ਜੇਕਰ ਬਾਗਾਂ ਦਾ ਵੀ ਨੁਕਸਾਨ ਹੋਇਆ ਤਾਂ ਉਸ ਦੀ ਰਿਪੋਰਟ ਬਣਾ ਕੇ ਭੇਜੋ, ਉਸ ਲਈ ਵੀ ਕੇਂਦਰ ਵੱਲੋਂ ਪੈਸੇ ਭੇਜੇ ਜਾਣਗੇ। ਇਸ ਤੋਂ ਇਲਾਵਾ ਖੇਤਾਂ ਚੋਂ ਰੇਤ ਹਟਾਉਣ ਲਈ ਵੀ ਪੈਸੇ ਭੇਜੇ ਜਾ ਰਹੇ ਹਨ। ਇਸ ਦੌਰਾਨ ਕੇਂਦਰੀ ਮੰਤਰੀ ਨੇ ਕਿਹਾ ਕਿ ਪੰਜਾਬ 'ਚ ਆਏ ਹੜ੍ਹਾਂ ਨੇ ਕਈ ਕਿਸਾਨਾਂ ਨੂੰ ਤਬਾਹ ਕਰ ਕੇ ਰੱਖ ਦਿੱਤਾ।



ਉਸ ਵੇਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਨ੍ਹਾਂ ਨੂੰ ਪੰਜਾਬ ਭੇਜਿਆ ਸੀ ਤੇ ਉਨ੍ਹਾਂ ਨੇ ਉਹ ਹਾਲਾਤ ਅੱਖੀਂ ਵੇਖੇ ਸਨ। ਉਨ੍ਹਾਂ ਕਿਹਾ ਕਿ ਮੈਂ ਕੋਈ ਟੂਰਿਜ਼ਮ ਕਰਨ ਪੰਜਾਬ ਨਹੀਂ ਸੀ ਆਇਆ, ਸਗੋਂ ਪੰਜਾਬ ਦੇ ਲੋਕਾਂ ਤੇ ਕਿਸਾਨਾਂ ਦਾ ਦਰਦ ਮਹਿਸੂਸ ਕਰਨ ਆਇਆ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਵਾਪਸ ਜਾ ਕੇ ਪ੍ਰਧਾਨ ਮੰਤਰੀ ਮੋਦੀ ਨੂੰ ਜਦੋਂ ਉਹ ਦਰਦ ਸੁਣਾਇਆ ਤਾਂ ਉਨ੍ਹਾਂ ਨੇ ਬਾਕੀ ਮੰਤਰੀਆਂ ਨੂੰ ਵੀ ਪੰਜਾਬ ਭੇਜਿਆ ਤੇ ਕਿਹਾ ਕਿ ਲੋਕਾਂ ਦੀ ਭਲਾਈ ਬਿਹਤਰ ਤੋਂ ਬਿਹਤਰ ਕੰਮ ਕੀਤੇ ਜਾਣ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੇ 1600 ਕਰੋੜ ਰੁਪਏ ਦੇ ਪੈਕੇਜ ਦਾ ਐਲਾਨ ਕੀਤਾ ਤੇ ਇਸ ਤੋਂ ਇਲਾਵਾ ਹੋਰ ਵੀ ਮਦਦ ਕੀਤੀ ਜਾਵੇਗੀ। ਪੰਜਾਬ ਸਰਕਾਰ ਵੱਲੋਂ ਜੋ ਵੀ ਮੈਮੋਰੰਡਮ ਆਵੇਗਾ, ਉਸ ਮੁਤਾਬਕ ਪੰਜਾਬ ਦੇ ਲੋਕਾਂ ਦੀ ਮਦਦ ਲਈ ਕੋਈ ਕਸਰ ਨਹੀਂ ਛੱਡੀ ਜਾਵੇਗੀ। ਇਸ ਦੌਰਾਨ ਸ਼ਿਵਰਾਜ ਸਿੰਘ ਚੌਹਾਨ ਨੇ ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੀ ਤਾਰੀਫ਼ ਵੀ ਕੀਤੀ। ਉਨ੍ਹਾਂ ਕਿਹਾ ਕਿ ਗੁਰਮੀਤ ਸਿੰਘ ਇਕ ਚੰਗੇ ਖੇਤੀਬਾੜੀ ਮੰਤਰੀ ਵਜੋਂ ਕੰਮ ਕਰ ਰਹੇ ਹਨ ਤੇ ਉਹ ਜਦੋਂ ਵੀ ਉਨ੍ਹਾਂ ਨੂੰ ਕਿਸੇ ਕੰਮ ਲਈ ਬੁਲਾਉਂਦੇ ਹਨ ਤਾਂ ਉਹ ਜ਼ਰੂਰ ਆਉਂਦੇ ਹਨ। ਉਨ੍ਹਾਂ ਕਿਹਾ ਕਿ ਅੱਜ ਕੇਂਦਰ ਤੇ ਪੰਜਾਬ ਦੇ ਖੇਤੀਬਾੜੀ ਮੰਤਰੀ ਇੱਕੋ ਗੱਡੀ ਵਿਚ ਬਹਿ ਕੇ ਆਏ ਹਨ, ਅਜਿਹਾ ਬਹੁਤ ਘੱਟ ਹੁੰਦਾ ਹੈ।

## ਤਿੱਖੀ ਧੁੱਪ ਕਾਰਨ ਤੇਜ਼ ਹੋਇਆ ਝੋਨੇ ਦੀ ਕਟਾਈ ਦਾ ਕੰਮ, ਮੰਡੀਆਂ 'ਚ ਪਹੁੰਚ ਚੁੱਕਾ 62 ਹਜ਼ਾਰ ਮੀਟ੍ਰਿਕ ਝੋਨਾ

ਗੁਰਦਾਸਪੁਰ 19 ਅਕਤੂਬਰ। ਇਸ ਹਫਤੇ ਤੇਜ਼ ਬਾਰਿਸ਼ ਕਾਰਨ ਝੋਨੇ ਦੀ ਕਟਾਈ ਦਾ ਕੰਮ ਕੁਝ ਦਿਨ ਰੁਕਣ ਦੇ ਬਾਅਦ ਹੁਣ ਜਦੋਂ ਮੁੜ ਤਿੱਖੀ ਧੁੱਪ ਲੱਗ ਰਹੀ ਹੈ ਤਾਂ ਜ਼ਿਲ੍ਹੇ ਅੰਦਰ ਝੋਨੇ ਦੀ ਕਟਾਈ ਦਾ ਕੰਮ ਵੀ ਤੇਜ਼ ਹੋ ਗਿਆ ਹੈ। ਗੁਰਦਾਸਪੁਰ ਜ਼ਿਲੇ ਦੀਆਂ ਮੰਡੀਆਂ 'ਚ ਬੀਤੀ ਸ਼ਾਮ ਤੱਕ 62061 ਮੀਟ੍ਰਿਕ ਟਨ ਝੋਨੇ ਦੀ ਫਸਲ ਦੀ ਆਮਦ ਹੋ ਚੱਕੀ ਹੈ, ਜਿਸ 'ਚੋਂ 55558 ਮੀਟ੍ਰਿਕ ਟਨ ਝੋਨੇ ਦੀ ਖਰੀਦ ਕੀਤੀ ਜਾ ਚੁੱਕੀ ਹੈ ਅਤੇ ਫਸਲ ਦੀ ਚੁਕਾਈ ਅਤੇ ਅਦਾਇਗੀ ਨੂੰ ਨਿਸ਼ਚਿਤ ਸਮੇਂ ਅੰਦਰ ਕਰਨ ਨੂੰ ਯਕੀਨੀ ਬਣਾਇਆ ਗਿਆ ਹੈ। ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਝੋਨੇ ਦੀ ਫਸਲ ਕੱਟਣ ਉਪਰੰਤ ਇੰਨ ਸੀਟੂ ਵਿਧੀ ਨਾਲ ਫਸਲ ਦੀ ਰਹਿੰਦ ਖੂੰਹਦ ਨੂੰ ਖੇਤ 'ਚ ਵਾਹ ਕੇ ਕਣਕ ਦੀ ਬਿਜਾਈ ਕਰਨ ਜਾਂ ਐਕਸ ਸੀਟੂ ਵਿਧੀ ਰਾਹੀਂ ਪਰਾਲੀ ਪ੍ਰਬੰਧਨ ਲਈ ਖੇਤੀ ਮਸ਼ੀਨਰੀ ਦੀ ਵਰਤੋਂ ਕਰਨ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਝੋਨੇ ਦੀ ਕਟਾਈ ਝੋਨਾ ਪੂਰੀ ਤਰ੍ਹਾਂ ਪੱਕਣ 'ਤੇ ਹੀ ਕੀਤੀ ਜਾਵੇ ਅਤੇ ਕੇਵਲ ਸੁੱਕਾ ਝੋਨਾ ਹੀ ਮੰਡੀਆਂ 'ਚ ਵੇਚਣ ਲਈ ਲਿਆਂਦਾ ਜਾਵੇ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਵੱਲੋਂ ਖ਼ਰੀਦ ਵੇਲੇ ਝੋਨੇ 'ਚ ਨਮੀਂ ਦੀ ਹੱਦ 17 ਫ਼ੀਸਦੀ ਨਿਰਧਾਰਿਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਕਿਸਾਨ ਦੇ ਝੋਨੇ ਦੀ ਫ਼ਸਲ ਵਿਚ 17 ਫ਼ੀਸਦੀ ਤੋਂ ਵੱਧ ਦੀ ਨਮੀਂ ਪਾਈ ਜਾਂਦੀ ਹੈ ਤਾਂ ਉਸ ਦੀ ਜਿਣਸ ਦੀ ਖ਼ਰੀਦ ਨਹੀਂ ਹੋ ਪਾਉਂਦੀ, ਜਿਸ ਕਾਰਨ ਕਿਸਾਨਾਂ ਨੂੰ ਮੰਡੀ 'ਚ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਝੋਨੇ ਦੀ ਫ਼ਸਲ ਪੂਰੀ ਤਰ੍ਹਾਂ ਪੱਕਣ 'ਤੇ ਹੀ ਵਢਾਈ ਜਾਵੇ ਤਾਂ ਉਸ 'ਚ ਨਮੀਂ ਦੀ ਮਾਤਰਾ ਸਹੀ ਹੁੰਦੀ ਹੈ। ਡਿਪਟੀ ਕਮਿਸ਼ਨਰ ਨੇ ਸਾਰੇ ਕੰਬਾਈਨ ਆਪ੍ਰੇਟਰਾਂ ਨੂੰ ਵੀ ਹਦਾਇਤ ਕੀਤੀ ਹੈ ਕਿ ਉਹ ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ ਹੀ ਝੋਨੇ ਦੀ ਕਟਾਈ ਕਰਨ ਤਾਂ ਜੋ ਝੋਨੇ ਦੀ ਫਸਲ ਵਿੱਚ ਨਮੀਂ ਦੀ ਮਾਤਰਾ ਵੱਧ ਨਾ ਆ ਸਕੇ। ਉਨ੍ਹਾਂ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਕੇਵਲ ਦਿਨ ਵੇਲੇ ਹੀ ਆਪਣੀ ਝੋਨੇ ਦੀ ਪੱਕੀ ਹੋਈ ਫ਼ਸਲ ਦੀ ਕਟਾਈ ਕਰਵਾਉਣ।

## ਤੜਕੇ ਦਾ 'ਜਾਇਕਾ' ਹੋਇਆ ਫਿੱਕਾ, 80 ਰੁਪਏ ਪ੍ਰਤੀ ਕਿਲੋ ਵਿਕ ਰਿਹੈ ਟਮਾਟਰ

**ਏਜੰਸੀਆਂ**

ਸਿਮਲਾ 19 ਅਕਤੂਬਰ। ਸਰਦੀਆਂ ਦੇ ਮੌਸਮ 'ਚ ਵੀ ਲੋਕਾਂ ਨੂੰ ਸਬਜੀਆਂ ਦੀਆਂ ਮਹਿੰਗੀਆਂ ਕੀਮਤਾਂ ਨਾਲ ਜੂਝਣਾ ਪੈ ਰਿਹਾ ਹੈ, ਜਿਸ ਕਾਰਨ ਨਾ ਸਿਰਫ ਲੋਕਾਂ ਦੀਆਂ ਜੇਬਾਂ ਢਿੱਲੀਆਂ ਹੋ ਰਹੀਆਂ ਹਨ, ਸਗੋਂ



ਘਰੇਲੂ ਔਰਤਾਂ ਦਾ ਰਸੋਈ ਦਾ ਬਜਟ ਵੀ ਵਿਗੜ ਗਿਆ ਹੈ। ਤੜਕੇ ਦਾ ਜਾਇਕਾ ਵੀ ਹੁਣ ਫਿੱਕਾ ਹੋਣ ਲੱਗਾ ਹੈ। ਲਾਲ ਸੋਨਾ ਕਹੇ ਜਾਣ ਵਾਲੇ ਟਮਾਟਰ ਦੀ ਕੀਮਤ ਇਕ ਵਾਰ ਫਿਰ 80 ਰੁਪਏ ਪ੍ਰਤੀ ਕਿਲੋ ਤੱਕ ਪਹੁੰਚ ਗਈ ਹੈ। ਬਾਹਰੀ ਮੰਡੀਆਂ ਤੋਂ ਆਉਣ ਵਾਲੇ ਦੇਸੀ ਮਟਰ ਦੀ ਕੀਮਤ ਦੁੱਗਣੀ ਹੋ ਕੇ 80 ਰੁਪਏ ਪ੍ਰਤੀ ਕਿਲੋ ਹੋ ਗਈ ਹੈ, ਜਦੋਂ ਕਿ ਪਹਾੜੀ ਮਟਰਾਂ ਦੀ ਕੀਮਤ ਦੁੱਗਣੀ ਹੋ ਕੇ 160 ਰੁਪਏ ਪ੍ਰਤੀ ਕਿਲੋ ਹੋ ਗਈ ਹੈ। ਲਸਣ ਨੇ ਪਹਿਲਾਂ ਹੀ ਰਿਕਾਰਡ ਤੋੜ ਦਿੱਤੇ ਹਨ ਅਤੇ ਇਸ ਦੀ ਕੀਮਤ 400 ਰੁਪਏ ਪ੍ਰਤੀ ਕਿਲੋ ਤੱਕ ਪਹੁੰਚ ਗਈ ਹੈ, ਉਥੇ ਹੀ ਹੋਰ ਸਬਜੀਆਂ ਦੇ ਭਾਅ ਵੀ ਸਿਖਰਾਂ 'ਤੇ ਪਹੁੰਚ ਗਏ ਹਨ। ਜਿ਼ਆਦਾਤਰ ਸਬਜੀਆਂ 60 ਰੁਪਏ ਤੋਂ ਉਪਰ ਦੇ ਭਾਅ ਵਿਕ ਰਹੀਆਂ ਹਨ। ਜਿਮੀਕੰਦ 100 ਰੁਪਏ, ਗੋਭੀ ਅਤੇ ਸਿ਼ਮਲਾ ਮਿਰਚ 80 ਰੁਪਏ, ਫਲੀਆਂ ਅਤੇ ਖੀਰਾ 60 ਰੁਪਏ, ਗੋਭੀ 60 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਵਿਕ ਰਹੀ ਹੈ। ਇਸ ਤੋਂ ਇਲਾਵਾ ਪਿਆਜ ਦੀ ਕੀਮਤ 60 ਰੁਪਏ ਅਤੇ ਆਲੂ ਦੀ ਕੀਮਤ 50 ਰੁਪਏ ਪ੍ਰਤੀ ਕਿਲੋ ਹੈ। ਦੱਸਿਆ ਜਾਂਦਾ ਹੈ ਕਿ ਇਨ੍ਹੀਂ ਦਿਨੀਂ ਵਿਆਹਾਂ ਦੇ ਸੀਜਨ ਕਾਰਨ ਸਬਜੀਆਂ ਦੀਆਂ ਕੀਮਤਾਂ 'ਚ ਵਾਧਾ ਹੋ ਰਿਹਾ ਹੈ ਅਤੇ ਇਸ ਮਹੀਨੇ ਇਨ੍ਹਾਂ ਦੇ ਭਾਅ ਇਸੇ ਤਰ੍ਹਾਂ ਰਹਿਣ ਦੀ ਸੰਭਾਵਨਾ ਹੈ ਪਰ ਜਨਵਰੀ ਮਹੀਨੇ ਤੋਂ ਇਨ੍ਹਾਂ ਦੀਆਂ ਕੀਮਤਾਂ 'ਚ ਗਿਰਾਵਟ ਆ ਸਕਦੀ ਹੈ। ਕੁਝ ਸਬਜੀਆਂ ਦੇ ਭਾਅ ਲੋਕਾਂ ਦੀ ਪਹੁੰਚ ਵਿਚ ਹੀ ਹਨ ਅਤੇ ਲੋਕ ਇਨ੍ਹਾਂ ਸਬਜੀਆਂ ਨੂੰ ਵੱਡੀ ਮਾਤਰਾ ਵਿਚ ਖਰੀਦ ਰਹੇ ਹਨ। ਸਿੰਘਾੜਾ 50 ਰੁਪਏ, ਗਾਜਰ ਅਤੇ ਬੈਂਗਣ 40 ਰੁਪਏ, ਘੀਆ 50 ਰੁਪਏ, ਮੂਲੀ, ਸਲਗਮ, ਪਾਲਕ, ਸਰ੍ਹੋਂ, ਮੇਥੀ 30 ਰੁਪਏ ਵਿਕ ਰਹੇ ਹਨ। ਮੰਡੀ ਵਿਚ ਫਲ ਵੀ ਖਰੀਦੇ ਜਾ ਰਹੇ ਹਨ ਅਤੇ ਖਜੂਰ 140 ਰੁਪਏ, ਸੰਤਰਾ 80 ਰੁਪਏ, ਅਨਾਰ 200 ਰੁਪਏ, ਸੇਬ 100 ਤੋਂ 120 ਰੁਪਏ, ਅਮਰੂਦ 100 ਰੁਪਏ ਕਿਲੋ ਅਤੇ ਕੇਲਾ 60 ਰੁਪਏ ਅਤੇ ਕੇਲਾ 70 ਰੁਪਏ ਪ੍ਰਤੀ ਦਰਜਨ ਦੇ ਹਿਸਾਬ ਨਾਲ ਵਿਕ ਰਿਹਾ ਹੈ।

## ਵਿਧਾਇਕ ਜਸਵੀਰ ਰਾਜਾ ਨੇ ਪਿੰਡ ਰੜਾ ਦੇ ਵਿਕਾਸ ਕਾਰਜਾਂ ਲਈ 6 ਲੱਖ ਰੁਪਏ ਦਾ ਚੈੱਕ ਦਿੱਤਾ

ਟਾਂਡਾ ਉੜਮੁੜ 19 ਅਕਤੂਬਰ। ਪੰਜਾਬ ਦੀ ਮੌਜੂਦਾ ਸਰਕਾਰ ਵੱਲੋਂ ਪਿੰਡਾਂ ਦੇ ਵਿਕਾਸ ਕਾਰਜਾਂ ਲਈ ਗਰਾਂਟਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਪਿੰਡ ਰੜਾ ਦੇ ਵਿਕਾਸ ਕਾਰਜਾਂ ਲਈ ਸਰਪੰਚ ਸਤਿੰਦਰ ਕੌਰ ਸੰਧੂ ਨੂੰ 6 ਲੱਖ ਰੁਪਏ ਦਾ ਚੈੱਕ ਭੇਟ ਕਰਨ ਸਮੇਂ ਕੀਤਾ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਯੋਗ ਅਗਵਾਈ 'ਚ ਅੱਜ ਸੂਬੇ ਦੇ ਹਰੇਕ ਖੇਤਰ ਅੰਦਰ ਇਤਿਹਾਸਿਕ ਵਿਕਾਸ ਕਾਰਜ ਹੋ ਰਹੇ ਹਨ ਅਤੇ ਇਨ੍ਹਾਂ ਵਿਕਾਸ ਕਾਰਜਾਂ ਦੇ ਕਾਰਨ ਹੀ ਪੰਜਾਬ ਦੀ ਨੁਹਾਰ ਬਦਲੀ ਜਾ ਰਹੀ ਹੈ। ਵਿਧਾਇਕ ਰਾਜਾ ਗਿੱਲ ਨੇ ਹੋਰ ਕਿਹਾ ਕਿ ਪੰਜਾਬ ਸਰਕਾਰ ਨੇ ਜੋ ਵੀ ਵਾਅਦਾ ਲੋਕਾਂ ਨਾਲ ਕੀਤਾ ਉਸ ਨੂੰ ਪੂਰਾ ਕਰਦੇ ਹੋਏ ਵਿਕਾਸ ਦੇ ਕੰਮਾਂ ਵਿੱਚ ਆਪਣਾ ਯੋਗਦਾਨ ਪਾਇਆ ਹੈ ਤਾਂ ਜੋ ਲੋਕਾਂ ਵੱਲੋਂ ਸੌਂਪੀ ਗਈ ਸੇਵਾ ਨੂੰ ਪੂਰੀ ਜ਼ਿੰਮੇਵਾਰੀ ਨਾਲ ਕੀਤਾ ਜਾ ਸਕੇ। ਵਿਧਾਇਕ ਜਸਵੀਰ ਰਾਜਾਂ ਨੇ ਇਸ ਮੌਕੇ ਹੋਰ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਵੇਟ ਖੇਤਰ ਕੰਡੀ ਖੇਤਰ ਅਤੇ ਹਲਕਾ ਟਾਂਡਾ ਦੇ ਉਨ੍ਹਾਂ ਪਿੰਡਾਂ ਨੂੰ ਗਰਾਂਟਾਂ ਦੇ ਚੈੱਕ ਦਿੱਤੇ ਜਾਣਗੇ ਤਾਂ ਜੋ ਪਿੰਡਾਂ ਵਿੱਚ ਧੂਰੇ ਪਏ ਵਿਕਾਸ ਕਾਰਜ ਪੂਰੇ ਕੀਤੇ ਜਾ ਸਕਣ। ਇਸ ਮੌਕੇ ਸਮੂਹ ਗ੍ਰਾਮ ਪੰਚਾਇਤ ਰੜਾ ਨੇ ਆਮ ਆਦਮੀ ਪਾਰਟੀ ਦੀ ਮੌਜੂਦਾ ਪੰਜਾਬ ਸਰਕਾਰ ਅਤੇ ਵਿਧਾਇਕ ਜਸਵੀਰ ਸਿੰਘ ਰਾਜਾ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦੇ ਹੋਏ ਉਨ੍ਹਾਂ ਨੂੰ ਸਨਮਾਨਤ ਵੀ ਕੀਤਾ।

## ਪੱਛਮੀ ਬੰਗਾਲ ਨੇ ਦੂਜੇ ਰਾਜਾਂ ਨੂੰ ਆਲੂ ਵੇਚਣ ਨਹੀਂ ਦਿੱਤੇ ਤੋਂ ਹੋਵੇਗੀ ਹੜਤਾਲ: ਆਲੂ ਵਪਾਰੀ

**ਏਜੰਸੀਆਂ**

ਕੋਲਕਾਤਾ 19 ਅਕਤੂਬਰ। ਪੱਛਮੀ ਬੰਗਾਲ ਦੇ ਆਲੂ ਵਪਾਰੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਸੂਬਾ ਸਰਕਾਰ ਨੇ ਦੂਜੇ ਰਾਜਾਂ ਨੂੰ ਆਲੂ ਵੇਚਣ 'ਤੇ ਲੱਗੀ ਪਾਬੰਦੀ ਨਹੀਂ ਹਟਾਈ ਤਾਂ ਉਹ ਮੰਗਲਵਾਰ ਨੂੰ ਹੜਤਾਲ 'ਤੇ ਜਾਣਗੇ। ਪੱਛਮੀ ਬੰਗਾਲ ਨੇ ਹਾਲ ਹੀ ਵਿੱਚ ਸਥਾਨਕ ਬਾਜ਼ਾਰਾਂ ਵਿੱਚ ਕੀਮਤਾਂ ਨੂੰ ਕਾਬੂ ਕਰਨ ਦੀ ਕੋਸ਼ਿ਼ਸ ਵਿੱਚ ਗੁਆਂਢੀ ਰਾਜਾਂ ਨੂੰ ਆਲੂ ਵੇਚਣ 'ਤੇ ਮੁੜ ਪਾਬੰਦੀ ਲਗਾ ਦਿੱਤੀ ਹੈ। ਸਥਾਨਕ ਮੰਡੀਆਂ ਵਿੱਚ ਆਲੂ 35-40 ਰੁਪਏ ਪ੍ਰਤੀ ਕਿਲੋ ਵਿਕ ਰਿਹਾ ਹੈ। ਸੂਬਾ ਸਰਕਾਰ ਦੇ ਇਸ ਫੈਸਲੇ ਤੋਂ ਬਾਅਦ ਪੁਲਸ ਨੇ ਸੂਬੇ ਤੋਂ ਆਲੂਆਂ ਦੀ ਢੋਆ-ਢੁਆਈ ਨੂੰ ਰੋਕਣ ਲਈ ਅੰਤਰ-ਰਾਜੀ ਸਰਹੱਦਾਂ 'ਤੇ ਨਿਗਰਾਨੀ ਵਧਾ ਦਿੱਤੀ ਹੈ। ਇਸ ਕਾਰਨ ਕਈ ਟਰੱਕ ਸਰਹੱਦ ਪਾਰੋਂ ਫਸੇ ਹੋਏ ਹਨ। ਪ੍ਰਗਤੀਸ਼ੀਲ ਆਲੂ ਵਪਾਰੀ ਐਸੋਸੀਏਸ਼ਨ ਦੇ ਸਕੱਤਰ ਲਾਲੂ ਮੁਖਰਜੀ ਨੇ ਦੱਸਿਆ, "ਜੇਕਰ ਸਰਕਾਰ ਨੇ ਪਾਬੰਦੀ ਨਹੀਂ ਹਟਾਈ ਤਾਂ ਅਸੀਂ ਮੰਗਲਵਾਰ ਤੋਂ ਹੜਤਾਲ 'ਤੇ ਜਾਵਾਂਗੇ।" ਉਹਨਾਂ ਨੇ ਸਰਕਾਰ ਦੇ ਫੈਸਲੇ ਦੀ ਆਲੋਚਨਾ ਕਰਦੇ ਕਿਹਾ, "ਅਜਿਹੇ ਅਚਾਨਕ ਚੁੱਕੇ ਕਦਮਾਂ ਨਾਲ ਸਾਡੇ ਕਾਰੋਬਾਰ ਵਿਚ ਵਿਘਨ ਪੈਂਦਾ ਹੈ ਅਤੇ ਭਾਰੀ ਨੁਕਸਾਨ ਹੁੰਦੀ ਹੈ, ਕਿਉਂਕਿ ਅਸੀਂ ਆਪਣੇ ਵਾਅਦੇ ਪੂਰੇ ਕਰਨ ਵਿੱਚ ਅਸਫਲ ਰਹਿੰਦੇ ਹਾਂ।" ਵਪਾਰੀਆਂ ਅਤੇ ਕੋਲਡ ਸਟੋਰੇਜ ਐਸੋਸੀਏਸ਼ਨਾਂ ਨੇ ਸੂਬਾ ਸਰਕਾਰ 'ਤੇ ਸਥਾਨਕ ਬਾਜਾਰਾਂ 'ਚ ਕੀਮਤਾਂ ਨੂੰ ਕੰਟਰੋਲ ਕਰਨ 'ਚ ਨਾਕਾਮ ਰਹਿਣ ਦਾ ਦੋਸ਼ ਲਗਾਇਆ ਅਤੇ ਇਸ ਦਾ ਕਾਰਨ ਵਿਚੋਲਿਆਂ ਦੀ



ਮੁਨਾਫਾਖੋਰੀ ਨੂੰ ਦੱਸਿਆ। ਇੱਕ ਵਪਾਰੀ ਨੇ ਸਵਾਲ ਕੀਤਾ, "ਕੋਲਕਾਤਾ ਵਿੱਚ ਆਲੂ ਦੀ ਥੋਕ ਕੀਮਤ 27 ਰੁਪਏ ਪ੍ਰਤੀ ਕਿਲੋ ਹੋਣ ਦੇ ਬਾਵਜੂਦ, ਪ੍ਰਚੂਨ ਵਿਕਰੀ 35-40 ਰੁਪਏ ਵਿੱਚ ਕਿਵੇਂ ਹੋ ਰਹੀ ਹੈ?" ਉੜੀਸਾ ਅਤੇ ਝਾਰਖੰਡ ਵਰਗੇ ਗੁਆਂਢੀ ਰਾਜ ਆਲੂ ਦੀ ਸਪਲਾਈ ਲਈ ਪੱਛਮੀ ਬੰਗਾਲ 'ਤੇ ਬਹੁਤ ਜਿ਼ਆਦਾ ਨਿਰਭਰ ਹਨ। ਪਾਬੰਦੀਆਂ ਲੱਗਣ ਤੋਂ ਬਾਅਦ ਇਨ੍ਹਾਂ ਸੂਬਿਆਂ 'ਚ ਵੀ ਕੀਮਤਾਂ ਵਧ ਗਈਆਂ ਹਨ। ਓਡੀਸਾ ਦੇ ਖੁਰਾਕ ਸਪਲਾਈ ਅਤੇ ਖਪਤਕਾਰ ਕਲਿਆਣ ਮੰਤਰੀ ਕ੍ਰਿਸਨ ਚੰਦਰ ਪਾਤਰਾ ਨੇ ਸਨੀਵਾਰ ਨੂੰ ਦੋਸ ਲਗਾਇਆ ਕਿ ਮਮਤਾ ਬੈਨਰਜੀ ਸਰਕਾਰ ਆਲੂਆਂ ਦੀ ਸਪਲਾਈ 'ਤੇ ਰਾਜਨੀਤੀ ਕਰ ਰਹੀ ਹੈ। ਉਨ੍ਹਾਂ ਕਿਹਾ, "ਪੱਛਮੀ ਬੰਗਾਲ ਮੱਛੀ ਅਤੇ ਹੋਰ ਵਸਤਾਂ ਲਈ ਦੂਜੇ ਰਾਜਾਂ 'ਤੇ ਨਿਰਭਰ ਹੈ। ਜੇਕਰ ਉਹ ਚਾਹੇ ਤਾਂ ਉੜੀਸਾ ਵੀ ਆਪਣੀ ਸਰਹੱਦ 'ਤੇ ਮਾਲ ਗੱਡੀਆਂ ਨੂੰ ਰੋਕ ਸਕਦਾ ਹੈ। ਪਰ ਅਸੀਂ ਅਜਿਹਾ ਨਹੀਂ ਕਰਨ ਜਾ ਰਹੇ ਹਾਂ।" ਉਨ੍ਹਾਂ ਕਿਹਾ, "ਅਸੀਂ ਰਾਜ ਵਿੱਚ ਖਪਤਕਾਰਾਂ ਨੂੰ ਆਲੂਆਂ ਦੀ ਲੋੜੀਂਦੀ ਮਾਤਰਾ ਪ੍ਰਦਾਨ ਕਰਨ ਲਈ ਪ੍ਰਬੰਧ ਕੀਤੇ ਹਨ। ਉੱਤਰ ਪ੍ਰਦੇਸ ਤੋਂ ਆਲੂਆਂ ਦੀ ਆਮਦ ਸੁਰੂ ਹੋ ਗਈ ਹੈ। ਇਸ ਤੋਂ ਇਲਾਵਾ ਪੰਜਾਬ ਤੋਂ ਵੀ ਆਲੂ ਮੰਗਵਾਏ ਜਾ ਸਕਦੇ ਹਨ।" ਇਕ ਅਧਿਕਾਰੀ ਨੇ ਦੱਸਿਆ ਕਿ ਝਾਰਖੰਡ 'ਚ ਆਲੂ ਦੀ ਕੀਮਤ 'ਚ 5 ਰੁਪਏ ਪ੍ਰਤੀ ਕਿਲੋ ਦਾ ਵਾਧਾ ਹੋਇਆ ਹੈ। ਝਾਰਖੰਡ ਭਾਜਪਾ ਦੇ ਪ੍ਰਧਾਨ ਬਾਬੂਲਾਲ ਮਰਾਂਡੀ ਨੇ ਮੁੱਖ ਮੰਤਰੀ ਹੇਮੰਤ ਸੋਰੇਨ ਨੂੰ ਸਥਿਤੀ ਨਾਲ ਨਜਿੱਠਣ ਲਈ ਪੱਛਮੀ ਬੰਗਾਲ ਸਰਕਾਰ ਨਾਲ ਗੱਲ ਕਰਨ ਦੀ ਅਪੀਲ ਕੀਤੀ ਕਿਉਂਕਿ ਸੂਬੇ ਦੇ ਲੋਕ ਆਲੂ ਦੀਆਂ ਵਧਦੀਆਂ ਕੀਮਤਾਂ ਤੋਂ ਪਰੇਸਾਨ ਹਨ।

## ਵੱਡੀ ਵਾਰਦਾਤ ਅੰਜਾਮ ਤੋਂ ਪਹਿਲਾਂ ਹੋਈ ਨਾਕਾਮ, ਦਿਹਾਤੀ ਪੁਲਸ ਨੇ ਪਿਸਤੌਲਾਂ ਤੇ ਜਿੰਦਾ ਕਾਰਤੂਸਾਂ ਸਣੇ 3 ਕੀਤੇ ਕਾਬੂ

ਜਲੰਧਰ 19 ਅਕਤੂਬਰ। ਜਲੰਧਰ ਦਿਹਾਤੀ ਪੁਲਸ ਨੇ 2 ਵੱਖ-ਵੱਖ 'ਚ 5 ਜਿ਼ੰਦਾ ਕਾਰਤੂਸਾਂ ਤੇ 3 ਨਾਜਾਇਜ਼ ਪਿਸਤੌਲਾਂ ਨਾਲ 3 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਐੱਸ.ਐੱਸ.ਪੀ. ਹਰਕਮਲਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਐੱਸ.ਪੀ. (ਡੀ) ਜਸਰੂਪ ਕੌਰ ਬਾਠ ਅਤੇ ਡੀ.ਐੱਸ.ਪੀ. (ਇਨਵੈਸਟੀਗੇਸ਼ਨ) ਸਰਵਣਜੀਤ ਸਿੰਘ ਦੀ ਦੇਖ-ਰੇਖ ਵਿਚ ਇੰਸ. ਪੁਸ਼ਪ ਬਾਲੀ ਦੀ ਅਗਵਾਈ ਵਿਚ ਸੀ.ਆਈ.ਏ. ਸਟਾਫ ਦੀਆਂ ਪੁਲਸ ਟੀਮਾਂ ਨੇ 2 ਵੱਖ-ਵੱਖ ਛਾਪਿਆਂ ਦੌਰਾਨ ਸ਼ੱਕੀਆਂ ਨੂੰ ਕਾਬੂ ਕਰ ਲਿਆ। ਗ੍ਰਿਫਤਾਰ ਵਿਅਕਤੀਆਂ ਦੀ ਪਛਾਣ ਮਾਲਦੀ ਪਿੰਡ ਦੇ ਖਤਰਨਾਕ ਹਿਸਟਰੀਸ਼ੀਟਰ ਗਗਨ ਗਿੱਲ ਉਰਫ ਗਗਨਾ ਦੇ ਰੂਪ ਵਿਚ ਹੋਈ ਹੈ, ਜੋ ਹਾਲ ਵਿਚ ਹੀ ਹਾਈ-ਪ੍ਰੋਫਾਈਲ ਟਿੰਮੀ ਚਾਵਲਾ ਦੋਹਰੇ ਹੱਤਿਆ ਕਾਂਡ ਵਿਚ ਜ਼ਮਾਨਤ 'ਤੇ ਹੈ। ਉਥੇ ਹੀ, ਸੰਦੀਪ ਸਿੰਘ ਉਰਫ ਸ਼ੀਪਾ, ਜੋ ਮਾਲਦੀ ਦਾ ਹੀ ਰਹਿਣ ਵਾਲਾ ਹੈ, ਸੰਗਠਿਤ ਰੂਪ ਨਾਲ ਜਬਰੀ ਵਸੂਲੀ ਦੀਆਂ ਸਰਗਰਮੀਆਂ ਵਿਚ ਸ਼ਾਮਲ ਹਨ ਅਤੇ ਵਿਸ਼ਾਲ ਸਿੰਘ ਉਰਫ ਬੰਬ, ਜਿਹੜਾ ਮੂਲ ਰੂਪ ਤੋਂ ਨਕੋਦਰ ਸ਼ਹਿਰ ਦਾ ਰਹਿਣ ਵਾਲਾ ਹੈ ਅਤੇ ਹੁਣ ਭੋਗਪੁਰ ਵਿਚ ਰਹਿ ਰਿਹਾ ਹੈ, ਕਈ ਅਪਰਾਧਿਕ ਸਰਗਰਮੀਆਂ ਵਿਚ ਸ਼ਾਮਲ ਹੈ। ਐੱਸ.ਐੱਸ.ਪੀ. ਖੱਖ ਨੇ ਖੁਲਾਸਾ ਕੀਤਾ ਕਿ ਗਗਨ ਗਿੱਲ ਨੂੰ ਅਮਰੀਕਾ ਤੋਂ ਸੰਚਾਲਿਤ ਇਕ ਵਿਦੇਸ਼ੀ ਮਾਸਟਰਮਾਈਂਡ ਅਮਨਦੀਪ ਪੁਰੇਵਾਲ ਵੱਲੋਂ ਕੰਟਰੋਲ ਕੀਤਾ ਜਾ ਰਿਹਾ ਸੀ, ਜਿਹੜਾ ਪੰਜਾਬ ਵਿਚ ਜਬਰੀ ਵਸੂਲੀ ਅਤੇ ਅਪਰਾਧਿਕ ਸਰਗਰਮੀਆਂ ਨੂੰ ਨਿਰਦੇਸ਼ਿਤ ਕਰਦਾ ਸੀ। ਪੁਲਸ ਨੇ ਗਗਨ ਗਿੱਲ ਤੋਂ ਇਕ .30 ਬੋਰ ਦੀ ਪਿਸਤੌਲ ਅਤੇ 2 ਜਿ਼ੰਦਾ ਕਾਰਤੂਸ, ਸੰਦੀਪ ਸਿੰਘ ਤੋਂ ਇਕ .315 ਬੋਰ ਦੀ ਪਿਸਤੌਲ ਅਤੇ ਇਕ ਜਿ਼ੰਦਾ ਕਾਰਤੂਸ ਅਤੇ ਵਿਸ਼ਾਲ ਸਿੰਘ ਤੋਂ ਇਕ .32 ਬੋਰ ਦੀ ਪਿਸਤੌਲ ਅਤੇ 2 ਜਿ਼ੰਦਾ ਕਾਰਤੂਸ ਬਰਾਮਦ ਕੀਤੇ ਹਨ। ਪੁਲਸ ਨੇ ਅਸਲਾ ਐਕਟ ਤਹਿਤ ਲਾਂਬੜਾ ਅਤੇ ਕਰਤਾਰਪੁਰ ਥਾਣਿਆਂ ਵਿਚ ਕੇਸ ਦਰਜ ਕੀਤੇ ਹਨ। ਐੱਸ.ਐੱਸ.ਪੀ. ਖੱਖ ਨੇ ਕਿਹਾ ਕਿ ਮੁੱਢਲੀ ਜਾਂਚ ਵਿਚ ਗਗਨ ਗਿੱਲ ਅਤੇ ਉਸ ਦੇ ਵਿਦੇਸ਼ੀ ਹੈਂਡਲਰ ਵਿਚਕਾਰ ਗੂੜ੍ਹੀ ਗੰਢ-ਸੰਢ ਦਾ ਪਤਾ ਲੱਗਾ ਹੈ, ਜਿਸ ਕੋਲੋਂ ਅੰਤਰਰਾਸ਼ਟਰੀ ਜੜ੍ਹਾਂ ਵਾਲੇ ਹਥਿਆਰਾਂ ਦੀ ਸਮੱਗਲਿੰਗ ਅਤੇ ਜਬਰੀ ਵਸੂਲੀ ਦੇ ਵੱਡੇ ਨੈੱਟਵਰਕ ਦਾ ਪਤਾ ਲੱਗਾ ਹੈ। ਇਸ ਮਾਮਲੇ ਵਿਚ ਅੱਗੇ ਦੀ ਪੁੱਛਗਿੱਛ ਜਾਰੀ ਹੈ।

## ਰੇਲਵੇ ਵਿਭਾਗ ਨੇ 42 ਟਰੇਨਾਂ 'ਚ 90 ਜਨਰਲ ਕੋਚ ਜੋੜਨ ਦਾ ਕੀਤਾ ਫੈਸਲਾ

ਨੈਸਨਲ ਡੈਸਕ 19 ਅਕਤੂਬਰ। ਯਾਤਰੀ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ, ਕੇਂਦਰੀ ਰੇਲਵੇ ਨੇ 42 ਰੇਲਗੱਡੀਆਂ ਵਿੱਚ 90 ਜਨਰਲ ਦੂਜੀ ਸ੍ਰੇਣੀ ਦੇ ਕੋਚ ਜੋੜਨ ਦਾ ਫੈਸਲਾ ਕੀਤਾ ਹੈ। ਇਸ ਨਾਲ ਰੋਜਾਨਾ 9,000 ਵਾਧੂ ਯਾਤਰੀਆਂ ਨੂੰ ਯਾਤਰਾ ਕਰਨ ਦੀ ਸਹੂਲਤ ਮਿਲੇਗੀ। ਇਹ ਕਦਮ ਮਹੀਨੇ ਦੇ ਅੰਤ ਤੱਕ ਕੁੱਲ 370 ਟਰੇਨਾਂ ਵਿੱਚ 1,000 ਨਵੇਂ ਜਨਰਲ ਸੈਕਿੰਡ ਕਲਾਸ ਕੋਚ ਜੋੜਨ ਲਈ ਭਾਰਤੀ ਰੇਲਵੇ ਦੁਆਰਾ ਇੱਕ ਵੱਡੀ ਯੋਜਨਾ ਦਾ ਹਿੱਸਾ ਹੈ। ਇਸ ਕਦਮ ਨਾਲ ਹਰ ਰੋਜ ਲਗਭਗ 1 ਲੱਖ ਯਾਤਰੀਆਂ ਨੂੰ ਫਾਇਦਾ ਹੋਵੇਗਾ। ਇਹ ਵਿਸਥਾਰ ਪਿਛਲੇ ਤਿੰਨ ਮਹੀਨਿਆਂ ਵਿੱਚ 600 ਨਵੇਂ ਜਨਰਲ ਕਲਾਸ ਕੋਚਾਂ ਦੇ ਸਫਲ ਏਕੀਕਰਣ ਤੋਂ ਬਾਅਦ ਕੀਤਾ ਜਾ ਰਿਹਾ ਹੈ। ਰੇਲਵੇ ਅਧਿਕਾਰੀਆਂ ਦਾ ਮੰਨਣਾ ਹੈ ਕਿ ਇਸ ਨਾਲ ਭੀੜ ਘਟੇਗੀ ਅਤੇ ਆਮ ਵਰਗ ਦੇ ਯਾਤਰੀਆਂ ਨੂੰ ਵਧੇਰੇ ਸਹੂਲਤ ਮਿਲੇਗੀ, ਜੋ ਰੋਜਾਨਾ ਯਾਤਰੀਆਂ ਦਾ ਵੱਡਾ ਹਿੱਸਾ ਬਣਦੇ ਹਨ ਰੇਲਵੇ ਬੋਰਡ ਅਗਲੇ ਦੋ ਸਾਲਾਂ ਵਿੱਚ 10,000 ਤੋਂ ਵੱਧ ਨਵੇਂ ਕੋਚ ਜੋੜਨ ਦੀ ਯੋਜਨਾ ਬਣਾ ਰਿਹਾ ਹੈ, ਜਿਸ ਵਿੱਚ ਸਲੀਪਰ ਕਲਾਸ ਕੋਚ ਵੀ ਸਾਮਲ ਹੋਣਗੇ। ਇਹ ਨਵੇਂ ਕੋਚ ਆਧੁਨਿਕ ( ) ਡਿਜਾਈਨ ਦੇ ਹੋਣਗੇ ਜੋ ਯਾਤਰੀਆਂ ਦੀ ਸੁਰੱਖਿਆ ਅਤੇ ਆਰਾਮ ਨੂੰ ਬਿਹਤਰ ਬਣਾਉਣਗੇ। ਡਿਜਾਈਨ ਯਾਤਰੀਆਂ ਦੀ ਸੁਰੱਖਿਆ ਅਤੇ ਸਹੂਲਤ ਨੂੰ ਧਿਆਨ 'ਚ ਰੱਖ ਕੇ ਤਿਆਰ ਕੀਤਾ ਗਿਆ ਹੈ। ਇਸ ਤਹਿਤ ਡੱਬਿਆਂ ਦਾ ਢਾਂਚਾ ਮੁਸਾਫਰਾਂ ਲਈ ਮਜਬੂਤ ਅਤੇ ਆਰਾਮਦਾਇਕ ਹੋਵੇਗਾ। ਇਹ ਕਦਮ ਯਾਤਰੀਆਂ ਦੀ ਸੁਰੱਖਿਆ ਨੂੰ ਹੋਰ ਮਜਬੂਤ ਕਰਨ ਦੀ ਦਿਸਾ ਵਿੱਚ ਇੱਕ ਮਹੱਤਵਪੂਰਨ ਪਹਿਲ ਹੈ। ਨਵੇਂ ਕੋਚਾਂ ਦੇ ਜੋੜਨ ਨਾਲ ਰੇਲ ਯਾਤਰਾ ਦੀ ਕੁਸਲਤਾ ਵਿੱਚ ਵੀ ਸੁਧਾਰ ਹੋਣ ਦੀ ਉਮੀਦ ਹੈ। ਇਸ ਨਾਲ ਭੀੜ ਘਟੇਗੀ ਅਤੇ ਯਾਤਰੀਆਂ ਨੂੰ ਸੁਰੱਖਿਅਤ ਅਤੇ ਆਰਾਮਦਾਇਕ ਯਾਤਰਾ ਦਾ ਅਨੁਭਵ ਮਿਲੇਗਾ। ਰੇਲਵੇ ਅਧਿਕਾਰੀਆਂ ਨੇ ਇਹ ਵੀ ਕਿਹਾ ਕਿ ਆਮ ਸ੍ਰੇਣੀ ਦੇ ਯਾਤਰੀਆਂ, ਜੋ ਆਮ ਤੌਰ 'ਤੇ ਰੇਲ ਰਾਹੀਂ ਯਾਤਰਾ ਕਰਨ ਵਾਲੇ ਵੱਡੇ ਸਮੂਹ ਦਾ ਹਿੱਸਾ ਹੁੰਦੇ ਹਨ, ਦੀਆਂ ਸਹੂਲਤਾਂ ਨੂੰ ਪ੍ਰਮੁੱਖ ਤਰਜੀਹ ਦਿੱਤੀ ਗਈ ਹੈ।ਅੰਤ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਕੇਂਦਰੀ ਰੇਲਵੇ ਵੱਲੋਂ ਕੀਤੇ ਜਾ ਰਹੇ ਇਸ ਵਿਸਥਾਰ ਨਾਲ ਆਮ ਵਰਗ ਦੇ ਯਾਤਰੀਆਂ ਨੂੰ ਰਾਹਤ ਮਿਲੇਗੀ ਅਤੇ ਰੇਲਵੇ ਦੀਆਂ ਸੇਵਾਵਾਂ ਵਿੱਚ ਸੁਧਾਰ ਹੋਵੇਗਾ।

## ਗੈਰ-ਕਾਨੂੰਨੀ ਕਬਜੇਦਾਰਾਂ ਨੂੰ ਭੇਜੇ ਗਏ ਨੋਟਿਸ ਦੀ ਮਿਆਦ ਖਤਮ

**ਏਜੰਸੀਆਂ**

ਕਾਦੀਆਂ 19 ਅਕਤੂਬਰ। ਕਾਦੀਆਂ ਨਗਰ ਕੌਂਸਲ ਦੀ ਜਮੀਨ 'ਤੇ ਹੋਏ ਗੈਰ-ਕਾਨੂੰਨੀ ਕਬਜਿ਼ਆਂ ਦੇ ਮਾਮਲੇ 'ਚ ਕਬਜਾਧਾਰੀਆਂ ਨੂੰ ਭੇਜੇ ਗਏ ਤੀਜੇ ਤੇ ਆਖਰੀ ਨੋਟਿਸ ਦੀ ਮਿਆਦ ਖਤਮ ਹੋ ਚੁੱਕੀ ਹੈ। ਬਾਵਜੂਦ ਇਸ ਦੇ ਕਬਜਾਧਾਰੀਆਂ ਵੱਲੋਂ ਅਜੇ ਵੀ ਕਿਤੇ ਵੀ ਕਬਜਾ ਨਹੀਂ ਹਟਾਇਆ ਗਿਆ। ਇਹ ਹਾਲਾਤ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਹੁਕਮਾਂ ਦੀ ਉਲੰਘਣਾ ਨੂੰ ਦਰਸਾਉਂਦੇ ਹਨ। ਦੂਜੇ ਪਾਸੇ, ਨਗਰ ਕੌਂਸਲ ਵੱਲੋਂ ਅਜੇ ਤੱਕ ਕੋਈ ਸਖਤ ਕਾਰਵਾਈ ਨਾ ਹੋਣ ਕਾਰਨ ਸਰਕਾਰੀ ਹੁਕਮਾਂ ਦੇ ਨਿਭਾਏ ਜਾਣ 'ਤੇ ਸਵਾਲ ਉੱਠ ਰਹੇ ਹਨ। ਨਗਰ ਕੌਂਸਲ ਅਧਿਕਾਰੀਆਂ ਦਾ ਕਹਿਣਾ ਹੈ ਕਿ ਕਬਜਾ ਹਟਾਉਣ ਦੀ ਪ੍ਰਕਿਰਿਆ ਕਾਗਜੀ ਤੌਰ 'ਤੇ ਪੂਰੀ ਕਰ ਲਈ ਗਈ ਹੈ ਅਤੇ ਜਲਦ ਹੀ ਇਸ ਨੂੰ ਅਮਲ 'ਚ ਲਿਆ ਜਾਵੇਗਾ। ਹਾਲਾਂਕਿ ਜਮੀਨੀ ਪੱਧਰ 'ਤੇ ਕੋਈ ਪੱਕਾ ਕਦਮ ਨਾ ਚੁੱਕੇ ਜਾਣ ਨਾਲ ਲੋਕਾਂ ਵਿਚ ਨਾਰਾਜਗੀ ਹੈ। 2013 ਵਿੱਚ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਹੁਕਮਾਂ ਤੇ 2016 'ਚ ਪੁੱਡਾ ਵੱਲੋਂ 12 ਕਰੋੜ ਰੁਪਏ ਦੀ ਲਾਗਤ ਨਾਲ ਨਿਕਾਸੀ ਨਾਲੇ ਨੂੰ ਢੱਕਿਆ ਗਿਆ ਸੀ। ਇਸ ਯੋਜਨਾ ਦੇ ਤਹਿਤ ਕੁੱਲ 17.92 ਕਰੋੜ ਰੁਪਏ 'ਚੋਂ 5.92 ਕਰੋੜ ਰੁਪਏ ਸੜਕਾਂ, ਟਾਇਲੈਟਸ, ਟਿਊਬਵੈੱਲ ਅਤੇ ਹੋਰ ਵਿਕਾਸ ਕਾਰਜਾਂ 'ਤੇ ਖਰਚੇ ਜਾਣੇ ਸਨ। ਯੋਜਨਾ ਦੇ ਤਹਿਤ ਪਾਰਕ, ਸ਼ਾਪਿੰਗ ਕੰਪਲੇਕਸ, ਪਾਰਕਿੰਗ, ਲਾਇਬ੍ਰੇਰੀ, ਪ੍ਰੈੱਸ ਕਲੱਬ ਅਤੇ ਬੱਸ ਸਟੈਂਡ ਵਰਗੀਆਂ ਸਹੂਲਤਾਂ ਬਣਾਉਣ ਦਾ ਵੀ ਪ੍ਰਸਤਾਵ ਸੀ। ਹਾਲਾਂਕਿ, ਵਿੱਤੀ ਕਮੀ ਕਾਰਨ ਪੂਡਾ ਨੇ ਕੰਮ ਅਧੂਰਾ ਛੱਡ ਦਿੱਤਾ। ਇਸਦਾ ਫਾਇਦਾ ਚੁੱਕਦੇ ਹੋਏ ਨੇੜਲੇ ਵਸਨੀਕਾਂ ਅਤੇ ਕਾਰੋਬਾਰੀਆਂ ਨੇ ਸਰਕਾਰੀ ਜਮੀਨ 'ਤੇ ਗੈਰ



ਕਾਨੂੰਨੀ ਕਬਜਾ ਕਰ ਲਿਆ। ਪਿਛਲੇ ਹਫਤੇ ਨਗਰ ਕੌਂਸਲ ਵਲੋਂ ਕਬਜਾਧਾਰੀਆਂ ਨੂੰ 7 ਦਿਨ ਦਾ ਨੋਟਿਸ ਜਾਰੀ ਕੀਤਾ ਗਿਆ ਸੀ, ਪਰ ਹਾਲੇ ਤੱਕ ਕਿਸੇ ਨੇ ਵੀ ਕਬਜਾ ਨਹੀਂ ਛੱਡਿਆ। ਇਸ ਮਾਮਲੇ 'ਚ ਕਾਰਜਕਾਰੀ ਅਧਿਕਾਰੀ ਭੁਪਿੰਦਰ ਸਿੰਘ ਨੇ ਜਾਣਕਾਰੀ ਦਿੱਤੀ ਕਿ ਹਾਲ ਹੀ ਵਿਚ ਪੁੱਡਾ ਵਲੋਂ ਨਕਸ਼ਾ ਪ੍ਰਾਪਤ ਹੋਇਆ ਹੈ, ਜਿਸਨੂੰ ਐੱਸ.ਡੀ.ਐੱਮ ਬਟਾਲਾ ਅਤੇ ਏ.ਡੀ.ਸੀ ਗੁਰਦਾਸਪੁਰ ਕੋਲ ਭੇਜਿਆ ਗਿਆ ਹੈ। ਨਕਸ਼ੇ ਦੇ ਅਨੁਸਾਰ ਨਗਰ ਕੌਂਸਲ ਦੀ ਜਿੰਨੀ ਜਮੀਨ 'ਤੇ ਗੈਰ-ਕਾਨੂੰਨੀ ਇਮਾਰਤਾਂ ਬਣੀਆਂ ਹਨ, ਉਹਨਾਂ ਨੂੰ ਜਲਦ ਹੀ ਢਾਹ ਦਿੱਤਾ ਜਾਵੇਗਾ। ਸਥਾਨਕ ਵਸਨੀਕਾਂ ਅਤੇ ਜਾਗਰੂਕ ਸੰਸਥਾਵਾਂ ਦਾ ਕਹਿਣਾ ਹੈ ਕਿ ਪ੍ਰਸ਼ਾਸਨ ਦੀ ਕਮਜੋਰੀ ਕਾਰਨ ਕਬਜਾਧਾਰੀ ਨਿਰਭਯ ਹਨ। ਉਹ ਨਗਰ ਕੌਂਸਲ ਤੋਂ ਮੰਗ ਕਰ ਰਹੇ ਹਨ ਕਿ ਜਲਦੀ ਤੋਂ ਜਲਦੀ ਪ੍ਰਭਾਵਸ਼ਾਲੀ ਕਾਰਵਾਈ ਕੀਤੀ ਜਾਵੇ ਤਾਂ ਜੋ ਸਰਕਾਰੀ ਜਮੀਨ ਦੀ ਸਹੀ ਵਰਤੋਂ ਜਾ ਸਕੇ। ਨਗਰ ਕੌਂਸਲ ਦਾ ਕਹਿਣਾ ਹੈ ਕਿ ਹੁਣ ਨਕਸ਼ੇ ਦੇ ਆਧਾਰ 'ਤੇ ਕਾਰਵਾਈ ਕੀਤੀ ਜਾਵੇਗੀ। ਆਉਣ ਵਾਲੇ ਦਿਨਾਂ ਵਿਚ ਪੀਲਾ ਪੰਜਾ ਚਲਾ ਕੇ ਗੈਰ-ਕਾਨੂੰਨੀ ਕਬਜੇ ਹਟਾਉਣ ਦੀ ਯੋਜਨਾ ਤਿਆਰ ਕੀਤੀ ਜਾ ਰਹੀ ਹੈ।

## ਕਰਨਾਟਕ 'ਚ ਵਾਪਰਿਆ ਭਿਆਨਕ ਸੜਕ ਹਾਦਸਾ

ਬੇਲਾਰੀ 19 ਅਕਤੂਬਰ। ਆਂਧਰਾ ਪ੍ਰਦੇਸ ਦੀ ਸਰਹੱਦ ਨਾਲ ਲੱਗਦੇ ਬੇਲਾਰੀ ਜਿ਼ਲ੍ਹੇ ਵਿੱਚ ਐਤਵਾਰ ਤੜਕੇ ਇੱਕ ਕਾਰ ਦੇ ਦਰੱਖਤ ਨਾਲ ਟਕਰਾ ਜਾਣ ਕਾਰਨ ਉਸ ਵਿੱਚ ਸਵਾਰ ਤਿੰਨ ਲੋਕਾਂ ਦੀ ਮੌਤ ਹੋ ਗਈ। ਇਸ ਹਾਦਸੇ ਦੀ ਜਾਣਕਾਰੀ ਪੁਲਸ ਵਲੋਂ ਦਿੱਤੀ ਗਈ ਹੈ। ਪੁਲਸ ਨੇ ਦੱਸਿਆ ਕਿ ਇਸ ਹਾਦਸੇ ਵਿਚ ਤਿੰਨ ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਕਾਰ 'ਚ ਸਵਾਰ ਇਕ ਹੋਰ ਵਿਅਕਤੀ ਜਖਮੀ ਹੋ ਗਿਆ। ਪੁਲਸ ਨੇ ਕਿਹਾ ਕਿ ਇਹ ਹਾਦਸਾ ਉਸ ਸਮੇਂ ਵਾਪਰਿਆ, ਜਦੋਂ ਕਾਰ ਸਵਾਰ ਬੇਂਗਲੁਰੂ ਅੰਤਰਰਾਸਟਰੀ ਹਵਾਈ ਅੱਡੇ ਤੋਂ ਗੁਆਂਢੀ ਸੂਬੇ ਆਂਧਰਾ ਪ੍ਰਦੇਸ ਦੇ ਅਨੰਤਪੁਰ ਰਾਹੀਂ ਬੇਲਾਰੀ ਵਾਪਸ ਆ ਰਹੇ ਸਨ। ਪੁਲਸ ਨੇ ਦੱਸਿਆ ਕਿ ਸਵੇਰੇ 4 ਵਜੇ ਡਰਾਈਵਰ ਨੇ ਕਾਰ ਤੋਂ ਕੰਟਰੋਲ ਗੁਆ ਦਿੱਤਾ, ਜਿਸ ਕਾਰਨ ਗੱਡੀ ਅਚਾਨਕ ਦਰੱਖਤ ਨਾਲ ਟਕਰਾ ਗਈ ਅਤੇ ਇਹ ਹਾਦਸਾ ਵਾਪਰ ਗਿਆ।

## ਬਾਬਾ ਵੇਂਗਾ ਦੀ ਵੱਡੀ ਭਵਿੱਖਬਾਣੀ, 4 ਰਾਸ਼ੀਆਂ 'ਤੇ ਵਰ੍ਹੇਗਾ ਨੋਟਾਂ ਦਾ ਮੀਂਹ

ਨੈਸ਼ਨਲ ਡੈਸਕ 19 ਅਕਤੂਬਰ। ਦੁਨੀਆ ਦੇ ਸਭ ਤੋਂ ਮਸਹੂਰ ਅਤੇ ਰਹੱਸਮਈ ਭਵਿੱਖਬਾਣੀਆਂ ਕਰਨ ਵਾਲੇ ਬਾਬਾ ਵੇਂਗਾ ਨੇ ਸਾਲ 2025 ਲਈ ਹੈਰਾਨ ਕਰਨ ਵਾਲੀਆਂ ਭਵਿੱਖਬਾਣੀਆਂ ਕੀਤੀਆਂ ਹਨ। ਬਾਬਾ ਵੇਂਗਾ ਨੇ ਦਾਅਵਾ ਕੀਤਾ ਹੈ ਕਿ ਅਗਲੇ ਵਰ੍ਹੇ ਭਾਵ ਸਾਲ 2025 ਦੌਰਾਨ 4 ਰਾਸ਼ੀ ਵਾਲੇ ਲੋਕਾਂ ਦੀ ਕਿਸਮਤ ਖੁੱਲ੍ਹਣ ਜਾ ਰਹੀ ਹੈ। ਇਨ੍ਹਾਂ ਰਾਸ਼ੀ ਵਾਲਿਆਂ 'ਤੇ ਨੋਟਾਂ ਦਾ ਮੀਂਹ ਵਰ੍ਹਣ ਵਾਲਾ ਹੈ। ਚੰਗੇ ਦਿਨ ਆਉਣ ਵਾਲੇ ਹਨ। ਬਾਬਾ ਵੇਂਗਾ ਨੇ ਜਿਨ੍ਹਾਂ 4 ਰਾਸ਼ੀ ਵਾਲੇ ਲੋਕਾਂ ਦੀ ਗੱਲ ਆਪਣੀ ਭਵਿੱਖਬਾਣੀ ਵਿੱਚ ਕੀਤੀ ਹੈ, ਉਸ ਬਾਰੇ ਤਹਾਨੂੰ ਵੀ ਜਾਣਕਾਰੀ ਦੇ ਦਿੰਦੇ ਹਾਂ। ਭਵਿੱਖਬਾਣੀਆਂ ਦੀ ਗੱਲ ਕਰਦੇ ਹੋਏ ਦੱਸ ਦਈਏ ਕਿ ਬਾਬਾ ਵੇਂਗਾ ਦੀ ਭਵਿੱਖਬਾਣੀ ਹੈ, ਕਿ ਕਈ ਰਾਸੀਆਂ ਦੇ ਲੋਕਾਂ ਨੂੰ ਅਚਾਨਕ ਵਿੱਤੀ ਲਾਭ ਹੋਵੇਗਾ, ਤਾਂ ਆਓ ਇਸ ਦੇ ਨਾਲ ਹੀ ਤਹਾਨੂੰ ਦੱਸਦੇ ਹਾਂ ਉਨ੍ਹਾਂ 4 ਰਾਸ਼ੀਆਂ ਤੇ ਇਨ੍ਹਾਂ ਰਾਸ਼ੀਆਂ ਦੇ ਭਵਿੱਖ ਬਾਰੇ, ਜੋ ਬਾਬਾ ਵੇਂਗਾ ਦੀ ਭਵਿੱਖਬਾਣੀ ਦੱਸੀ ਜਾ ਰਹੀ ਹੈ। ਮੇਸ਼ ਰਾਸੀ ਵਾਲਿਆਂ ਲਈ ਸਾਲ 2025 ਕਈ ਤਰ੍ਹਾਂ ਨਾਲ ਖਾਸ ਹੋਣ ਵਾਲਾ ਹੈ। ਧਨ ਦੇ ਮਾਮਲੇ ਵਿੱਚ ਤਾਂ ਇਹ ਰਾਸ਼ੀ ਦੇ ਲੋਕ ਕਾਫੀ ਜਿ਼ਆਦਾ ਖੁਸ਼ਕਿਸਮਤ ਰਹਿਣ ਵਾਲੇ ਹਨ। ਭਵਿੱਖਬਾਣੀ ਦੇ ਅਨੁਸਾਰ, ਸਾਲ 2025 ਵਿਚ ਮੇਸ ਰਾਸੀ ਦੇ ਲੋਕਾਂ ਦੀ ਵਿੱਤੀ ਸਥਿਤੀ ਮਜਬੂਤ ਹੋਵੇਗੀ। ਬਾਬਾ ਵੇਂਗਾ ਦੇ ਵਲੋਂ ਕੀਤੀਆਂ ਗਈਆਂ ਭਵਿੱਖਬਾਣੀਆ ਮੁਤਾਬਕ ਸਾਲ 2025 ਬ੍ਰਿਸ਼ਭ ਰਾਸ਼ੀ ਦੇ ਲੋਕਾਂ ਲਈ ਸਭ ਤੋਂ ਵਧੀਆ ਸਾਬਤ ਹੋਵੇਗਾ। ਇਸ ਸਾਲ ਇਸ ਰਾਸ਼ੀ ਦੇ ਲੋਕਾਂ ਨੂੰ ਜਿਥੇ ਆਪਣੀ ਮਿਹਨਤ ਦਾ ਪੂਰਾ ਫਲ ਮਿਲੇਗਾ, ਉਥੇ ਹੀ ਲੰਬੇ ਸਮੇਂ ਤੋਂ ਅਟਕੇ ਪਏ ਕੰਮ ਵੀ ਬਣ ਜਾਣਗੇ। ਬੱਸ ਇਨ੍ਹਾਂ ਕੰਮਾਂ ਨੂੰ ਪੂਰੀ ਇਮਾਨਦਾਰੀ ਅਤੇ ਮਿਹਨਤ ਨਾਲ ਕਰਨ ਦੀ ਲੋੜ ਹੋਵੇਗੀ। ਮਿਥੁਨ ਰਾਸ਼ੀ ਵਾਲਿਆਂ ਨੂੰ ਸਾਲ 2025 ਵਿੱਚ ਕੋਈ ਵੱਡਾ ਲਾਭ ਮਿਲ ਸਕਦਾ ਹੈ, ਜੋ ਜ਼ਿੰਦਗੀ ਨੂੰ ਖੁਸ਼ੀਆਂ ਨਾਲ ਭਰ ਦੇਵੇਗਾ। ਸਾਲ 2025 ਸਭ ਤੋਂ ਵੱਧ ਲਾਭਕਾਰੀ ਸਾਬਤ ਹੋਵੇਗਾ। ਇਸ ਰਾਸ਼ੀ ਦੇ ਲੋਕ ਜੋ ਚੀਜ ਪ੍ਰਾਪਤ ਕਰਨ ਲਈ ਲੰਬੇ ਸਮੇਂ ਤੋਂ ਸੋਚ ਰਹੇ ਹਨ, ਤਾਂ ਹੁਣ ਉਹ ਸਮਾਂ ਆ ਗਿਆ ਹੈ, ਜਦ ਤੁਸੀਂ ਸਭ ਕੁਝ ਆਸਾਨੀ ਨਾਲ ਪ੍ਰਾਪਤ ਕਰ ਲਵੋਗੇ। ਕਰਕ ਰਾਸ਼ੀ ਲਈ ਬਾਬਾ ਵੇਂਗਾ ਨੇ ਜੋ ਭਵਿੱਖਬਾਣੀ ਕੀਤੀ ਹੈ, ਉਸ ਮੁਤਾਬਕ ਸਾਲ 2025 ਵਿੱਚ ਹਰ ਤਰ੍ਹਾਂ ਦੀਆਂ ਸਮੱਸਿਆਵਾਂ ਤੋਂ ਮੁਕਤੀ ਮਿਲ ਜਾਵੇਗੀ। ਤੁਹਾਡੀ ਜਿ਼ੰਦਗੀ ਵਿੱਚ ਨਵੀਆਂ ਖੁਸ਼ੀਆਂ ਆਉਣ ਵਾਲੀਆਂ ਹਨ। ਇਨ੍ਹਾਂ ਰਾਸ਼ੀ ਵਾਲੇ ਲੋਕਾਂ ਨੂੰ ਪੈਸੇ ਦੇ ਮਾਮਲੇ ਵਿੱਚ ਸਭ ਤੋਂ ਵੱਧ ਲਾਭ ਮਿਲੇਗਾ। ਇਨ੍ਹਾਂ ਲੋਕਾਂ ਉੱਤੇ ਪੈਸਿਆਂ ਦੀ ਬਰਸਾਤ ਹੋ ਸਕਦੀ ਹੈ, ਜੋ ਇਨ੍ਹਾਂ ਰਾਸ਼ੀ ਵਾਲਿਆਂ ਨੂੰ ਕਰੋੜਪਤੀ ਬਣਾ ਦੇਵੇਗੀ।

# ਪੰਜਾਬ ਦੇ ਸਰਕਾਰੀ ਮੁਲਾਜਮ ਨਾਲ ਵੱਡਾ ਕਾਰਾ ਕਰ ਗਈ ਔਰਤ

**ਏਜੰਸੀਆਂ**

ਲੁਧਿਆਣਾ 19 ਅਕਤੂਬਰ। ਪਾਵਰਕਾਮ 'ਚ ਤਾਇਨਾਤ ਇਕ ਲਾਈਨਮੈਨ ਨੂੰ ਬਲੈਕਮੇਲ ਕਰ ਕੇ ਲੱਖਾਂ ਰੁਪਏ ਦੀ ਠੱਗੀ ਮਾਰਨ ਦੇ ਦੋਸ 'ਚ ਥਾਣਾ ਡਿਵੀਜਨ ਨੰ. 7 ਲੁਧਿਆਣਾ ਦੀ ਪੁਲਸ ਨੇ ਇਕ ਔਰਤ ਸਮੇਤ 4 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਪੁੱਛਗਿੱਛ ਦੌਰਾਨ ਇਕ ਹੋਰ ਵੱਡਾ ਖੁਲਾਸਾ ਹੋਇਆ ਕਿ ਮੁਲਜਮਾਂ ਨੇ ਟਾਟਾ ਸਟੀਲ ਕੰਪਨੀ ਦੇ ਜਾਅਲੀ ਲੈਟਰਪੈਡ ਅਤੇ ਸਟੈਂਪ ਤਿਆਰ ਕਰ ਕੇ ਦੇਹਰਾਦੂਨ 'ਚ ਕੰਪਨੀ ਦੀ ਕਰੋੜਾਂ ਰੁਪਏ ਦੀ ਜਮੀਨ ਵੇਚ ਕੇ ਕਰੋੜਾਂ ਰੁਪਏ ਦੀ ਠੱਗੀ ਮਾਰੀ ਹੈ। ਪੁਲਸ ਨੇ ਫੜੇ ਗਏ ਮੁਲਜਮਾਂ ਦੀ ਪਛਾਣ ਮੁੱਖ ਮੁਲਜਮ ਸਤਿੰਦਰ ਸਿੰਘ ਉਰਫ ਸੋਨੂ ਉਰਫ ਨਕਲੀ ਸੁਖਦੇਵ ਸਿੰਘ ਨੇਗੀ, ਰਾਮ ਸਿੰਘ ਥਾਪਾ, ਮਿਸੇਲ ਥਾਪਾ ਅਤੇ ਦਿਲੇਰ ਸਿੰਘ ਵਜੋਂ ਹੋਈ ਹੈ। ਪੁਲਸ ਨੇ ਮੁਲਜਮਾਂ ਨੂੰ ਅਦਾਲਤ 'ਚ ਪੇਸ ਕਰ ਕੇ ਜੁਡੀਸੀਅਲ ਰਿਮਾਂਡ 'ਤੇ ਲਿਆ ਹੈ। ਪੁਲਸ ਨੇ ਮੁੱਖ ਮੁਲਜਮ ਸਤਿੰਦਰ ਸਿੰਘ ਦੇ ਨਿੱਜੀ ਬੈਂਕ ਖਾਤੇ 'ਚ ਪਈ 18 ਲੱਖ 70 ਹਜਾਰ ਰੁਪਏ ਦੀ ਰਾਸੀ ਬਰਾਮਦ ਕਰ ਲਈ ਹੈ, ਜਦੋਂਕਿ ਪੁਲਸ ਨੇ ਮੁਲਜਮਾਂ ਕੋਲੋਂ ਕਰੀਬ 20 ਲੱਖ ਰੁਪਏ ਦੇ ਸੋਨੇ ਦੇ ਗਹਿਣੇ, ਆਈਫੋਨ, 1 ਲਗਜਰੀ ਕਾਰ ਅਤੇ ਹੋਰ ਸਾਮਾਨ ਵੀ ਬਰਾਮਦ ਕੀਤਾ ਹੈ। ਏ. ਸੀ. ਪੀ. ਸੁਮਿਤ ਸੂਦ ਨੇ ਦੱਸਿਆ ਕਿ ਥਾਣਾ ਡਵੀਜਨ ਨੰ. 7 ਦੀ ਪੁਲਸ ਨੇ ਬਲੈਕਮੇਲ ਕਰ ਕੇ ਜਾਅਲੀ ਦਸਤਾਵੇਜ ਤਿਆਰ ਕਰ ਕੇ ਕਰੀਬ 65 ਲੱਖ ਰੁਪਏ ਦੀ ਠੱਗੀ ਮਾਰਨ ਦੇ ਦੋਸ ਹੇਠ ਕੇਸ ਦਰਜ ਕਰ ਕੇ ਕਰਵਾਈ ਸ਼ੁਰੂ ਕਰ ਦਿੱਤੀ ਹੈ। ਸਿ਼ਕਾਇਤਕਰਤਾ ਨੇ ਪੁਲਸ ਨੂੰ ਦਿੱਤੀ ਸਿ਼ਕਾਇਤ 'ਚ ਦੱਸਿਆ ਸੀ ਕਿ ਉਸ ਦਾ ਪਿਤਾ ਪਾਵਰਕਾਮ 'ਚ ਬਤੌਰ ਲਾਈਨਮੈਨ ਹੈ। ਉਕਤ ਮੁਲਜਮਾਂ ਨੇ ਸਾਜਿ਼ਸ ਰਚ ਕੇ ਉਸ ਦੇ ਪਿਤਾ ਦੀ ਵੀਡੀਓ ਬਣਾ ਕੇ ਉਸ ਨੂੰ ਬਲੈਕਮੇਲ ਕਰਨਾ ਸੂਰੂ ਕਰ ਦਿੱਤਾ ਅਤੇ ਕਰੀਬ 7 ਸਾਲਾਂ ਤੋਂ ਉਸ ਦੇ ਪਿਤਾ ਨੂੰ ਬਲੈਕਮੇਲ ਕਰਦੇ ਹੋਏ ਲੱਖਾਂ ਰੁਪਏ ਹੜੱਪ ਲਏ। ਮੁਲਜਮਾਂ ਨੇ ਉਸ ਦੇ ਪਿਤਾ ਨੂੰ ਬਲੈਕਮੇਲ ਕਰ ਕੇ ਉਸ ਦੇ ਘਰ ਦੀ ਰਜਿਸਟਰੀ, 7 ਖਾਲੀ ਚੈੱਕ, ਦਸਤਖਤ ਕੀਤੇ ਚੈੱਕ ਅਤੇ



ਹੋਰ ਸਾਮਾਨ ਲੈ ਲਿਆ, ਜਿਸ 'ਤੇ ਉਸ ਨੇ ਪੁਲਸ ਨੂੰ ਸਿ਼ਕਾਇਤ ਕੀਤੀ। ਜਾਂਚ ਦੌਰਾਨ ਪੁਲਸ ਨੇ ਮੁਲਜਮਾਂ ਨੂੰ ਵੱਖ-ਵੱਖ ਥਾਵਾਂ ਤੋਂ ਗ੍ਰਿਫਤਾਰ ਕੀਤਾ ਹੈ। ਜੋ ਜਾਂਚ ਦੌਰਾਨ ਮੁਲਜਮਾਂ ਕੋਲੋਂ ਸਾਹਮਣੇ ਆਇਆ। ਪੁੱਛਗਿੱਛ ਦੌਰਾਨ ਮੁਲਜਮ ਸਤਿੰਦਰ ਸਿੰਘ ਨੇ ਦੱਸਿਆ ਕਿ ਉਸ ਨੇ ਆਪਣੇ ਭਰਾ ਪਰਮਿੰਦਰ ਸਿੰਘ ਨਾਲ ਮਿਲ ਕੇ ਉਕਤ ਸਿ਼ਕਾਇਤਕਰਤਾ ਦੇ ਪਿਤਾ ਨੂੰ ਬਲੈਕਮੇਲ ਕਰ ਕੇ ਪੈਸੇ ਹੜੱਪ ਲਏ ਸਨ। ਪੁੱਛਗਿੱਛ ਦੌਰਾਨ ਮੁਲਜਮਾਂ ਨੇ ਖੁਲਾਸਾ ਕੀਤਾ ਕਿ ਇਕ ਸਾਜਿ਼ਸ ਤਹਿਤ ਉਨ੍ਹਾਂ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਘੰਟਾਘਰ, ਦੇਹਰਾਦੂਨ ਨੇੜੇ ਸਥਿਤ ਵੀ. ਪੀ. ਟੀ. ਟ੍ਰੇਡਰ ਦੇ ਆਸੂਤੋਸ ਗੁਪਤਾ ਤੋਂ ਟਾਟਾ ਸਟੀਲ ਕੰਪਨੀ ਦੇ ਨਾਂ 'ਤੇ ਤਿਆਰ ਕੀਤੇ ਜਾਅਲੀ ਲੈਟਰ ਪੈਡ ਅਤੇ ਟਾਟਾ ਸਟੀਲ ਕੰਪਨੀ ਦੇ ਨਕਲੀ ਸਿੱਕੇ ਪ੍ਰਾਪਤ ਕੀਤੇ। ਉਤਰਾਖੰਡ 'ਚ ਕਰੋੜਾਂ ਰੁਪਏ ਦੀ 285 ਵਿੱਘੇ ਜਮੀਨ ਸਸਤੇ ਭਾਅ ਦਿਵਾਉਣ ਦੇ ਤਿਆਰ ਕਰ ਕੇ ਦੇਹਰਾਦੂਨ 'ਚ ਕੰਪਨੀ ਦੀ ਕਰੋੜਾਂ ਰੁਪਏ ਦੀ ਜਮੀਨ ਵੇਚ ਕੇ ਕਰੋੜਾਂ ਰੁਪਏ ਦੀ ਠੱਗੀ ਮਾਰੀ ਹੈ। ਪੁਲਸ ਨੇ ਫੜੇ ਗਏ ਮੁਲਜਮਾਂ ਦੀ ਪਛਾਣ ਮੁੱਖ ਮੁਲਜਮ ਸਤਿੰਦਰ ਸਿੰਘ ਉਰਫ ਸੋਨੂ ਉਰਫ ਨਕਲੀ ਸੁਖਦੇਵ ਸਿੰਘ ਨੇਗੀ, ਰਾਮ ਸਿੰਘ ਥਾਪਾ, ਮਿਸੇਲ ਥਾਪਾ ਅਤੇ ਦਿਲੇਰ ਸਿੰਘ ਬਹਾਨੇ ਲੋਕਾਂ ਨਾਲ ਠੱਗੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਸ ਨੇ ਮੁਲਜਮਾਂ ਕੋਲੋਂ ਬਲੈਕਮੇਲ ਕਰ ਕੇ ਹਾਸਲ ਕੀਤੀ ਰਕਮ 'ਚੋਂ 20 ਲੱਖ ਰੁਪਏ ਦੇ ਸੋਨੇ ਦੇ ਗਹਿਣੇ, ਕੜੇ, ਮੁੰਦਰੀਆਂ, ਚੂੜੀਆਂ, ਕੰਗਣ, ਟੌਪਸ, ਚੇਨ ਅਤੇ ਹੋਰ ਸਾਮਾਨ ਸਮੇਤ ਸੋਨੇ ਦੇ ਗਹਿਣੇ ਬਰਾਮਦ ਕੀਤੇ ਹਨ। ਇਸ ਤੋਂ ਇਲਾਵਾ ਮੁਲਜਮਾਂ ਕੋਲੋਂ 52 ਗ੍ਰਾਮ ਚਾਂਦੀ, ਜਿਸ 'ਚ ਬਰੇਸਲੇਟ, ਮੰਗਲ ਸੂਤਰ, ਚੇਨ, ਮੁੰਦਰੀ ਅਤੇ ਹੋਰ ਸਾਮਾਨ ਸਾਮਲ ਹੈ। ਜਾਂਚ ਅਧਿਕਾਰੀ ਨੇ ਦੱਸਿਆ ਕਿ ਮੁਲਜਮਾਂ ਨੂੰ ਰਿਮਾਂਡ 'ਤੇ ਲੈ ਕੇ ਪੁੱਛਗਿੱਛ ਕੀਤੀ ਜਾ ਰਹੀ ਹੈ। ਇਸ ਮਾਮਲੇ 'ਚ ਹੋਰ ਮੁਲਜਮਾਂ ਦੀ ਵੀ ਭਾਲ ਕੀਤੀ ਜਾ ਰਹੀ ਹੈ।